ਪਿਆਰੇ ਜੀਓ

(ਭਾਈ ਵੀਰ ਸਿੰਘ ਜੀ ਦੀਆਂ ਚੋਣਵੀਆਂ ਚਿੱਠੀਆਂ)



ਸੰਪਾਦਕ

ਵਿਸ਼ਵਾਨਾਥ ਤਿਵਾੜੀ

ਪਿਆਰੇ ਜੀਓ

ਪਿਆਰੇ ਜੀਓ

(ਭਾਈ ਵੀਰ ਸਿੰਘ ਜੀ ਦੀਆਂ ਚੋਣਵੀਆਂ ਚਿੱਠੀਆਂ)

ਸੰਪਾਦਕ

ਵਿਸ਼ਵਾਨਾਥ ਤਿਵਾੜੀ

ਪਬਲੀਕੇਸ਼ਨ ਬਿਊਰੋ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਪ੍ਰਕਾਸ਼ਕ
ਸੁਭਾਸ਼ ਚੰਦਰ
ਮਨੇਜਰ, ਪਬਲੀਕੇਸ਼ਨ ਬਿਓਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਪੰਜਵੀਂ ਵਾਰ : 2006

ISBN 81-85322-09-0

ਮੁੱਲ : 100 ਰੁਪਏ

ਛਾਪਕ
ਜਤਿੰਦਰ ਮੌਦਗਿਲ
ਮਨੇਜਰ, ਪੰਜਾਬ ਯੂਨੀਵਰਸਿਟੀ ਪ੍ਰੈਸ, ਚੰਡੀਗੜ੍ਹ

FOREWORD

Bhai Vir Singh hardly needs an introduction. He is rightly regarded as the father of modern Panjabi Literature. He not only enriched Panjabi Literature through his own writings, but also gave new direction to it.

The Panjab Government established a Chair at Panjab University in honour of Bhai Vir Singh, as a part of the celebrations held in connection with the birth centenary of this great Panjabi Savant and writer.

Dr. V. N. Tewari, Professor and Head, Department of Bhai Vir Singh Studies in Modern Literature after the Publication of *Sandarbh Kosh* (Biblography of Bhai Vir Singh)rightly felt that the unpublished works of .the great writer be brought to light. I am glad that Bhai Vir Singh Sahitya Sadan and Bhai Vir Singh Chair are co-ordinating their activities for the popularisation of Bhai Vir Singh. I am happy that the letters of Bhai Sahib are being published by the Punjab University under the litle of 'Pyare-jeo'. This collection of the letters will not only depict the intimate writings of Bhai Vir Singh, but may also prove to be useful to research scholars.

Shri Bal Krishan, Secretary, Publication Bureau, Punjab University deserves to be complimented for bringing out this volume in such a short time.

Punjab University
Chandigarh
November 22, 1976

RAM CHAND PAUL
Vice-Chancellor

ਮੁਖ-ਸ਼ਬਦ

ਭਾਈ ਵੀਰ ਸਿੰਘ ਸਾਹਿਤ ਸਦਨ ਅਤੇ ਭਾਈ ਵੀਰ ਸਿੰਘ ਚੇਅਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਮੰਤਵ, ਭਾਈ ਸਾਹਿਬ ਦੀ ਪ੍ਰਤਿਭਾ, ਹੁਨਰ ਅਤੇ ਪ੍ਰਭਾਵ ਨੂੰ ਲੋਕਾਂ ਤੀਕ ਲੈ ਜਾਣਾ ਹੈ । ਭਾਈ ਸਾਹਿਬ ਨੇ ਪੰਜਾਬੀ ਨੂੰ ਜੀਵਨ ਬਖਸ਼ਿਆ ਹੈ ਅਤੇ ਪੰਜਾਬੀਆਂ ਦਾ ਧਰਮ ਹੈ ਕਿ ਉਹ ਭਾਈ ਸਾਹਿਬ ਦੀ ਵਡਮੁੱਲੀ ਦੇਣ ਤੋਂ ਲਾਭ ਉਠਾਉਣ ਅਤੇ ਉਨ੍ਹਾਂ ਦੇ ਸੁਨੇਹੇ ਨੂੰ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੀਕ ਲੈ ਕੇ ਜਾਣ ।

ਭਾਈ ਸਾਹਿਬ ਦੀਆਂ ਕਵਿਤਾਵਾਂ ਦਾ ਪਾਠਕਾਂ ਨੇ ਆਨੰਦ ਮਾਣਿਆ ਹੈ, ਉਨ੍ਹਾਂ ਦੀ ਵਾਰਤਕ ਨੇ ਕੌਮ ਨੂੰ ਬਲ ਬਖਸ਼ਿਆ ਹੈ । ਮੈਨੂੰ ਬਹੁਤ ਹੀ ਖੁਸ਼ੀ ਹੈ ਕਿ ਭਾਈ ਵੀਰ ਸਿੰਘ ਚੇਅਰ ਦੇ ਮੁਖੀ ਅਤੇ ਪੰਜਾਬੀ ਦੇ ਮਹਾਨ ਵਿਦਵਾਨ ਡਾ:ਵਿਸ਼ਵਾਨਾਥ ਤਿਵਾੜੀ ਨੇ, ਸਦਨ ਵਲੋਂ ਇਕੱਠੀਆਂ ਕੀਤੀਆਂ ਚਿੱਠੀਆਂ ਦਾ ਅਧਿਅਨ ਕਰ ਕੇ ਉਨ੍ਹਾਂ ਨੂੰ ਯੋਗ ਤਰਤੀਬ ਦਿੱਤੀ ਹੈ । ਸਦਨ ਪੰਜਾਬ ਯੂਨੀਵਰਸਿਟੀ ਦਾ ਧੰਨਵਾਦੀ ਹੈ ਜਿਸ ਨੇ ਬਹੁਤ ਥੋੜ੍ਹੇ ਸਮੇਂ ਵਿਚ ਇਨ੍ਹਾਂ ਨੂੰ ਪਾਠਕਾਂ ਤੀਕ ਪੁਚਾਇਆ ਹੈ ।

ਵਿਸ਼ਵਾਸ ਹੈ ਕਿ ਪਾਠਕ ਅਤੇ ਵਿਦਵਾਨ ਇਨ੍ਹਾਂ ਚਿੱਠੀਆਂ ਤੋਂ ਭਾਈ ਸਾਹਿਬ ਬਾਰੇ ਵਧੇਰੇ ਜਾਣਕਾਰੀ ਪਰਾਪਤ ਕਰਨਗੇ ।

ਨਵੀਂ ਦਿੱਲੀ
ਨਵੰਬਰ 15, 1976

ਉੱਜਲ ਸਿੰਘ
ਸਾਬਕਾ ਰਾਜਪਾਲ

ਹਾਰਦਿਕ ਧੰਨਵਾਦ

ਸਰਦਾਰ ਹਰਬੰਸ ਸਿੰਘ, ਜਨਰਲ ਸਕੱਤਰ ਭਾਈ ਵੀਰ ਸਿੰਘ ਸਾਹਿਤ ਸਦਨ ਦਾ,ਜਿਨ੍ਹਾਂ ਚਿੱਠੀਆਂ ਨੂੰ ਪਰਾਪਤ ਕਰਨ ਵਿਚ ਸਹਾਇਤਾ ਕੀਤੀ। ਭਾਈ ਸਾਹਿਬ ਨਾਲ ਉਨ੍ਹਾਂ ਦਾ ਵਿਸ਼ੇਸ਼ ਸੰਬੰਧ ਹੈ। ਭਾਈ ਸਾਹਿਬ ਬਾਰੇ ਪਹਿਲੀ ਪੁਸਤਕ 'ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਰਚਨਾ' ਲਿਖਣ ਦਾ ਮਾਣ ਵੀ ਉਨ੍ਹਾਂ ਨੂੰ ਪਰਾਪਤ ਹੈ। ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ ਦਾ ਸੰਪਾਦਨ ਵੀ ਇਨ੍ਹਾਂ ਹੀ ਕੀਤਾ। ਭਾਈ ਸਾਹਿਬ ਲਈ ਕੁਝ ਕਰਨ ਦਾ ਚਾਅ ਅਤੇ ਭਾਈ ਸਾਹਿਬ ਜੀ ਦੇ ਸੁਨੇਹੇ ਨੂੰ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੀਕ ਪੁਚਾਉਣ ਦਾ ਉਨ੍ਹਾਂ ਨੂੰ ਸ਼ੌਕ ਹੈ। ਮੇਰੇ ਲਈ ਉਤਸ਼ਾਹ ਦੇ ਸੋਮੇ ਹਨ। ਮੇਰੇ ਕੋਲ ਧੰਨਵਾਦ ਲਈ ਸ਼ਬਦ ਨਹੀਂ।

ਪਰੇਰਨਾ ਦੇ ਪੁੰਜ, ਡਾ: ਰਾਮਚੰਦ ਪਾਲ ਜੀ, ਵਾਈਸ ਚਾਂਸਲਰ, ਪੰਜਾਬ ਯੂਨੀਵਰਸਿਟੀ ਦਾ, ਜਿਨ੍ਹਾਂ ਦੀ ਹੱਲਾ-ਸ਼ੇਰੀ ਤੇ ਸਹਾਇਤਾ ਤੋਂ ਬਿਨਾਂ ਪੁਸਤਕ ਪਾਠਕਾਂ ਤੀਕ ਨਹੀਂ ਸੀ ਪਹੁੰਚ ਸਕਣੀ,। ਨਿੱਘੇ ਅਤੇ ਸਾਹਿਤਕ ਬਜ਼ੁਰਗ ਸਰਦਾਰ ਉੱਜਲ ਸਿੰਘ ਜੀ ਦਾ, ਜਿਹੜੇ ਨਵੇਂ ਸੁਝਾ ਦੇਂਦੇ ਹਨ ਅਤੇ ਉਨ੍ਹਾਂ ਨੂੰ ਅਮਲੀ ਸ਼ਕਲ ਵੀ। ਸਰਦਾਰ ਹਰਦਿਤ ਸਿੰਘ ਮਲਿਕ ਦਾ,ਜਿਨ੍ਹਾਂ ਦਾ ਪਿਆਰ ਮੇਰੇ ਲਈ ਮਾਣ ਦੀ ਗੱਲ ਹੈ। ਪੰਜਾਬ ਐਂਡ ਸਿੰਧ ਬੈਂਕ ਦੇ ਚੇਅਰਮੈਨ, ਸਰਦਾਰ ਇੰਦਰਜੀਤ ਸਿੰਘ ਜੀ ਦਾ, ਜਿਨ੍ਹਾਂ ਨਵੇਂ ਉੱਦਮ ਲਈ ਮੇਰੀ ਹੌਸਲਾ ਅਫ਼ਜ਼ਾਈ ਕੀਤੀ ਹੈ।

ਗਿਆਨੀ ਮਹਾਂ ਸਿੰਘ, ਡਾ: ਦਰਸ਼ਨ ਸਿੰਘ ਦਾ ਜਿਨ੍ਹਾਂ ਚਿੱਠੀਆਂ ਦੀ ਤਰਤੀਬ ਵਿਚ ਸਹਾਇਤਾ ਦਿਤੀ। ਡਾ: ਹਰਦੇਵ ਸਿੰਘ ਸੱਚਰ ਦਾ, ਜਿਸ ਦਾ ਉੱਦਮ ਅਤੇ ਸੁਝਾ ਪੁਸਤਕ ਲਈ ਬੜੇ ਹੀ ਲਾਭਦਾਇਕ ਹਨ।

ਸ੍ਰੀ ਬਾਲ ਕ੍ਰਿਸ਼ਨ, ਸਕੱਤਰ ਪਬਲੀਕੇਸ਼ਨ ਬਿਓਰੋ ਦਾ, ਜਿਨ੍ਹਾਂ ਦੀ ਨਿੱਜੀ ਵਿਸ਼ੇਸ਼ ਦਿਲਚਸਪੀ ਅਤੇ ਅਟੁੱਟ ਮਿਹਨਤ ਤੋਂ ਬਿਨਾਂ ਦਸ ਦਿਨਾਂ ਵਿਚ ਪੁਸਤਕ ਦਾ ਮੂੰਹ-ਮੱਥਾ ਨਹੀਂ ਸੀ ਨਿਕਲਣਾ। ਕਲਾਕਾਰ ਮਹਿੰਦਰ ਦਾ ਜਿਸ ਨੇ ਭਾਈ ਸਾਹਿਬ ਦੇ ਨਿੱਜੀ ਪੈਨ ਨੂੰ ਟਾਈਟਲ ਦਾ ਆਧਾਰ ਬਣਾਇਆ।

ਸ੍ਰੀ ਰਾਮ ਕਪੂਰ, ਨਵਦੀਪ ਪ੍ਰਿੰਟਰਜ਼ ਗਾਜ਼ੀਆਬਾਦ ਦਾ,ਜਿਨ੍ਹਾਂ ਉਚੇਚ ਨਾਲ ਬਹੁਤ ਹੀ ਥੋੜ੍ਹੇ ਸਮੇਂ ਵਿਚ ਪੁਸਤਕ ਨੂੰ ਪਿਆਰ ਤੇ ਦਿਲਚਸਪੀ ਨਾਲ ਛਾਪਿਆ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ — **ਵਿਸ਼ਵਾਨਾਥ ਤਿਵਾੜੀ**

ਨਵੰਬਰ 25, 1976

ਭੂਮਿਕਾ

ਪੰਜਾਬ ਦੇ ਛੇਵੇਂ ਦਰਿਆ, ਭਾਈ ਵੀਰ ਸਿੰਘ ਦੇ ਪੰਜਾਬੀ ਸਾਹਿਤ ਕਵਿਤਾ, ਨਾਵਲ, ਨਾਟਕ, ਪਤਰਕਾਰੀ, ਟੀਕਾਕਾਰੀ ਤੋਂ ਪੰਜਾਬੀ ਵਿਦਵਾਨ ਤੇ ਪਾਠਕ ਚੰਗੀ ਤਰ੍ਹਾਂ ਵਾਕਫ ਹਨ। ਉਹ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾ ਹਨ, ਪੰਜਾਬੀ ਕਵਿਤਾ ਨੂੰ ਨਵੀਂ ਦਿਸ਼ਾ ਦਿਤੀ, ਪੰਜਾਬੀ ਨਾਵਲ ਤੇ ਨਾਟਕ ਨੂੰ ਜਨਮ ਦਿਤਾ, ਪਤਰਕਾਰੀ ਤੇ ਟੀਕਾਕਾਰੀ ਵਿਚ ਯੋਗ ਹਿੱਸਾ ਪਾਇਆ। ਪੰਜਾਬੀ ਪਾਠਕਾਂ ਲਈ ਬੜੇ ਹੀ ਮਾਣ ਦੀ ਗੱਲ ਹੈ ਕਿ ਪੁਸਤਕ 'ਪਿਆਰੇ ਜੀਓ' ਰਾਹੀਂ ਉਨ੍ਹਾਂ ਦੇ ਇਕ ਹੋਰ ਸਾਹਿਤ ਰੂਪ 'ਚਿੱਠੀਆਂ' ਦਾ ਪੰਜਾਬੀ ਜਗਤ ਨੂੰ ਗਿਆਨ ਹੋ ਰਿਹਾ ਹੈ। ਚਿੱਠੀਆਂ ਦੀ ਗਿਣਤੀ ਕਈ ਸੈਂਕੜਿਆਂ ਵਿਚ ਸੀ। ਪੰਜਾਬੀ ਪਾਠਕਾਂ ਨੂੰ ੮੪ ਚਿੱਠੀਆਂ ਚੁਣ ਕੇ ਭੇਟ ਕਰ ਰਹੇ ਹਾਂ, ਸ਼ਾਇਦ ਅਚੇਤ ਤੇ ਨਿਮਨਚੇਤ ਮਨ ਵਿਚ ਉਨ੍ਹਾਂ ਦੇ ੮੪ ਵਰ੍ਹਿਆਂ (1872-1957) ਦਾ ਪਰਭਾਵ ਕੰਮ ਕਰ ਰਿਹਾ ਸੀ। ਪੰਜਾਬੀ ਪਾਠਕਾਂ ਨੇ ਭਾਈ ਸਾਹਿਬ ਦੇ ਪੰਜ ਦਰਿਆਵਾਂ ਦਾ ਕਵਿਤਾ, ਨਾਵਲ, ਨਾਟਕ, ਪਤਰਕਾਰੀ, ਟੀਕਾਕਾਰੀ ਦਾ ਆਨੰਦ ਮਾਣਿਆ ਹੈ, ਸਾਨੂੰ ਮਾਣ ਹੈ ਕਿ 'ਚਿੱਠੀਆਂ' ਰਾਹੀਂ ਛੇਵੇਂ ਦਰਿਆ ਦੇ ਦਰਸ਼ਨ ਕਰਵਾ ਰਹੇ ਹਾਂ।

ਅੰਗਰੇਜ਼ ਜਦ ਭਾਰਤ ਵਿਚ ਆਪਣੇ ਰਾਜ, ਧਰਮ ਜ਼ਬਾਨ ਨੂੰ ਫੈਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਭਾਈ ਵੀਰ ਸਿੰਘ ਇਕ ਵਿਅਕਤੀ ਤੋਂ ਉਪਰ ਉਠ ਕੇ ਸੰਸਥਾ ਦੇ ਰੂਪ ਵਿਚ ਆਪਣੇ ਵਿਰਸੇ ਨੂੰ ਬਚਾਉਣ ਤੇ ਜ਼ਬਾਨ ਨੂੰ ਅਮੀਰ ਕਰਨ ਵਿਚ ਲਗਾ ਹੋਇਆ ਸੀ। ਉਨ੍ਹਾਂ ਵੀਹ ਹਜ਼ਾਰ ਤੋਂ ਵਧ ਪੰਨੇ ਪੰਜਾਬੀ ਵਿਚ ਲਿਖੇ। ਆਪ ਹੀ ਨਹੀਂ ਲਿਖਿਆ, ਪੰਜਾਬੀ ਕਵੀਆਂ, ਨਾਵਲਕਾਰਾਂ, ਨਾਟਕਕਾਰਾਂ, ਵਿਦਵਾਨਾਂ ਨੂੰ ਪ੍ਰੇਰਿਆ, ਉਤਸ਼ਾਹ ਦਿਤਾ, ਪੰਜਾਬੀ ਮਾਂ ਦੀ ਸੇਵਾ ਕਰਨ ਲਈ। ਸਿਦਕ, ਸਿਰੜ, ਸ਼ਲਾਘਾ ਯੋਗ ਹੈ, ਪਹਿਲੀ ਪੁਸਤਕ ਸੁੰਦਰੀ 1898 ਵਿਚ ਛਪੀ। ਪੰਜਾਹ ਵਰ੍ਹੇ ਲਿਖਦੇ ਰਹੇ, ਲਿਖਣਾ ਹੀ ਸ਼ਾਇਦ ਉਨ੍ਹਾਂ ਦਾ ਮੰਤਵ ਸੀ, 'ਧਰਮ' ਉਨ੍ਹਾਂ ਲਈ ਜੀਵਨ ਰਾਹ ਸੀ, ਵਿਸ਼ਵਾਸ ਉਨ੍ਹਾਂ ਦਾ ਸਾਥੀ, ਪ੍ਰਭੂ-ਪਰਾਪਤੀ ਉਨ੍ਹਾਂ ਦੀ ਮੰਜ਼ਿਲ। ਪੰਜਾਹ ਵਰ੍ਹਿਆਂ ਦੀ ਲਗਾਤਾਰ ਸਾਧਨਾ ਤੋਂ ਬਾਅਦ ਛੇ ਵਰ੍ਹਿਆਂ ਵਿਚ ਸੂਬੇ, ਦੇਸ਼ ਦਾ ਕੋਈ ਮਾਣ ਨਹੀਂ, ਜਿਹੜਾ ਭਾਈ ਸਾਹਿਬ ਨੂੰ ਪਰਾਪਤ ਨਹੀਂ ਹੋਇਆ—1949 ਵਿਚ ਪੰਜਾਬ ਯੂਨੀਵਰਸਿਟੀ ਨੇ ਡੀ. ਓ. ਐਲ. ਡਿਗਰੀ ਪਰਦਾਨ ਕੀਤੀ, 1952 ਵਿਚ ਪੰਜਾਬ ਸਰਕਾਰ ਨੇ ਪੰਜਾਬ ਵਿਧਾਨ ਪ੍ਰੀਸ਼ਦ ਦਾ ਮੈਂਬਰ ਬਣਾਇਆ, ਸਾਹਿਤ ਅਕਾਡਮੀ ਦਿੱਲੀ ਨੇ 1954 ਵਿਚ 'ਮੇਰੇ ਸਾਈਆਂ ਜੀਓ' ਪੁਸਤਕ ਤੇ ਸਨਮਾਨਿਆ ਅਤੇ 1956 ਵਿਚ ਭਾਰਤ ਸਰਕਾਰ ਨੇ ਮਹਾਨ ਤੇ ਅਦੁੱਤੀ ਸ਼ਖਸੀਅਤ ਨੂੰ 'ਪਦਮ ਸ੍ਰੀ' ਦਾ ਸਨਮਾਨ ਦਿੱਤਾ।

ਭਾਈ ਵੀਰ ਸਿੰਘ ਮਾਨਵਵਾਦੀ ਸਨ। ਸਾਹਿਤ ਵਿਚ ਵੀ ਤੇ ਜੀਵਨ ਵਿਚ ਵੀ। ਲੋਕਾਂ ਨਾਲ ਉਨ੍ਹਾਂ ਨੂੰ ਪਿਆਰ ਸੀ, ਉਨ੍ਹਾਂ ਦੇ ਦਰਦ ਦਾ ਡੂੰਘਾ ਪਰਭਾਵ। ਮਨੁਖ ਦੀ ਆਤਮਾ

ਨੂੰ ਜੋ ਸਾਹਿਤ ਰਾਹੀਂ ਸੇਧ ਦਿਤੀ ਤਾਂ ਦੁਨਿਆਵੀ ਪੱਧਰ ਤੇ ਵੀ ਉਨ੍ਹਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ—1904 ਵਿਚ ਯਤੀਮ ਖ਼ਾਨਾ ਖੋਲ੍ਹਿਆ; 1912 ਵਿਚ ਵਿਧਵਾ-ਆਸ਼ਰਮ ਬਣਾਇਆ, 1914 ਵਿਚ ਹਸਪਤਾਲ ਚਲਾਇਆ, ਹਰੀਜਨ ਉਧਾਰ ਲਈ 1920 ਵਿਚ ਲਹਿਰ ਚਲਾਈ, ਨੇਤਰ ਹੀਣਾਂ ਲਈ 1934 ਵਿਚ ਥਾਂ ਦਾ ਪਰਬੰਧ ਕੀਤਾ ਅਤੇ 1956 ਵਿਚ ਬੁਢਿਆਂ ਲਈ ਘਰ ਦੀ ਸਤਾਪਨਾ ਕੀਤੀ। ਉਨ੍ਹਾਂ ਲੋਕ-ਸੇਵਾ ਕੀਤੀ ਪਰ ਉਨ੍ਹਾਂ ਦਾ ਅਸਲ ਪਿੜ ਲੋਕਾਂ ਨੂੰ ਸੰਸਾਰੀ ਪੱਧਰ ਤੋਂ ਉਠਾ ਕੇ ਅਧਿਆਤਮਕ ਰਾਹ ਤੇ ਪਾ ਕੇ, 'ਉਸ' ਨਾਲ ਮਿਲਾਪ ਹੀ ਸੀ। ਸਾਰੀ ਲੇਖਣੀ ਉਨ੍ਹਾਂ ਦੀ ਇਸ ਦੁਆਲੇ ਹੀ ਘੁੰਮਦੀ ਹੈ। ਚਿੱਠੀਆਂ ਦਾ ਵੀ ਇਹੋ ਧੁਰਾ ਹੈ। 'ਕਾਦਰ' ਵਿਚ ਵਿਸ਼ਵਾਸ, 'ਨਾਮ' ਦੀ ਪਰੇਰਨਾ, 'ਭਾਣਾ' ਮੰਨਣ ਦੀ ਸ਼ਕਤੀ ਅਤੇ ਲਿਵ ਲਾਉਣ ਦੀ ਪਰੇਰਨਾ, ਚਿੱਠੀਆਂ ਦਾ ਮੁਖ ਵਿਸ਼ਾ ਹਨ ਜਿਨ੍ਹਾਂ ਨੂੰ ਅਸੀਂ ਤਿੰਨ ਭਾਗਾਂ ਵਿਚ ਵੰਡਿਆ ਹੈ; ਪ੍ਰਭੂ ਪਰਾਪਤੀ ਬਾਰੇ, ਮੌਤ ਬਾਰੇ ਅਤੇ ਫੁਟਕਲ। 'ਧਿਆਨ' ਬਾਰੇ ਗਿਆਨ ਤੇ ਉਸ ਬਾਰੇ ਭਾਈ ਸਾਹਿਬ ਦੇ ਵਿਚਾਰ ਤੇ ਨਿਮਨ ਲਿਖਤ ਚਿੱਠੀ ਤੋਂ ਪਤਾ ਲੱਗ ਜਾਂਦੇ ਹਨ;

ਬੰਬਈ
1-2-1951

ਪਜ਼ਾਰੇ ਜੀਓ।

ਆਪ ਦਾ ਪਤ੍ਰ ਪਹੁੰਚਾ।

ਆਪ ਜੀ ਨੇ ਜੋ ਕੁਝ ਲਿਖਯਾ ਹੈ, ਠੀਕ ਹੈ। ਪਰ ਇਸ ਲਈ ਆਪ ਜੋਰ ਨਹੀਂ ਲਾਈਦਾ, ਇਹ ਸਿਮਰਨ ਨਾਲ ਸਹਜ ਭਾਵ ਵਿਚ ਸਨੇ ਸਨੇ ਆਪ੍ਰੂੰ ਜਗ੍ਹਾ ਬਣ ਜਾਂਦੀ ਹੈ। ਸਿਮਰਨ ਨਾਲ ਜਦ ਮੈਲ ਸਾਫ ਹੋ ਜਾਂਦੀ ਹੈ ਤਾਂ ਇਸ ਤਰ੍ਹਾਂ ਦਾ Experience ਹੁੰਦਾ ਹੈ। ਸੋ ਸੁਤੇ ਤੇ ਸਹਜ ਵਿਚ ਹੋਣ ਦੇਣਾ, ਆਪੂੰ ਜੋਰ ਕੋਈ ਨਹੀਂ ਲਾਣਾ।

'ਜੋਰੁ ਨ ਸੁਰਤੀ ਗਿਆਨ ਵੀਚਾਰਿ'

ਆਸ ਹੈ ਸੁਖੀ ਹੋਸੋ ਹਰ ਤਰ੍ਹਾਂ।

ਹਿਤਕਾਰੀ
ਵੀਰ ਸਿੰਘ

ਇਹ ਪੱਤਰ ਭਾਈ ਸਾਹਿਬ ਨੇ ਸਰਦਾਰ ਮੱਖਣ ਸਿੰਘ ਜੀ ਦੀ ਪਰਗਟਾਈ ਆਪਣੀ ਮਾਨਸਕ ਸਥਿਤੀ ਤੇ ਬਿਰਤੀ ਦੇ ਉੱਤਰ ਵਿਚ ਦਿੱਤਾ ਸੀ। ਭਾਈ ਸਾਹਿਬ ਦੇ ਆਪਣੇ ਸ਼ਬਦਾਂ ਚੋਂ ਕੁਝ ਵਿਚਾਰ ਉਭਰ ਕੇ ਆਉਂਦੇ ਹਨ;

"ਮੈਂ 'ਗੁਰੂ' ਸ੍ਰੀ ਅਕਾਲ ਪੁਰਖ ਨੂੰ ਮੰਨਦਾ ਹਾਂ। ਵਾਸਤਵ ਵਿਚ ਅਕਾਲ ਪੁਰਖ ਨਿਰਾਕਾਰ, ਤ੍ਰੈਗੁਣ ਤੇ ਭਿੰਨ, ਰੂਪ ਰੇਖ ਤੋਂ ਨਯਾਰਾ ਹੈ, ਉਸ ਦਾ ਇਹ ਸਰੂਪ ਤਾਂ 'ਸਤਾ ਮਾਤ੍ਰ' 'ਚੇਤਨ ਮਾਤ੍ਰ' ਤੇ 'ਪ੍ਰੇਮਾਨੰਦ ਮਾਤ੍ਰ' ਹੈ।"

"ਗੁਰੂ ਨਾਨਕ ਜੀਵਨ ਸ਼ਕਤੀ ਹੈ। ਗੁਰੂ ਨਾਨਕ ਜੀਉਂਦਾ ਜਾਗਦਾ ਪ੍ਰੀਤਮ ਹੈ, ਗੁਰੂ ਨਾਨਕ ਮਨੁਖ ਬਣ ਕੇ ਸੰਸਾਰ ਤਾਰਨ ਆਇਆ ਹੈ।"

ਪਿਆਰੇ ਜੀਓ

"ਕਿਸੇ ਆਤਮਾ ਨੂੰ ਆਪਣੇ ਸ਼ਰੀਰ ਦੇ ਅੰਦਰ ਆਪਣਾ ਕੇਂਦਰ ਲੱਭ ਪੈਣਾ ਤੇ ਜੀਵਨ ਨੇ ਉਸਦੇ ਆਧਾਰ ਤੇ ਟਿਕ ਜਾਣਾ ਇਹ ਕੋਈ ਖੇਡ ਨਹੀਂ। ਸੁਤੰਤਰ ਉਹ ਹੈ, ਜਿਸ ਦੀ ਆਤਮਾ ਕਲਗੀਆਂ ਵਾਲੇ ਦੀ ਗੁਲਾਮੀ ਵਿਚ ਉਸਦੇ ਚਰਨਾਂ ਨਾਲ ਲਿਵ ਲਾਈ ਦੁਨੀਆਂ ਦੇ ਕੰਮ ਕਰ ਰਹੀ ਹੈ।"

"ਸੰਸਾਰ ਯਾਤਰਾ ਵਿਚ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਹੈ, ਦਾਰੂ ਇਕੋ ਹੈ ਕਿ ਉਸ ਮਾਲਕ ਤੇ ਮੌਲਾ ਨੂੰ, ਉਸ ਰੱਬ ਤੇ ਵਾਹਿਗੁਰੂ ਦੀ ਯਾਦ ਨੂੰ ਘੁੱਟ ਕੇ ਫੜੋ ਉਸਦਾ ਨਾਮ ਜਪੋ।"

"ਜਿਵੇਂ ਜਿਵੇਂ ਪਿਛਲੇ ਜਨਮ ਕਰਦੇ ਕਰਾਂਦੇ ਰਹੇ ਹਾਂ, ਤਿਵੇਂ ਤਿਵੇਂ ਵਾਹਿਗੁਰੂ ਨੇ ਲਿਖਤ ਪਾਈ ਹੈ।"

"ਕਲਗੀਆਂ ਵਾਲੇ ਨੇ ਸਾਨੂੰ ਕਰਮ ਵਿਚ ਨਿਸ਼ਕਰਮ ਕੀਤਾ ਹੈ। ਆਖਿਆ ਹੈ ਤਯਾਗ ਵਿਚ ਨਾ ਜਾਓ, ਕਰਮ ਕਰੋ ਤੇ ਫੇਰ ਕਰਮ ਕਰਦੇ ਹੋਏ ਅੰਦਰੋਂ ਸਾਈਂ ਨਾਲ ਲਗੇ ਰਹੋ...।"

ਇਕੱਲ ਇਨਸਾਨ ਲਈ ਔਖੀ ਗਲ ਹੁੰਦੀ ਹੈ। ਪਰ ਗੁਰਬਾਣੀ ਦਾ ਆਸਰਾ ਤੇ ਨਾਮ ਦਾ ਸਹਾਰਾ, ਇਕੱਲ ਨੂੰ ਏਕਾਂਤ ਬਣਾ ਦੇਂਦਾ ਹੈ।"

ਸਪਸ਼ਟ ਹੈ ਕਿ ਭਾਈ ਸਾਹਿਬ ਨਿਰਾਕਾਰ ਅਕਾਲ ਪੁਰਖ ਨੂੰ ਮੰਨਦੇ ਹਨ। ਗੁਰੂ ਨਾਨਕ ਵਿਚ ਅਟੁੱਟ ਵਿਸ਼ਵਾਸ ਹੈ। ਜਨਮ-ਜਨਮਾਂਤਰਾਂ ਤੋਂ ਮੁਕਤੀ ਕਲਗੀਆਂ ਵਾਲੇ ਦੀ ਗੁਲਾਮੀ ਚੋਂ ਹੀ ਲੱਭ ਸਕਦੀ ਹੈ। ਆਤਮਾ ਤੇ ਪਰਮਾਤਮਾ ਦੇ ਮਿਲਾਪ ਵਿਚ ਬੜੀਆਂ ਹੀ ਔਖੀਆਂ ਘਾਟੀਆਂ ਹਨ ਪਰ 'ਨਾਮ' ਦਾ ਜਾਪ ਹੀ ਸਾਨੂੰ ਸਹੀ ਅਰਥਾਂ ਵਿਚ ਸੁਤੰਤਰ ਕਰ ਸਕਦਾ ਹੈ। ਚਿੱਠੀਆਂ ਪਾਠਕਾਂ ਲਈ ਨਹੀਂ ਲਿਖੀਆਂ ਜਾਂਦੀਆਂ। ਇਨ੍ਹਾਂ ਵਿਚ ਨਿੱਜ ਬਲਵਾਨ ਹੁੰਦਾ ਹੈ, 'ਸ਼ਿਦਤ' ਹੀ ਸਾਨੂੰ ਚਿੱਠੀ ਲਿਖਤ ਲਈ ਪਰੇਰਦੀ ਹੈ, ਇਹ 'ਪਰਾਈਵੇਟ ਹੁੰਦੀਆਂ ਹਨ ਪਰ ਉਨ੍ਹਾਂ ਵਿਚ ਵੀ ਉਹੋ ਕੁਝ ਹੋਣਾ ਜੋ ਵਾਰਤਕ ਵਿਚ ਹੈ ਕਵਿਤਾ ਵਿਚ ਹੈ— ਇਸ ਗਲ ਨੂੰ ਸਪਸ਼ਟ ਕਰਦਾ ਹੈ ਕਿ ਭਾਈ ਸਾਹਿਬ ਦਾ ਜੀਵਨ ਧੁਰਾ ਤੇ ਸਾਹਿਤ ਧੁਰਾ ਇਕੋ ਸੀ;

"ਮਿੱਠੇ ਤਾਂ ਲਗਦੇ ਮੈਨੂੰ
ਫੁਲਾਂ ਦੇ ਹੁਲਾਰੇ
ਜਾਨ ਮੇਰੀ ਪਰ ਕੁਸਦੀ।"

ਜੋ ਕਵਿਤਾ ਵਿਚ ਲਿਖਿਆ ਸੀ ਤਾਂ ਚਿੱਠੀਆਂ ਵਿਚ ਵੀ ਏਸੇ ਦੇ ਝਲਕਾਰੇ ਹਨ;

"ਦਿੱਸਦਾ ਸੰਸਾਰ ਸਭ ਕਿਸੇ ਨੂੰ ਮਿੱਠਾ ਹੈ ਪਰ ਅਣਦਿਸਦਾ ਸੰਸਾਰ ਕਿਸੇ ਨੂੰ ਪਿਆਰਾ ਨਹੀਂ ਕਿਉਂਕਿ ਦਿਸਦਾ ਨਹੀਂ, ਪਰ ਜੀਵਨ ਆਧਾਰ ਉਹੀ ਹੈ।"

ਹਰ ਪਲ ਭਾਈ ਸਾਹਿਬ ਸਿਮਰਨ ਤੇ ਵਾਹਿਗੁਰੂ ਦੀ ਯਾਦ ਤੇ ਜ਼ੋਰ ਦੇਂਦੇ ਹਨ;

"ਪਹਾੜ ਸੈਰ ਕਰਨ ਜਾਣਗੇ ਤਾਂ ਵਾਹਿਗੁਰੂ ਨੂੰ ਘਰ ਨਾ ਛੱਡ ਜਾਣ।"

ਕਹਿਣ ਦਾ ਭਾਵ ਇਹ ਹੈ ਕਿ ਭਾਈ ਸਾਹਿਬ ਨੇ ਚਿੱਠੀਆਂ ਰਾਹੀਂ ਵੀ ਉਹੋ ਸੰਦੇਸ਼ ਦਿੱਤਾ ਹੈ ਜੋ ਕਵਿਤਾ ਰਾਹੀਂ ਕਿ ਮਨੁਖ ਨੂੰ ਇਸ ਸੰਸਾਰ ਵਿਚ ਰਹਿੰਦੇ ਹੋਏ, ਕੰਮ ਕਰਦੇ ਹੋਏ, ਜ਼ਿੰਮੇਵਾਰੀਆਂ ਨਿਭਾਂਦੇ ਹੋਏ, 'ਉਸ' ਨਾਲ ਲਿਵ ਲਾਉਣੀ ਚਾਹੀਦੀ ਹੈ।

"ਪ੍ਰਭੂ-ਪਰਾਪਤੀ" ਤੋਂ ਬਿਨਾਂ ਮੌਤ, ਦੋਸਤਾਂ ਦੀ ਮੌਤ, ਉਨ੍ਹਾਂ ਦੇ ਸਨੇਹੀਆਂ ਦੀ ਮੌਤ, ਭਾਈ ਸਾਹਿਬ ਦੀਆਂ ਚਿੱਠੀਆਂ ਦਾ ਮੁਖ ਵਿਸ਼ਾ ਹੈ। ਮੌਤ ਬਾਰੇ ਭਾਈ ਸਾਹਿਬ ਦਾ ਵਿਚਾਰ ਨਾ ਤਾਂ ਰੁਮਾਂਸਵਾਦੀਆਂ ਵਾਲਾ ਹੈ ਜਿਹੜਾ ਡਰ ਪੈਦਾ ਕਰੇ,ਨਾ ਹੀ ਅਸਤਿਤਵਵਾਦੀਆਂ ਵਾਲਾ ਹੈ ਕਿ ਅਸੀਂ ਹਰ ਪਲ ਹਰ ਘੜੀ ਮਰ ਰਹੇ ਹਾਂ, ਮੌਤ ਬਾਰੇ ਉਨ੍ਹਾਂ ਦਾ ਇਹ ਭਾਰਤੀ ਪਰੰਪਰਾ ਨਾਲ ਜੁੜਿਆ ਵਿਚਾਰ ਹੈ ਕਿ ਮੌਤ ਕੇਵਲ ਇਕ 'ਚੋਲਾ' ਹੈ ਜਿਹੜਾ ਬਦਲਣਾ ਪੈਂਦਾ ਹੈ ਜਦ ਤੀਕ ਉਸ ਨਾਲ 'ਵਸਲ' ਨਹੀਂ ਹੋ ਜਾਂਦਾ ਹੈ। ਮੌਤ ਪੜਾ ਹੈ, ਮੰਜ਼ਿਲ ਨਹੀਂ। ਮੰਜ਼ਿਲ ਵਾਹਿਗੁਰੂ ਹੀ ਹੈ। ਭਾਈ ਸਾਹਿਬ ਨੇ ਬੜੇ ਹੀ ਖ਼ੂਬਸੂਰਤ ਖ਼ਤ ਮੌਤ ਸਬੰਧੀ ਲਿਖੇ ਹਨ। ਤਸੱਲੀ ਤੇ ਸ਼ਕਤੀ ਦੇਣ ਵਾਲੇ। ਇਨ੍ਹਾਂ ਖ਼ਤਾਂ ਨੇ ਪਰਾਪਤ ਕਰਨ ਵਾਲਿਆਂ ਨੂੰ ਕਿੰਨਾ ਧੀਰਜ ਦਿਤਾ ਹੋਵੇਗਾ, ਉਸ ਦਾ ਅਨੁਮਾਨ ਸਹਿਜੇ ਹੀ ਲਗ ਜਾਂਦਾ ਹੈ। ਭਿੱਜ ਕੇ ਲਿਖੇ ਹੋਏ ਖ਼ਤ ਹਿਲਾਉਣ ਦੀ ਸ਼ਕਤੀ ਰਖਦੇ ਹਨ :—

"ਆਪ ਸਿਆਣੇ ਤੇ ਗੁਰਮੁਖ ਹੋ ਪਰ ਮਾਵਾਂ ਠੰਢੀਆਂ ਛਾਵਾਂ ਦਾ ਵਿਛੋੜਾ ਕਿਸੇ ਉਮਰੇ ਵੀ ਸਹਾਰਨਾ ਉਖੇਰਾ ਹੁੰਦਾ ਹੈ, ਮਾਂ ਦਾ ਪਿਆਰ ਜਗਤ ਵਿਚ ਹੋਰ ਕਿਸੇ ਚਸ਼ਮੇ ਤੋਂ ਮਿਲ ਨਹੀਂ ਸਕਦਾ।"

"ਆਪ ਦੇ ਬਜ਼ੁਰਗ ਪਿਤਾ ਜੀ ਦੇ ਚਲਾਣੇ ਦਾ ਸੰਖ਼ਤ ਮੰਦਾ ਲਗਾ ਕਿ ਆਪ ਨੂੰ ਇਕ ਉਸ ਸਾਏ ਦਾ ਵਿਛੋੜ ਹੋਇਆ ਹੈ ਕਿ ਜਿਸ ਠੰਢੀ ਛਾਂ ਦੀ ਥਾਵੇਂ ਹੋਰ ਕੋਈ ਛਾਂ ਨਹੀਂ ਆ ਸਕਦੀ, ਤੇ ਜਿੰਨੀ ਵਡੇਰੀ ਇਹ ਛਾਂ ਹੁੰਦੀ ਹੈ, ਉਤਨੀ ਹੀ ਸੰਘਣੀ ਮਿਠੀ ਤੇ ਠੰਢੀ ਹੁੰਦੀ ਹੈ।"

"ਲਾਜਾਂ ਦਾ ਵਿਛੋੜਾ ਅਚਾਨਕ ਤੇ ਨਾ ਆਸ ਕੀਤੀ ਜਾਣ ਵਾਲੀ ਹਾਲਤ ਵਿਚ ਹੋਇਆ ਹੈ, ਦਿਲ ਨੂੰ ਕੂਲਾ ਕੂਲਾ ਬਿਰਹਾ ਝੰਝੋਲਦਾ ਦਿਸਦਾ ਹੈ, ਪਰ ਇਸ ਤੋਂ ਲਾਭ ਇਹ ਲਓ ਕਿ ਸਾਈਂ ਦੇ ਪਿਆਰ ਵਿਚ ਘੁਲ ਜਾਓ।......ਸੋ ਲਾਜ ਦਾ ਪਿਆਰ ਇਹ ਹੈ ਕਿ ਉਸ ਵਾਂਗੂ 'ਨਾਮ' ਜਪੋ, 'ਨਾਮ' ਦੀ ਪੀਂਘ ਘੁਕਾਓ। ਜੀਵਨ ਸਫਲ ਕਰੋ।"

"ਨਾਮ" ਦੀ ਸ਼ਕਤੀ ਹੀ ਦੁਖਾਂ, ਮੁਸ਼ਕਲਾਂ, ਹਾਦਸਿਆਂ ਦਾ ਦਾਰੂ ਹੈ। 'ਨਾਮ' ਦੇ ਤਾਤਪਰਯ ਨੂੰ ਚਿੰਤਨ ਕਰਦੇ ਹੋਏ ਚਿੱਤ-ਬ੍ਰਿਤੀ ਨੂੰ ਬਾਰ ਬਾਰ ਜੋੜਨ ਦਾ ਅਭਿਆਸ ਕਰਨਾ, ਇਸ ਅਭਿਯਾਸ ਦੀ ਪਰਿਪੱਕ ਅਵਸਥਾ ਦਾ ਨਾਮ ਗੁਰਮਤ ਵਿਚ ਲਿਵ ਹੈ। ਇਸ ਤੋਂ ਪਰਾਪਤ ਹੋਏ ਆਨੰਦ ਨੂੰ 'ਨਾਮ ਰਸ' ਕਿਹਾ ਗਿਆ ਹੈ—ਜਿਸ ਤੇ ਭਾਈ ਸਾਹਿਬ ਨੇ ਬਹੁਤ ਹੀ ਜ਼ੋਰ ਦਿਤਾ ਹੈ।

ਭਾਈ ਸਾਹਿਬ 'ਗਿਆਨ ਮਾਰਗ', 'ਧਿਆਨ ਮਾਰਗ' ਬਾਰੇ ਤਾਂ ਆਪਣੇ ਸੁਨੇਹੀਆਂ ਨੂੰ ਸੰਦੇਸ਼ ਦੇਂਦੇ ਸਨ ਪਰ ਸੰਸਾਰੀ ਮਾਰਗ ਵਿਚ ਦਖ਼ਲ ਦੇਣਾ ਪਸੰਦ ਨਹੀਂ ਸਨ ਕਰਦੇ .—

"ਵੋਟ ਦੇਣ ਵਿਚ ਆਪ ਸਾਹਿਬਾਂ ਨੂੰ ਖੁਲ੍ਹ ਪਰਾਪਤ ਹੈ। ਆਪ ਲਿਖਦੇ ਹੋ ਜਿਸ ਨੂੰ ਚਾਹੀਏ ਵੋਟ ਦੇਵੀਏ। ਇਹ ਖੁਲ੍ਹ ਆਪ ਨੂੰ ਪ੍ਰਾਪਤ ਹੈ ਆਪ ਵਰਤੋ। ਜਿਸ ਨੂੰ ਠੀਕ ਤੇ ਯੋਗ ਸਮਝੋ ਆਪਣਾ ਵੋਟ ਦਿਓ।"

ਪਛਮੀ ਵਿਦਿਆ ਆਦਮੀ ਨੂੰ ਪਦਾਰਥਕ ਸੁਖਾਂ ਵਲ ਪਾਂਦੀ ਹੈ, ਤੇ ਜ਼ਿੰਦਗੀ ਦੀ ਸੂਖਮਤਾ ਤੋਂ ਦੂਰ ਲੈ ਜਾਂਦੀ ਹੈ—ਦੀ ਚਿੰਤਾ ਵੀ ਚਿੱਠੀਆਂ ਵਿਚ ਪਰਗਟ ਹੁੰਦੀ ਹੈ। ਇਨਸਾਨ

ਰੁਪਏ ਇਕੱਠੇ ਕਰਨ ਵਿਚ ਪੈ ਜਾਂਦਾ ਹੈ ਜਿਹੜਾ ਰੂਹ ਵਿਚ 'ਆਤਮ ਜੀਵਨ' ਵਲੋਂ ਇਕ ਮੁਰਦਾਪਨ ਪੈਦਾ ਕਰਦਾ ਹੈ। ਇਸ ਤਰ੍ਹਾਂ ਭਾਈ ਸਾਹਿਬ ਦੀਆਂ ਚਿੱਠੀਆਂ ਜੀਵਨ-ਦਾਰੂ ਹਨ।

ਕੁਝ ਇਕ ਨਿੱਜੀ ਹਵਾਲੇ ਭਾਈ ਸਾਹਿਬ ਦੇ ਜੀਵਨ ਅਤੇ ਰਚਨਾ ਨੂੰ ਸਮਝਣ ਵਿਚ ਵੀ ਸਹਾਈ ਹੋ ਸਕਦੇ ਹਨ :—

"ਮੇਰੇ ਬਿਰਧ ਨਾਨਾ ਜੀ ਦੇ ਸੰਸਕ੍ਰਿਤ ਵਿਦਿਆ ਦੇ ਉਸਤਾਦ ਦੀ ਇਸਤ੍ਰੀ ਚੰਡੀ ਸੀ। ਜਦ ਕਦੇ ਉਸ ਨੂੰ ਰੋਹ ਚੜ੍ਹਨਾ ਤਾਂ ਉਸ ਨੇ ਆ ਕੇ ਵਿਦਿਆਰਥੀਆਂ ਦੇ ਪੁਸਤਕ ਪਾੜ ਘਤਣੇ, ਪਰ ਸੰਤਾਂ ਨੇ ਹਸ ਕੇ ਆਖਣਾ : "ਦਇਆ ਕਰਦੀ ਹੈ, ਚਾਰ ਦਿਨਾਂ ਦਾ ਸਾਹ ਕਢਾਂਦੀ ਹੈ" ਤੇ ਮੁਸਕ੍ਰਾ ਦੇਣਾ।

"ਦਾਸ ਇਕ ਗਰੀਬ ਸਿੱਖ ਹੈ, ਗੁਰਸਿਖਾਂ ਦੇ ਜੋੜੇ ਝਾੜਨ ਵਾਲਾ ਹੈ। ਸਾਧ ਸੰਗਤ ਦੀ ਸੇਵਾ ਦਾ ਚਿਤ ਵਿਚ ਚਾਓ ਹੈ ਜੇ ਸਤਿਗੁਰ ਬਖਸ਼ਨ ਤਾਂ।"

"ਇਸ ਕਰ ਕੇ ਸਨਮ੍ਰ ਬਿਨੈ ਹੈ ਕਿ ਆਪਣੇ ਮਿਤ੍ਰ ਜੀ ਨੂੰ ਇਹ ਗਲ ਮਨਾ ਲਓ ਕਿ ਆਪਣੀ ਰਚੀ ਜਾਣ ਵਾਲੀ ਪੁਸਤਕ ਵਿਚ ਨਾ ਮੇਰਾ ਨਾਮ ਲਿਖੋ ਤੇ ਨਾ ਕੋਈ ਹੋਰ ਜ਼ਿਕਰ ਜ਼ਕਾਰ।"

ਨਿਮਰਤਾ, ਛਿਪੇ ਰਹਿਣ ਦੀ ਰੀਝ ਭਾਈ ਸਾਹਿਬ ਦੇ ਕਾਵਿ-ਸਾਹਿਤ ਵਿਚ ਵਿਸ਼ੇਸ਼ ਹੈ ਤੇ ਚਿੱਠੀਆਂ ਵਿਚ ਵੀ। ਉਨ੍ਹਾਂ ਦੀਆਂ ਚਿੱਠੀਆਂ ਨੂੰ ਪੜ੍ਹ ਕੇ ਇਹ ਲਗਿਆ ਹੈ ਕਿ ਉਨ੍ਹਾਂ ਦਾ ਨਿੱਜ, ਕਲਾ, ਸਾਹਿਤ, ਸਭ ਇਕ ਸਨ। ਉਹ ਸੰਤ ਸਰੂਪ ਸਨ ਜਿਨ੍ਹਾਂ ਨੇ ਸਾਰਾ ਜੀਵਨ ਵਾਹਿਗੁਰੂ ਦੀ ਮਹਿਮਾ, ਉਸ ਤੋਂ ਵਿਛੋੜੇ ਤੇ ਮਿਲਾਪ ਦੇ ਰਾਹ ਨਾਮ ਜਪਣ ਤੇ ਲਾ ਦਿਤਾ। ਇਹ ਚਿੱਠੀਆਂ ਇਕ ਪਾਸੇ ਵਿਦਵਾਨਾਂ ਲਈ ਭਾਈ ਸਾਹਿਬ ਬਾਰੇ ਵਾਕਫ਼ੀ ਦਾ ਭੰਡਾਰ ਹਨ, ਦੂਜੇ ਪਾਸ ਜੀਵਨ-ਕੁੰਜੀਆਂ ਹਨ। ਆਸ ਹੈ ਪਾਠਕਾਂ ਨੂੰ ਪਸੰਦ ਆਉਣਗੀਆਂ, ਆਨੰਦ ਦੇਣਗੀਆਂ ਤੇ ਜੀਵਨ-ਰਾਹ ਵਿਖਾਉਣਗੀਆਂ।

ਵਿਸ਼ਵਾਨਾਥ ਤਿਵਾੜੀ

ਪ੍ਰਭੂ-ਪਰਾਪਤੀ ਬਾਰੇ

੧

15-3-10

ਪਿਆਰੇ ਜੀ,

ਪਤ੍ਰ ਪਹੁੰਚਾ, ਸ੍ਰੀ ਜੀ ਦੀ ਸੁਪਤਨੀ ਦੀ ਬੀਮਾਰੀ ਦਾ ਹਾਲ ਅਗੇ ਸੁਣਿਆ ਤਾਂ ਸੀ, ਪਰ ਖਿਆਲ ਸੀ ਕਿ ਸ਼ਾਇਦ ਹੁਣ ਤੱਕ ਮਿਹਰ ਹੋ ਗਈ ਹੋਵੇ। ਸ੍ਰੀ ਜੀ ਦੇ ਖਤ ਤੋਂ ਪਤਾ ਲਗਾ ਹੈ ਕਿ ਅਜੇ ਤਕ ਖੇਚਲ ਹੈ ਅਰ ਉਨ੍ਹਾਂ ਦੇ ਖੇਦ ਕਾਰਨ ਆਪ ਵੀ ਖੇਦ ਵਿਚ ਹੋ।

ਸਜਨ ਜੀ ! ਸੰਸਾਰ ਵਿਚ ਜੋ ਖੇਦ ਸਾਨੂੰ ਪੈਂਦੇ ਹਨ, ਇਹ ਸਾਡੇ ਹੱਕ ਬਿਨਾ ਨਹੀਂ ਪੈਂਦੇ ਅਤੇ ਇਨ੍ਹਾਂ ਦਾ ਆਉਣਾ ਸਾਡੇ ਬੁਰੇ ਲਈ ਨਹੀਂ ਹੋਇਆ ਕਰਦਾ। ਕੀਤੇ ਕਰਮਾਂ ਦਾ ਬਲ ਇਹ ਤੋੜਦੇ ਹਨ। ਅਰ ਜੋ ਦੁਖ ਅਸੀਂ ਪਾਂਦੇ ਹਾਂ ਉਹ ਇਹ ਪ੍ਰਯੋਜਨ ਰਖਦਾ ਹੈ ਕਿ ਸਾਡੀ ਜਾਗ ਖੁਲ੍ਹੇ ਅਰ ਸਾਨੂੰ ਹੋਸ਼ ਆਵੇ। ਪਰ ਅਸੀਂ ਹਾਂ ਕਿ ਸਾਡੀ ਜਾਗ ਨਹੀਂ ਖੁਲ੍ਹਦੀ। ਦੁਖ ਆ ਕੇ ਉਠਾ ਕੇ ਬਿਠਾ ਦੇਂਦੇ ਹਨ, ਛੱਟੇ ਮਾਰ ਕੇ ਅੱਖਾਂ ਖੋਲ੍ਹ ਦੇਂਦੇ ਹਨ। ਇਕ ਇਕ ਵੇਰ ਹੋਸ਼ ਕਰਕੇ ਕਹੀਦਾ ਹੈ, ਹੁਣ ਅਸੀਂ ਫੇਰ ਗ਼ਾਫ਼ਲ ਨਹੀਂ ਹੋਵਾਂਗੇ। ਪਰ ਦੁਖ ਗਏ ਅਰ ਅਸੀਂ ਫੇਰ ਨਿੱਸਲ ਹੋ ਗਏ।

ਜੇ ਕਦੀ ਹਰ ਦੁਖ ਤੋਂ ਬਾਦ ਅਸੀਂ ਸਿਖਿਆ ਲਈਏ ਤਦ ਦੁਖ ਦੁਖ ਨਹੀਂ ਹਨ ਸਗੋਂ ਆਤਮ ਤਰੱਕੀ ਦੀ ਪੌੜੀ ਦੇ ਡੰਡੇ ਹਨ। ਹਰ ਦੁੱਖ ਸਾਡੇ ਆਤਮਾ ਨੂੰ ਪਹਿਲੋਂ ਤੋਂ ਉਚੇਰੇ ਥਾਂ ਛਡ ਜਾਂਦਾ ਹੈ ਅਰ ਇਉਂ ਦੁਖ ਦਾਰੂ ਹੋ ਢੁਕਦਾ ਹੈ। ਪਰ ਜੇਕਰ ਹਰ ਦੁਖ ਸਾਡੀ ਸੁਰਤ ਨੂੰ ਨੀਵਾਂ ਕਰ ਜਾਵੇ, ਤਦ ਬਹੁਤ ਘਾਟ ਪੈ ਜਾਂਦੀ ਹੈ। ਇਹ ਜੋ ਦੁਖ ਤੋਂ ਲਾਭ ਉਠਾਉਣਾ ਹੈ, ਇਹ ਬਿਨਾ ਸਤਿਸੰਗ ਦੇ ਹੋ ਨਹੀਂ ਸਕਦਾ। ਸਤਿਸੰਗ ਹੈ ਜੋ ਜਾਚ ਦੱਸਦਾ ਹੈ ਕਿ ਕਿਕੂੰ ਨਾਮ ਦਾ ਦੀਪਕ ਜਗਾਈਦਾ ਹੈ, ਅਰ ਉਸ ਵਿਚ ਦੁਖ ਦਾ ਤੇਲ ਪਾ ਕੇ ਨੂਰ ਵਿਚ ਆ ਜਾਈਦਾ ਹੈ। ਤੇ ਫੇਰ ਚੜ੍ਹਦੀਆਂ ਕਲਾਂ ਵਿਚ ਖਲੋ ਕੇ ਆਖੀਦਾ ਹੈ :—

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥

(ਆਸਾ ਮ: 1-32)

ਸ਼ੁਭ ਕਰਮਾਂ ਦੇ ਜਦ ਭੋਗ ਆਉਂਦੇ ਹਨ ਤਦ ਦੋ ਫਲ ਲੱਗਦੇ ਹਨ : ਇਕ ਤਾਂ ਸੁਖ ਸਰੀਰ ਨੂੰ ਲੱਭਣੇ ਅਤੇ ਦੂਜੇ ਵਾਸ਼ਨਾ ਦਾ ਚੰਗਿਆਂ ਹੋਣਾ। ਸਤਿਸੰਗ ਹੀਨ ਪੁਰਖ ਇਸ ਵੇਲੇ ਤਪੋਂ ਰਾਜ ਤੇ ਰਾਜੋਂ ਨਰਕ ਵਾਲੀ ਭੋਗਣੀ ਭੁਗਤਦੇ ਹਨ। ਅਰਥਾਤ ਸੁਖ ਪਾ ਕੇ

ਵਧੀਕ ਹਉਮੈ ਹੰਕਾਰ ਵਿਚ ਆ ਜਾਂਦੇ ਹਨ। ਸ਼ੁਭ ਵਾਸ਼ਨਾਂ ਖੁਸ਼ੀ ਵਿਚ ਆ ਕੇ ਮਦ ਵਿਚ ਜਾਂਦੀਆਂ ਹਨ। ਮਦ ਤੋਂ ਬੇਸਮਝੀ ਵਿਚ ਤੇ ਫੇਰ ਪਾਪਾਂ ਵਿਚ। ਇਉਂ ਅਸੀਂ ਆਪਣੇ ਉੱਤਮ ਵਕਤ ਤੋਂ ਲਾਭ ਦੀ ਥਾਂ ਹਾਨੀ ਲੈਂਦੇ ਹਾਂ। ਜਦ ਖੋਟੇ ਕਰਮਾਂ ਦਾ ਭੋਗ ਆਉਂਦਾ ਹੈ, ਤਦੋਂ ਦੁਖ ਅਰ ਖੋਟੀਆਂ ਵਾਸ਼ਨਾਂ ਦਾ ਅਸਰ ਜ਼ਰੂਰ ਹੁੰਦਾ ਹੈ। ਉਸ ਵੇਲੇ ਅਸੀਂ ਨਾ ਸ਼ੁਕਰੀ, ਉਦਾਸੀ, ਘਬਰਾ ਵਿਚ ਹੋ ਕੇ ਦੁਖ ਤੋਂ ਜੋ ਉਸਤਾਦ ਹੋਇ ਆਇਆ ਸੀ, ਲਾਭ ਨਹੀਂ ਉਠਾਉਂਦੇ। ਜਦ ਸਤਿਸੰਗ ਹੁੰਦਾ ਹੈ ਤਦ ਇਹ ਦੋਵੇਂ ਪਾਸੇ ਆਪਣੇ ਲਾਭ ਲਈ ਢਾਲ ਲਈਦੇ ਹਨ। ਸਤਿਸੰਗ ਦੱਸਦਾ ਹੈ ਕਿ ਜਦੋਂ ਪੁੰਨ ਕਰਮਾਂ ਦਾ ਭੋਗ ਆਇਆ ਹੈ, ਵਾਸ਼ਨਾਂ ਨੇਕ ਹਨ, ਤਦੋਂ ਵਤਰ ਦਾ ਵੇਲਾ ਹੈ, ਬੀ ਬੀਜ ਲਓ। ਅਰ ਇਉਂ ਦੁਹਾਈਆਂ ਕੰਨੀਂ ਪੈਂਦੀਆਂ ਹਨ :—

ਜਬ ਲਗੁ ਜਰਾ ਰੋਗੁ ਨਹੀ ਆਇਆ ॥
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥
ਜਬ ਲਗੁ ਬਿਕਲ ਭਈ ਨਹੀਂ ਬਾਨੀ ॥
ਭਜਿ ਲੇਹਿ ਰੇ ਮਨ ਸਾਰਿਗ ਪਾਨੀ ॥ (ਭੈਰਉ ਕਬੀਰ ਜੀ—੯)

ਤੇ ਜਦੋਂ ਆਵੇ ਪਾਪਾਂ ਦੇ ਭੋਗਾਂ ਦਾ ਵੇਲਾ ਤਦ ਸਤਿਸੰਗ ਕਹਿੰਦਾ ਹੈ : ਘਬਰਾ ਨਹੀ ਦੁਖ ਨੂੰ ਸ਼ੁਕਰ ਨਾਲ ਝੱਲ । ਹੁਕਮ ਮੰਨ ਭਾਣਾ ਮਿੱਠਾ ਕਰ। ਇਸ ਦੁਖ ਦੇ ਮਗਰੋਂ ਤੇਰੀ ਤਰੱਕੀ ਹੋਵੇਗੀ, ਵਾਸ਼ਨਾਂ ਭਾਵੇਂ ਖਰਾਬ ਹਨ, ਪਰ ਸਤਿਸੰਗ ਦਾ ਬਲ ਸ਼ੁਕਰ ਦੀ ਜਾਚ ਸਿਖਾਂਦਾ ਹੈ । ਦੁਖ ਪਏ ਤੇ ਸ਼ੁਕਰ ਕਰੀਏ । ਅਰ ਜੋ ਮਨ ਸ਼ੁਕਰ ਵਿਚ ਨਾ ਆਵੇ ਤਾਂ ਬੇਨਤੀ ਕਰੀਏ ਅਰ ਬਾਣੀ ਨੂੰ ਵਧੀਕ ਧਿਆਰ ਨਾਲ ਪੜ੍ਹੀਏ, ਤਾਂ ਵਾਸ਼ਨਾਂ ਦਾ ਖੋਟ ਭਲੇ ਪਾਸੇ ਪੈ ਗਿਆ । ਐਉਂ ਸਤਿਸੰਗ ਦੇ ਪ੍ਰਤਾਪ ਆਦਮੀ ਜਿੱਤ ਦਾ ਪਾਸਾ ਦੁਖ ਸੁਖ ਦੋਹਾਂ ਵੇਲੇ ਢਾਲਦਾ ਢਾਲਦਾ ਇਨ੍ਹਾਂ ਤੋਂ ਉਚੇਰਾ ਹੋ ਜਾਂਦਾ ਹੈ। ਆਪ ਵਡਭਾਗੀ ਹੋ ਜੋ ਲਿਖਦੇ ਹੋ ਕਿ ਆਪ ਨੂੰ ਐਸੀ ਪਿਆਰੀ ਭੈਣ ਵਾਹਿਗੁਰੂ ਨੇ ਬਖਸ਼ੀ ਹੈ। ਜੋ ਭਜਨ ਸਿਮਰਨਿ ਵਿਚ ਮਗਨ ਹੈ। ਆਪ ਭੀ ਭਲੇ ਪਾਸੇ ਦੇ ਟੁਰਨ ਵਾਲੇ ਹੋ। ਘਰ ਵਿਚ ਹੀ ਆਨੰਦ ਹੋ ਗਿਆ ਹੈ। ਫੇਰ ਤਾਂ ਗੁਰੂ ਦੀ ਮਿਹਰ ਹੀ ਮਿਹਰ ਹੈ। ਦੁਖਾਂ ਦਾ ਅਸਰ ਜੇ ਪਰਤਾ ਲਈਏ ਤਾਂ ਫਿਰ ਇਹੋ ਸਤਿਸੰਗ ਹੈ। ਵਾਹਿਗੁਰੂ ਆਪ ਤੇ ਕਿਰਪਾ ਕਰੇ। ਅਰ ਆਪਣੇ ਪਿਆਰ ਦੀ ਛਾਂ ਹੇਠ ਰਖੇ। ਆਪ ਤਕੜੇ ਹੋ ਅਰ ਦੁਖ ਸੁਖ ਚੰਗੇ ਹਠ ਨਾਲ ਝੱਲਦੇ ਹੋ। ਗੁਰੂ ਕਰੇ ਜੋ ਵਿਚਾਰ ਤੇ ਅਨੁਭਵ ਵਧੇ। ਜੋ ਦੁਖਾਂ ਦਾ ਬਲ ਤੁਹਾਡੀ ਸੁਰਤ ਪਰ ਅਸਰ ਪਾਣੋਂ ਅਸਮਰਥ ਹੋ ਜਾਵੇ। ਸ਼ੋਕ ਹੈ, ਮੈਂ ਆਪ ਦੀ ਇਸ ਖੇਦ ਵਿਚ ਕੋਈ ਮਦਦ ਨਹੀਂ ਕਰ ਸਕਿਆ। ਅਰ ਮੈਂ ਦੂਰ ਬੈਠਾ ਕਰ ਵੀ ਕੀ ਸਕਦਾ ਹਾਂ। ਵਾਹਿਗੁਰੂ ਅਗੇ ਪ੍ਰਾਰਥਨਾ ਹੈ ਜੋ ਉਹ ਆਪ ਨੂੰ ਹਿੰਮਤ ਬਖ਼ਸ਼ੇ ਤੇ ਆਪਣੇ ਨੇੜੇ ਕਰੇ। ਜੋ 'ਦੁਖ' ਦੁਖ ਨਾ ਦੇ ਸਕੇ ਤੇ :

"ਸੁਖ ਮੈ ਨਾਮ ਆਰਾਧੀਐ ਦੁਖ ਕਾਹੇ ਕਉ ਲਾਗੈ ॥
ਦੁਖ ਮੈ ਨਾਮ ਆਰਾਧੀਐ ਦੁਖ ਦੂਰਹੂੰ ਭਾਗੈ ॥

ਵਾਲੀ ਗੱਲ ਹੋ ਜਾਵੇ। ਆਪ ਸਭ ਕੁਝ ਜਾਣਦੇ ਹੋ, ਮੇਰਾ ਲਿਖਣਾ ਤਾਂ ਇਹ ਚੇਤਾਵਨੀ ਮਾਤਰ ਹੈ ਕਿ ਉਸ ਜਾਣੀ ਹੋਈ ਗੱਲ ਦਾ ਚੇਤਾ ਰਹੇ। ਦੁਖ ਸਾਡਾ ਆਪਣਾ ਸਹੇੜ ਹੈ। ਅਰ ਅਸੀਂ ਹੀ ਇਸ ਨੂੰ ਫੜ ਫੜ ਕੇ ਰੱਖਦੇ ਹਾਂ। ਨਹੀਂ ਤਾਂ ਜਦ 'ਸਰਬ ਰੋਗ ਕਾ ਅਉਖਧ ਨਾਮ' ਲਿਖਿਆ ਹੈ। ਤਦ ਦੁਖ ਕੀ ਮਜਾਲ ਹੋਈ ਟੁਰ ਨਾ ਜਾਏ। ਇਸ ਕਰਕੇ ਕਿਸੇ ਹੀ ਖੇਦ ਵੇਲੇ ਡੋਲਣ ਨਾਲੋਂ ਅਰ ਹਠ ਵਾਲੇ ਧੀਰਜ ਧਾਰਨ ਨਾਲੋਂ ਵਾਹਿਗੁਰੂ ਦੇ ਨੇੜੇ ਹੋਣ ਦਾ ਤੇ ਉਸ ਤੋਂ ਕਿਸੇ ਵੇਲੇ ਨਾ ਵਿਛੜਣ ਦਾ ਯਤਨ ਕਰਨਾ ਲੋੜੀਏ। ਜੀਕੂੰ ਬੱਚਾ ਮਾਂ ਦੀ ਗੋਦ ਨੂੰ ਨਹੀਂ ਛਡਦਾ ਤਿਕੂੰ ਅਸੀਂ ਹਰ ਵੇਲੇ ਆਪਣੇ ਪਿਤਾ ਵਾਹਿਗੁਰੂ ਦੀ ਗੋਦ ਤੋਂ ਬਾਹਰ ਨਾ ਆਈਏ, ਸਦਾ ਉਸੇ ਵਿਚ ਖੇਲਦੇ ਰਹੀਏ, ਇਹੋ ਸਾਡਾ ਯਤਨ ਤੇ ਇਹੋ ਸਾਡੀ ਪ੍ਰਾਰਥਨਾ ਹੋਵੇ।

—ਵੀਰ ਸਿੰਘ

੨

.........1910

ਪਿਆਰੇ ਜੀ,

ਭਾਈ ਨਰੈਣ ਸਿੰਘ ਜੀ ਦੇ ਰਾਜ਼ੀ ਹੋਣ ਦੀ ਖਬਰ ਤੇ ਖੁਸ਼ੀ ਹੋਈ। ਪਹਾੜ ਸੈਰ ਕਰਨ ਜਾਣਗੇ ਤਾਂ ਵਾਹਿਗੁਰੂ ਨੂੰ ਘਰ ਨਾ ਛੱਡ ਜਾਣ। ਸਾਵਧਾਨ ਰਹਿ ਕੇ ਜਪਣ। ਕਿਸੇ ਕੁਸੰਗੀ ਸਰੀਰ ਨਾਲ ਦਿਲੀ ਪਿਆਰ ਨਾ ਕਰਨ। (ਭਾਵ ਮੈਨੂੰ ਉਹ ਓਥੇ ਪ੍ਰਸਿਧ ਨਾ ਕਰੇ) ਸਰਦਾਰ ਜੀ **ਦੀ dullness** (ਬੱਝ) ਬਾਬਤ ਮੈਂ ਕੀ ਕਰਾਂ। ਹਰੇਕ ਨੂੰ ਆਪਣਾ ਫਿਕਰ ਆਪ ਕਰਨਾ ਚਾਹੀਦਾ ਹੈ। ਮੁਦਈ ਸੁਸਤ ਤੇ ਗਵਾਹ ਚੁਸਤ ਨਾਲ ਕੀ ਬਣੇ। ਹਠ ਕਰਕੇ ਪਾਠ ਕਰਨ ਤੇ ਜੋ ਭਾਰ ਸਹੇੜ ਆਂਦੇ ਨੇ ਸੋ ਧੋ ਕੇ ਕੱਢਣ: "ਬਿਨੁ ਬੈਰਾਗ ਨ ਛੂਟਸਿ ਮਾਇਆ।"

ਨਾਲੇ ਕੋਈ ਚੌਧਰੀ ਬਣੇ ਨਾਲੇ ਪਾਪੂਲਰ ਹੋਣ ਦਾ ਸ਼ੌਕ ਅੰਦਰ ਲੁਕਾ ਕੇ ਰਖੇ, ਫਿਰ ਚਾਹੇ ਕਿ ਧਰਮ ਵਿਚ ਵੀ ਸੁਆਦ ਪਿਆ ਆਵੇ, (ਇਹ ਔਖੀ ਖੇਡ ਹੈ)। ਉਪਰ ਮੈਂ ਕਹਿਆ ਹੈ ਹਠ ਕਰਕੇ ਬਾਣੀ ਪੜ੍ਹੇ, ਕੁਝ ਆਪਣੇ ਅੰਦਰ ਨਜ਼ਰ ਵਜੇ ਕਿ ਮੈਲ ਕਿੱਥੇ ਪਈ ਹੈ, ਉਸ ਨੂੰ ਕਢਿਆ ਜਾਵੇ। ਆਪ ਹਿੰਮਤ ਕਰਨੀ ਚਾਹੀਏ। ਮਦਦ ਉਸ ਨੂੰ ਕਾਰਗਰ ਹੈ ਜੋ ਆਪ ਹਿੰਮਤ ਕਰਦਾ ਹੈ, ਹਿੰਮਤ ਕਰਦਿਆਂ ਜਦ ਗਿਰਨ ਲਗਦਾ ਹੈ ਤਦ ਮਦਦ ਕਾਰਗਰ ਹੁੰਦੀ ਹੈ। ਤੇ ਜੇ ਕੋਈ ਹਿੰਮਤ ਹੀ ਨਾ ਕਰੇ ਤੇ ਲੰਮਾ ਹੀ ਪਿਆ ਰਹੇ ਤਦ ਮਦਦ ਕੀ ਸਵਾਰੇਗੀ, ਸਿਵਾਏ ਮਦਦਗਾਰ ਦੇ ਮੋਢੇ ਥਕਾਣ ਦੇ। ਪ੍ਰਯਤਨ ਦਾ ਮਾਦਾ ਇਨ੍ਹਾਂ ਵਿਚ ਵਧਾਓ ਨਹੀਂ ਤਾਂ ਤੁਸੀਂ ਮਦਦ ਕਰਕੇ ਹੁੱਟ ਜਾਇਆ ਕਰੋਗੇ:—

(ਉਨ੍ਹਾਂ ਨੂੰ ਸਮਝਾਓ ਕਿ ਕਿਵੇਂ ਆਪਣੀਆਂ ਲੱਤਾਂ ਤੇ ਖੜੋਈਦਾ ਹੈ, ਤੁਰਨ ਲਈ ਉਨ੍ਹਾਂ ਨੂੰ ਕਲਾ ਵਾਲਾ ਵਾਹਨ ਨਾ ਦਿਓ) ਇਹ ਮਦਦ ਨਹੀਂ ਸਗੋਂ ਘਾਟਾ ਹੈ। ਜਿਕੂੰ ਮਾਪੇ ਬੱਚੇ ਨੂੰ ਖੜੋਣਾ ਤੇ ਤੁਰਨਾ ਸਿਖਾਂਦੇ ਹਨ, ਠੀਕ ਉੱਕਰ ਗੁਰਮੁਖ ਕਰਦੇ ਹਨ। ਸਦਾ ਕੁੱਛੜ ਚਾਈ ਫਿਰਨ ਨਾਲ ਲੱਤਾਂ ਨਿਰਬਲ ਹੋ ਜਾਣਗੀਆਂ। ਜੇ ਚਿਤ ਨਾ ਲਗੇ ਤਦ ਹੋਰ ਹਿੰਮਤ, ਹੋਰ ਪਾਠ, ਹੋਰ ਸੇਵਾ, ਹੋਰ ਵੈਰਾਗ।

ਹਮ ਖ਼ੁਦਾ ਖ਼ਾਹੀ ਓ ਹਮ ਦੁਨੀਆਏ ਦੂੰ।
ਈਂ ਖਿਆਲ ਅਸਤੋ ਮੁਹਾਲ ਅਸਤੋ ਜਨੂੰ।

ਵੈਰਾਗ ਦਾ ਉਪਦੇਸ਼ ਦਿਓ, **Dullness** (ਥੋਥ) ਉਡ ਜਾਵੇਗੀ। ਜੇ ਰਾਸ ਵਣਜ ਲਈ ਮਾਪੇ ਪਾ ਦੇਣ ਤਦ "ਵਣਜ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ।" ਖੱਟੀ ਭਾਵੇਂ ਘਟ ਹੋਵੇ ਪਰ ਘਾਟਾ ਨਾ ਪਵੇ। ਐਦਾਂ :—

ਲਗਾ ਰਹੇ ਤਾਂ ਲਗਾ ਰਹੁ ਹਰਦਮ ਕਦੀ ਨ ਡੋਲ।
ਲਗਾ ਰਹੇਂ ਤਾਂ ਲੱਖ ਦਾ ਹਟੇਂ ਤਾਂ ਕੌਡੀ ਮੋਲ।

'ਚਰਨ' ਜੰਗ ਫਰਹ। ਇਨ੍ਹਾਂ ਨੂੰ ਆਪਣੇ ਸੰਗੀ ਨੂੰ ਨਾਲ ਨਾਲ **Lift** (ਸਹਾਰ) ਦੇਈ ਚਲਣੀ ਚਾਹੀਦੀ ਹੈ। ਗ੍ਰਿਹਸਤ ਦਾ ਪਰਮ ਧਰਮ ਪਰਸਪਰ ਸਹਾਇਤਾ ਜਾਰੀ ਰਹੇ, ਹੋਰ ਕੀ ਲਿਖਾਂ :

ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥
ਗੁਰੂ ਬਿਨਾ ਮੈ ਨਾਹੀ ਹੋਰ ॥

—ਵੀਰ ਸਿੰਘ

੩

23-3-11

ਪਿਆਰੇ ਜੀ,

ਪੱਤਰ ਪਹੁੰਚਾ। ਪੜ੍ਹਿਆ। ਜੋ ਕੁਛ ਆਪ ਨੇ ਲਿਖਿਆ ਹੈ ਪੜ੍ਹ ਕੇ ਸ਼ੋਕ ਨਹੀਂ ਹੋਇਆ, ਨਾ ਅਸਚਰਜ। ਸੰਸਾਰ ਵਿਚ ਕਮਜ਼ੋਰੀ ਤੇ ਮਾੜਾਪਨ ਬਹੁਤਾ ਹੈ, ਜਦ ਕਿਤੇ ਅਸੀਂ ਹੋਰ ਆਸ ਰਖੀਏ ਤੇ ਨਿਕਲੇ ਆਸ ਦੇ ਉਲਟ ਤਾਂ ਦਿਲ ਉਦਾਸ ਹੁੰਦਾ ਹੈ, ਪਰ ਇਹ ਕੁਛ ਤਾਂ ਕੋਈ ਹੈਰਾਨੀ ਨਹੀਂ। ਆਪਣੀ ਆਸ ਪੂਰੀ ਨਾ ਹੋਣ ਕਰਕੇ ਸਾਡਾ ਜੀ ਟੁੱਟਦਾ ਹੈ, ਅਰ ਅਸੀਂ ਵਧੀਕ ਮਿਹਨਤ ਵਾਲਾ ਕੰਮ ਦੇਖ ਕੇ ਜੀ ਚੁਰਾਂਦੇ ਹਾਂ, ਜਿਸ ਕਰਕੇ ਅਸੀਂ 'ਧੱਕ ਦੇਣਾ' 'ਧ੍ਰਿਕਾਰ ਦੇਣਾ' ਦਾਰੂ ਸਮਝਦੇ ਹਾਂ, ਜਾਂ ਸਖ਼ਤੀ ਤੇ ਕਠੋਰਤਾ 'ਸਜ਼ਾ' ਦੀ ਸ਼ਕਲ ਵਿਚ ਦੇ ਕੇ ਸੁਧਾਰ ਦਾ ਪ੍ਰਬੰਧ ਕਰਦੇ ਹਾਂ, ਯਾ ਇਸ ਤੋਂ ਵੀ ਨਿਰਾਸ ਹੋ ਕੇ ਖਹਿੜਾ ਛੁਡਾਉਣ ਦੇ ਉਪਰਾਲੇ ਵਿਚ ਪੈ ਜਾਂਦੇ ਹਾਂ। ਇਹ ਪ੍ਰੇਮੀਆਂ ਦੇ ਪ੍ਰੇਮ ਦੇ ਵਰਤਾਉ ਤੋਂ ਉਲਟ ਹੈ। ਅਸੀਂ ਕਮਜ਼ੋਰ ਰੂਹਾਂ ਹਾਂ, ਜੇ ਅਸੀਂ (ਪਰਮਾਰਥ ਦੇ ਰਾਹ) ਚਾਰ ਕਦਮ ਟੁਰ ਪਏ ਹਾਂ ਤਾਂ ਸਾਥੀਆਂ ਲਈ ਅਸੀਂ ਮਦਦ ਹੋਣੇ ਚਾਹੀਦੇ ਹਾਂ।

ਉਹ ਬੀਬੀ ਅਭਾਗ ਹੈ ਜਿਸ ਦੇ ਆਤਮਾ ਵਿਚ ਪਿਆਰ ਦੀ ਰੌਂ ਤੇ ਸਤਿਕਾਰ ਦਾ ਵਲਵਲਾ ਆਪਣੇ ਸਤਿਸੰਗੀ ਪਤੀ ਲਈ ਪੈਦਾ ਨਹੀਂ ਹੁੰਦਾ। ਉਸ ਦਾ ਕਾਰਨ ਉਸ ਦੀ ਕਮਜ਼ੋਰੀ ਹੈ ਅਰ ਕਮਜ਼ੋਰੀ ਸਦਾ 'ਤਰਸ-ਯੋਗ' ਹਾਲਤ ਹੈ। ਉਸ ਦੀ ਵਿਦਯਾ ਅੱਛੀ ਨਹੀਂ ਹੋਈ। ਸ਼ੋਕ ਹੈ ਕਿ ਨਵੀਨ ਵਿਦਯਾ ਰਾਹੀਂ ਆਸ਼ਰਮਾਂ ਵਿਚ ਇਸਤ੍ਰੀਆਂ ਨੂੰ ਹਕੂਕ ਤੇ ਦਸਤਕਾਰੀ ਸਿਖਾਈ ਜਾਂਦੀ ਹੈ ਪਰ ਸਹਿਨਸ਼ੀਲਤਾ, ਪਿਆਰ, ਉਪਕਾਰ, ਨਿੰਮ੍ਰਤਾ ਤੇ ਆਦਰ ਨਹੀਂ ਸਿਖਾਇਆ ਜਾਂਦਾ। ਘਰਾਂ ਵਿਚ ਸੱਸਾਂ ਸਖਤੀ ਕਰਕੇ ਝੂਠ ਤੇ ਕਪਟ ਸਿਖਾਂਦੀਆਂ, ਇਹ ਸਾਰਾ ਕੁਛ ਉਸ ਨਿਤਾਣੀ ਰੂਹ ਦੀ ਇਸ ਹਾਲਤ ਦਾ ਜ਼ਿੰਮੇਵਾਰ ਹੈ। ਉਹ ਪਤੀ ਜੀ ਤੋਂ ਸਦਾ ਵਿੱਥ ਤੇ ਰਹੀ ਅਰ ਉਨ੍ਹਾਂ ਨੂੰ ਆਪਣੇ ਸਤਿਸੰਗ ਨਾਲ ਸੁਧਾਰਨ ਦਾ ਸਮਾਂ ਨਹੀਂ ਲੱਭਾ, ਇਹ ਦੂਸਰਾ ਕਾਰਨ ਹੈ।

ਇਹ ਕਹਿਣਾ ਕਿ ਉਸ ਦੀ birth low ਹੈ ਜਾਂ ਕਮੀਨ ਘਰਾਣੇ ਦਾ ਜੰਮ ਹੈ, ਚੰਗਾ ਨਹੀਂ।

'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।'

ਉਹ ਬੀਬੀ ਬੀਮਾਰ ਹੈ, ਰੂਹਾਨੀ ਬੀਮਾਰੀ ਹੈ, ਰੂਹਾਨੀ ਕਮਜ਼ੋਰੀ ਹੈ। ਡਾਕਟਰ ਦਾ ਧਰਮ 'ਤ੍ਰਾਹ ਦੇਣਾ' ਨਹੀਂ ਪਰ 'ਇਲਾਜ ਕਰਨਾ' ਹੈ, ਸੋ ਇਲਾਜ ਕਰੋ।

ਬੀਮਾਰਾਂ ਲਈ ਵੈਦ 'ਨਫਰਤ' ਨਹੀਂ ਵਰਤਦਾ, ਪਰ ਉਸ ਦੇ ਹਿਰਦੇ 'ਤਰਸ' ਉਪਜਦਾ ਹੈ। ਫੇਰ ਰੂਹਾਨੀ ਬੀਮਾਰਾਂ ਲਈ ਕਿਉਂ 'ਨਫਰਤ' ਦਾਰੂ ਹੈ ਤੇ 'ਤਰਸ' ਦਾਰੂ ਨਹੀਂ ? ਸੋ ਸਾਰੇ ਵੀਰ ਤੇ ਭੈਣਾਂ ਰਲ ਕੇ ਉਸ ਨਿਰਬਲ ਭੈਣ ਲਈ ਤਰਸ ਕਰੋ ਤੇ ਆਪੋ ਆਪਣੀ ਕਮਾਈ ਦੇ ਹਿੱਸੇ ਵਿਚੋਂ ਥੋੜ੍ਹਾ ਥੋੜ੍ਹਾ ਦਾਨ ਕਰਕੇ ਉਸ ਦੀ ਰੂਹ ਵਿਚ ਤਾਕਤ ਭਰੋ।

ਮੈਂ ਆਪ ਦੀ ਯਾਂ ਉਸ ਦੇ ਪਤੀ ਦੇ ਸਹਾਰੇ ਤੇ ਖਿਮਾਂ ਨੂੰ ਉਲਾਂਭਾ ਨਹੀਂ ਦੇ ਰਿਹਾ, ਨਾ ਉਸ ਦਾ ਮੁੱਲ, ਘੱਟ ਪਾ ਰਿਹਾ ਹਾਂ; ਪਰ ਚਾਹੁੰਦਾ ਹਾਂ ਕਿ ਹੋਰ ਹੋਵੇ। ਗੁਰੂ ਸੁਆਰੀ ਤੈਂ ਕਿਉਂ ਨਫਰਤ ਤੇ ਡਰ ਤੋਂ ਕੰਮ ਲੀਤਾ। ਗੁਰੂ ਪਿਆਰਿਆਂ ਨੂੰ ਸਦਾ ਪਿਆਰ ਤੇ ਦਇਆ ਚਾਹੀਦੀ ਹੈ, ਉਸ ਨੇ ਪਤੀ ਅਵੱਗਯਾ ਕਰਨੇ ਵਿਚ ਭਾਰੀ ਅਪਰਾਧ ਕੀਤਾ ਹੈ। ਪਰ ਜਦ ਤੁਸਾਂ ਦੇ ਦਿਲ ਵਿਚੋਂ ਉਸ ਦੀ ਸੁਰਤ ਨੂੰ ਨਾ ਪਯਾਰ ਤੇ ਦੁਰਕਾਰ ਦੇ ਲਿਬਾਸ ਦਾ ਸਿਰੋਪਾਉ ਮਿਲੇਗਾ ਤਾਂ ਤੁਸਾਂ ਦੇ ਇਹ ਖਯਾਲ ਉਸ ਨੂੰ ਹੋਰ ਡੇਗਣਗੇ।

"ਤੂੰ ਚੰਗੀ ਹੈਂ, ਚੰਗਿਆਂ ਦਾ ਸੰਗ ਕੁਸੰਗ ਨਹੀਂ ਹੁੰਦਾ।" ਇਹ ਗੱਲ ਠੀਕ ਹੈ, ਪਰ ਗੁਰੂ ਪਿਆਰਿਓ, ਅਸੀਂ ਸੰਸਾਰ ਵਿਚ ਭੁਲਿਆਂ ਨੂੰ ਔਝੜੋਂ ਕੱਢ ਕੇ ਪਿਆਰੇ, ਅਤਿ ਪਿਆਰੇ ਗੁਰੂ ਨਾਨਕ ਦੇ ਸ਼ਬਦ ਸੋਹਿਲੇ ਨਾਲ ਸੱਦਾਂ ਤੇ ਹਾਕਰਾਂ ਮਾਰ ਮਾਰ ਕੇ ਰਸਤੇ ਪਾਉਣ ਆਏ ਹਾਂ।

ਸੋ ਗੁਰੂ ਦੁਲਾਰੇ ਜੀ, ਨਾ ਡਰੋ ਤੇ ਨਾ ਪਰੇ ਹੋਵੋ, ਪਿਆਰ ਕਰੋ, ਅਰਦਾਸ ਸੋਧੋ ਤੇ ਭੁੱਲੀ, ਭਟਕੀ ਔਝੜ ਪਈ ਭੈਣ ਨੂੰ ਚੰਗਿਆਈ ਦੇ ਧਿਆਨ ਨਾਲ ਹਿਰਦੇ ਵਿਚ ਲਿਆ ਕੇ ਮੜਿ ਦਿਓ ਤੇ ਕਹੋ, "ਭੁਲੀ ਭੈਣ ! ਇਉਂ ਨਹੀਂ, ਪਰ ਇਉਂ।" ਬੇਸ਼ਕ ਇਹ ਖੇਚਲ ਦਾ ਕੰਮ ਹੈ, ਹੋ ਸਕਦਾ ਹੈ ਉਹ ਬੀਬੀ ਆਪਣੇ ਕ੍ਰੋਧ ਵਿਚ ਤੁਹਾਡਾ ਬੀ ਅਪਮਾਨ ਕਰੇ। ਪਰ ਤੁਸੀਂ ਅਪਮਾਨ ਝੱਲ ਕੇ ਪਿਆਰ ਕਰੋ ਤੇ ਗੁਰੂ ਨਾਨਕ ਦੀ ਓਟ ਲੈ ਕੇ ਪਿਆਰ ਕਰੋ। ਕੀਹ ਅਚਰਜ ਹੈ, ਗੁਰੂ ਉਸ ਨੂੰ ਬਚਾ ਲਵੇ। ਗੁਰੂ ਨਾਨਕ ਦੇ 'ਸਬਦ ਸੋਹਿਲੇ' ਦੇ ਅਸੀਂ ਹਲਕਾਰੇ ਹਾਂ, ਅਸਾਂ ਥਾਂ ਥਾਂ ਹੋਕਾ ਦੇਣਾ ਹੈ, ਕੀਹ ਜਾਣੀਏ ਕਿਹੜੀ ਆਤਮਾ ਬਚਨ ਵਾਲੀ ਹੈ। ਖਬਰੇ ਸਾਡੀ ਤ੍ਰਾਹੀ ਆਤਮਾ ਚੰਗੀ ਬਣ ਸਕੇ। ਸੋ ਨਾ ਡਰੋ :—

ਸਿਰ ਊਪਰਿ ਠਾਢਾ ਗੁਰੂ ਸੂਰਾ ॥ ਨਾਨਕ ਤਾ ਕੈ ਕਾਰਜ ਪੂਰਾ।

ਪਿਆਰ ਕਰੋ ਪਰ ਉਚੇ ਰਹਿ ਕੇ।

ਉਸ ਦੇ ਪਤੀ ਦੀ ਸਹਿਨ-ਸ਼ੀਲਤਾ ਤੇ ਸਹਾਰਾ ਧੰਨ ਹੈ, ਪਰ ਉਹ ਹੋਰ ਧਾਰੇ। ਸੁਕਰਾਤ ਦੀ ਵਹੁਟੀ ਬੜੀ ਲੜਾਕੀ ਸੀ। ਇਕ ਦਿਨ ਗਾਲ੍ਹਾਂ ਦੇਣ ਲਗੀ, ਆਪ ਪੜ੍ਹ ਰਹੇ ਸਨ। ਉਹ ਸ਼ਾਇਦ ਭਾਂਡੇ ਸਾਂਭ ਸਿਤਰ ਰਹੀ ਸੀ। ਜਦ ਗਾਲ੍ਹਾਂ ਦੇ ਦੇ ਕੇ ਹਾਰ ਗਈ, ਤੇ ਉਹ ਖਿਮਾ ਰੂਪ ਬੋਲੇ ਹੀ ਨਾ ਤਾਂ ਉਸ ਨੇ ਭਾਂਡਿਆਂ ਦਾ ਧੋਣ ਉਸ ਦੇ ਸਿਰ ਵਿਚ ਪਾ ਦਿਤਾ। ਤਦੋਂ ਸੁਕਰਾਤ ਨੇ ਹੱਸ ਕੇ ਐਤਨਾ ਹੀ ਆਖਿਆ, "ਸੱਚ ਹੈ ਜੋ ਗੱਜਦੇ ਹਨ ਉਹ ਵਸਦੇ ਬੀ ਹਨ" ਤੇ ਮੁਸਕਰਾ ਦਿਤਾ।

ਮੇਰੇ ਬਿਰਧ ਨਾਨਾ ਜੀ ਦੇ ਸੰਸਕ੍ਰਿਤ ਵਿਦਯਾ ਦੇ ਉਸਤਾਦ ਦੀ ਇਸਤ੍ਰੀ, ਚੰਡੀ ਸੀ। ਜਦ ਕਦੇ ਉਸ ਨੂੰ ਰੋਹ ਚੜ੍ਹਨਾ ਤਾਂ ਉਸ ਨੇ ਆ ਕੇ ਵਿਦਯਾਰਥੀਆਂ ਦੇ ਪੁਸਤਕ ਪਾੜ ਘੱਤਣੇ, ਪਰ ਸੰਤਾਂ ਨੇ ਹੱਸ ਕੇ ਆਖਣਾ :—

'ਦਇਆ ਕਰਦੀ ਹੈ, ਚਾਰ ਦਿਨਾਂ ਦਾ ਸਾਹ ਕਢਾਂਦੀ ਹੈ' ਤੇ ਮੁਸਕਰਾ ਦੇਣਾ।

'ਟੋਰ ਦੇਣਾ' ਦਾਰੂ ਨਹੀਂ। ਜੇ ਸੁਭਾਵ ਕਰੜਾ ਹੈ ਤਾਂ ਕਿੱਲਾਂ ਮੇਖਾਂ ਨਾਲ ਜੜ੍ਹਿਆ ਨਹੀਂ ਹੈ, ਇਹ ਹੁਣ ਦਾ ਯਾ ਪਿਛਲੇ ਕਿਸੇ ਜਨਮ ਦੇ ਕੁਸੰਗ ਦਾ ਫਲ ਹੈ, ਜੋ ਸਤਿਸੰਗ ਦੇ ਫਲ ਨਾਲ ਸੌਰ ਵੀ ਸਕਦਾ ਹੈ। ਮਿਤ੍ਰ! ਜਿਸ ਨਾਲ ਲਾਵਾਂ ਲਈਆਂ ਤੇ ਇਕਰਾਰ ਕੀਤੇ ਉਸ ਨਾਲ ਤੋੜ ਨਿਬਾਹੋ। ਜੇ ਬੀਮਾਰ ਹੋ ਗਈ ਲਈ ਸਿਵਲ ਸਰਜਨ ਸਦੇ ਜਾਂਦੇ ਹਨ ਤਾਂ ਆਤਮਾ ਦੇ ਰੋਗ ਲਈ ਵੀ ਕਿਉਂ ਨਾ "ਇਲਾਜ" ਹੀ ਕੀਤਾ ਜਾਵੇ। ਬੇਸ਼ਕ ਦੁਖ ਹੈ। ਪਰ 'ਦੁਖੁ ਦਾਰੂ ਸੁਖੁ ਰੋਗੁ ਭਇਆ'।

ਕਿਆ ਇਹ ਚੰਗਾ ਹੈ ਕਿ ਉਸ ਦਾ ਪਤੀ ਇਕੱਲਾ ਸੁਖੀ ਦਿਨ ਗੁਜ਼ਾਰੇ ? ਯਾਂ ਕੁਛ ਦਿਨ ਦੁਖੀ ਕੱਟ ਕੇ ਇਸਤ੍ਰੀ ਨੂੰ ਆਪਣੇ ਨਾਲ ਗੁਰੂ ਨਾਨਕ ਦੇ ਦਰਬਾਰ ਵਿਚ ਲੈ ਜਾਵੇ ?

ਜੋ ਆਦਮੀ ਆਪਣੇ ਜੀਵਨ ਭਰ ਵਿਚ ਇਕ ਭੁੱਲੀ ਹੋਈ ਆਤਮਾ ਨੂੰ ਕੁਰਾਹ ਤੋਂ ਕੱਢ ਕੇ ਗੁਰੂ ਨਾਨਕ ਦੇ ਰਾਜ ਵਿਚ ਪਹੁੰਚਾਂਦਾ ਹੈ ਉਸ ਨੇ ਜੀਵਨ ਦਾ ਫਲ ਪਾਇਆ। 'ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥' 'ਆਇਆ ਸਫਲ ਤਾਹੂ ਕੋ ਗਨੀਐ ॥ ਜਾ ਸੁਰਸਨ ਹਰਿ ਹਰਿ ਜਸੁ ਭਨੀਐ ॥' 'ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ, ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥'

ਦਾਰੂ ਦਿਓ, ਪਰਹੇਜ਼ ਕਰਾਓ। ਗੁਰੂ ਜੀ ਨੇ ਇਸ ਰੂਹ ਨੂੰ ਤੁਸਾਂ ਪਾਸ ਕਿਉਂ ਘੱਲਿਆ ਹੈ ? ਕੋਈ ਮਤਲਬ ਹੈ। ਉਸ ਦਾ ਪਤੀ ਚੰਗਾ ਹੈ, ਸੋ ਤੁਸੀਂ ਖੁਸ਼ ਹੋ, ਗੁਰੂ ਮਿਹਰਬਾਨ ਹੈ, ਕੋਲ ਰਖੋ, ਉਸ ਦੀ ਪਤਨੀ ਮਾੜੀ ਹੈ, ਸੋ ਤੁਸੀਂ ਖੁਸ਼ ਨਹੀਂ, 'ਕੱਢ ਦਿਓ'। ਏਥੇ ਕਿਉਂ ਗੁਰੂ ਮਿਹਰਬਾਨ ਨਹੀਂ ? ਗੁਰੂ ਸ਼ਾਇਦ ਚਾਹੁੰਦਾ ਹੈ ਕਿ ਤੁਸੀਂ ਇਸ ਰੂਹ ਦਾ ਸੁਭਾ ਪਲਟ ਦਿਓ, ਕਦੇ ਇਹ ਵੀ ਗੀਤ ਗਾਵੇ ਤੇ ਆਖੇ :

'ਜਮ ਤੇ ਉਲਟਿ ਭਏ ਹੈ ਰਾਮ।'

ਸਜਣੋਂ, ਜਿਤਨਾ ਤੁਸੀਂ ਸਾਰੇ ਜਣੇ ਆਪਣੇ ਦਿਲਾਂ ਵਿਚ ਉਸ ਨੂੰ ਬੁਰਾ ਜਾਣੋਂਗੇ ਉਤਨਾ ਉਸਦਾ ਸੁਭਾਵ ਵਿਗੜਦਾ ਜਾਏਗਾ। ਜੇ ਤੁਸੀਂ ਆਪ ਤਕੜੇ ਤੇ ਉਚ ਸੁਰਤੇ ਰਹਿ ਕੇ ਪਿਆਰ ਕਰੋ ਤੇ ਪ੍ਰੇਰੋ ਤੇ ਪਿਆਰ ਕਰੋ ਉਤਨਾ ਉਸ ਨੂੰ ਲਾਭ ਪਹੁੰਚਣ ਦੀ ਆਸ ਹੋ ਸਕਦੀ ਹੈ।

ਅਸੀਂ ਵੀ ਮਾੜੇ ਸਾਂ, ਅਸੀਂ ਅਜੇ ਵੀ ਮਾੜੇ ਹਾਂ। ਕਿਸੇ ਸਹਾਰੇ ਵਾਲੇ, ਕਿਸੇ ਉਚੇ ਪਿਆਰ ਵਾਲੇ ਨੇ ਕਦੇ ਸਾਡੇ ਮਾੜੇਪਨ ਨੂੰ ਝੱਲ ਕੇ ਸਾਡੇ ਤੇ ਮਿਹਰ ਕੀਤੀ ਸੀ, ਕਿਸੇ ਗੁਰੂ ਨਾਨਕ ਦੇ ਪਿਆਰ ਨਾਲ ਭਿੱਜੇ ਉਚੇ ਤੇ ਚੰਗੇ ਨੇ ਸਾਡੇ ਐਬਾਂ ਪਾਪਾਂ ਨੂੰ ਨਜ਼ਰ-ਅੰਦਾਜ਼ ਕਰਕੇ ਸਾਨੂੰ ਮਤਿ ਦਿਤੀ ਸੀ, ਤੇ ਰਸਤੇ ਪਾਉਣ ਦੀ ਖੇਚਲ ਉਠਾਈ ਸੀ, ਤਦ ਰਤਾ ਕੁ ਸੁਖ ਦਾ ਮੂੰਹ ਡਿੱਠਾ ਸੀ।

ਫੇਰ ਜੇ ਅੱਜ ਕੋਈ ਪਹਿਲੀ ਜਮਾਤ ਦਾ ਰੋਂਦੂ ਤੇ ਜਿੱਦਲ ਮੁੰਡਾ, ਜੋ ਪੜ੍ਹਨਾ ਨਹੀਂ

ਚਾਹੁੰਦਾ, ਸਤਿਸੰਗ ਦੀ ਪਾਠਸ਼ਾਲਾ ਵਿਚ ਆ ਗਿਆ ਹੈ ਤਾਂ ਆਪਣੇ ਪਹਿਲੇ, ਦਿਨ ਯਾਦ ਕਰਕੇ ਵਧੀਕ ਸਹਾਰੇ ਦੀ ਲੋੜ ਹੈ, ਵਧੀਕ ਪਿਆਰ ਦੀ ਲੋੜ ਹੈ, ਵਧੀਕ ਦਾਨਾਈ ਦੀ ਲੋੜ ਹੈ, ਵਧੀਕ ਮਿਹਨਤ ਦੀ ਲੋੜ ਹੈ; ਫੇਰ ਸਤਿਸੰਗ ਵਿਚ ਆ ਗਏ ਦਾ ਕਿਵੇਂ ਕੁਛ ਨਾ ਕੁਛ ਕਿਉਂ ਨਾ ਬਣੇਗਾ। ਹਰ ਕੋਈ ਭੁੱਲ ਵਿਚ ਹੈ, ਹਰ ਕੋਈ ਗ਼ਲਤੀ ਵਿਚ ਹੈ । ਜੋ ਕਠੋਰ ਹੋ ਚੁਕੇ ਪਾਪੀ ਵੀ ਹਨ ਉਹ ਭੁੱਲ ਤੋਂ ਹੀ ਸ਼ੁਰੂ ਹੋਏ ਸਨ। ਬਿਦ ਬਿਦਾ ਕੇ ਬਦੀ ਵਿਚ ਪੈਣ ਦਾ ਮੁੱਢ ਕਿਸੇ ਨਹੀਂ ਕੀਤਾ । ਬਦੀ ਕੀ ਹੈ? ਭੁੱਲ ਦਾ ਪੱਕ ਜਾਣਾ। ਰੋਜ਼ ਰੋਜ਼ ਦਰੁਸਤੀ ਸਿਖਾਇਆਂ ਬਦੀ ਦੂਰ ਹੋ ਜਾਂਦੀ ਹੈ।

ਉਨ੍ਹਾਂ ਦੋਹਾਂ ਨੂੰ ਵਿਆਹ ਨੇ 'ਇਕ' ਕੀਤਾ ਹੈ। ਇਸ 'ਇਕ' ਵਿਚੋਂ ਪਿਆਰ ਨਾਲ, ਰੜਕ ਤੇ ਰਗੜ ਦੇ ਕਿਣਕੇ ਕੱਢ ਦਿਓ। ਪਰ 'ਇਕ' ਹੋਇਆਂ ਨੂੰ 'ਦੋ' ਨਾ ਕਰੋ । ਉਸ ਨੂੰ ਨੇਕ ਖਯਾਲ ਦਾਨ ਕਰੋ, ਨੇਕ ਤੇ ਮਿੱਠੇ ਬਚਨ ਦਾਨ ਕਰੋ, ਨੇਕੀ ਤੇ ਪਿਆਰ ਦਾ ਵਰਤਾਉ ਦਾਨ ਕਰੋਂ ਨੇਕ ਸਿਖਿਆ ਤੇ ਪ੍ਰੇਰਨਾ ਦਾਨ ਕਰੋ, ਤੇ ਗੁਰੂ ਨਾਨਕ ਦੇ ਅੱਗੇ ਅਰਦਾਸਾ ਸੋਧੋ ਜੋ 'ਗੁਰ ਪਰਸਾਦਿ ਪਰਮ ਪਦ ਪਾਇਆ ਸੂਕੇ ਕਾਸਟ ਹਰਿਆ ॥ ਕਰ ਦੇਵੇਂ। ਹੋਰ ਸਭ ਤਰ੍ਹਾਂ ਸੁਖ ਹੈ। ਸਭ ਨੂੰ ਯਥਾ ਯੋਗ।

—ਵੀਰ ਸਿੰਘ

੪

14-7-1191

ਪਿਆਰੇ ਜੀ,

ਈਰਖਾ ! ਪਰਮਾਰਥ ਵਿਚ ਸਭ ਤੋਂ ਵੱਡਾ ਦੁਸ਼ਮਨ ਇਹ ਹੈ । ਪਰਮਾਰਥ 'ਪ੍ਰੇਮ' ਦਾ ਨਾਮ ਹੈ ਤੇ ਪ੍ਰੇਮ ਦੇ ਠੀਕ ਉਲਟ ਘਿਰਣਾ ਯਾ ਈਰਖਾ ਹੈ। ਕੋਈ ਸ਼ੈ ਸੁਰਤ ਨੂੰ ਇੰਨੀ ਛੇਤੀ ਰਸਾਤਲ ਨਹੀਂ ਲੈ ਜਾਂਦੀ ਜਿੰਨੀ ਛੇਤੀ ਇਹ ਲੈ ਜਾਂਦੀ ਹੈ। 'ਵਾਹਿਗੁਰੂ' ਨਾਮ ਦੇ ਪਿਆਰੇ ਧਿਆਨੀਆਂ ਦੇ ਹਿਰਦੇ ਵਿਚ ਪ੍ਰੇਮ ਚਾਹੀਦਾ ਹੈ ਪਰ ਸਤਿਸੰਗ ਦੇ ਦਾਇਰੇ ਵਿਚ ਸੁਧਾ ਪ੍ਰੇਮ। ਜਦ ਸਤਿਸੰਗ ਵਿਚ ਕਿਸੇ ਨਾਲ ਈਰਖਾ ਦਾ ਸੰਕਲਪ ਫੁਰਿਆ ਆਪਣੀ ਸੁਰਤ ਹੇਠਾਂ ਆ ਜਾਂਦੀ ਹੈ, ਫੇਰ ਚੜ੍ਹਦੀ ਨਹੀਂ ਹੈ ।

ਇਹ 'ਹਰਿ-ਧਨ' ਦਾਤ ਹੈ, ਜਿਸ ਨੂੰ ਇਹ ਮਿਲਦੀ ਹੈ, ਉਸ ਪਰ ਗੁਰੂ ਕ੍ਰਿਪਾਲੂ ਹੁੰਦਾ ਹੈ। ਜਦ ਕਿਸੇ ਸਤਿਸੰਗੀ ਦੀ ਉਚੀ ਸੁਰਤਿ ਦੇਖੀਏ. ਸਮਝੀਏ ਕਿ ਇਹ ਸਤਿਗੁਰੂ ਨੇ ਖਿਚ ਕੇ ਉਤਾਂਹ ਕੀਤੀ ਹੈ, ਅਰ ਆਪ ਵਿਚ ਬੈਠਾ ਹੈ। ਹੁਣ ਸੋਚਣ ਦੀ ਗੱਲ ਇਹ ਹੈ ਕਿ ਜਿਥੇ ਸਤਿਗੁਰੂ ਆ ਗਿਆ ਹੈ, ਉਥੇ ਸਾਡਾ ਸਿਰ ਝੁਕਣਾ ਤੇ ਪ੍ਰੇਮ ਨਾਲ ਉਤਸ਼ਾਹਤ ਹੋਣਾ ਚਾਹੀਏ ਕਿ ਈਰਖਾ ਪੈਦਾ ਨਾ ਹੋਵੇ, ਈਰਖਾ ਨਾਲ (ਧਿਆਨ ਦੇਣਾ) ਉਹ ਈਰਖਾ ਸਤਿਸੰਗ ਨਾਲ ਪਏਗੀ, ਸਤਿਗੁਰੂ ਨਾਲ ਪਏਗੀ, ਪ੍ਰੇਮ ਦੀ ਥਾਂ ਈਰਖਾ ਆ ਗਈ ।

ਦੂਸਰੀ ਵੀਚਾਰ ਇਹ ਚਾਹੀਏ ਕਿ ਗੁਰਮੁਖ ਕਿਸੇ ਪਰ ਮਿਹਰ ਕਰ ਰਹੇ ਹਨ ਤਾਂ ਸਾਡੀ ਖੁਸ਼ੀ ਉਮੰਗਣੀ ਚਾਹੀਏ । ਜੇ ਈਰਖਾ ਪੈਂਦੀ ਹੈ ਤਾਂ ਅਸੀਂ ਗੁਰਮੁਖ ਦੀ ਭੁੱਲ ਕਢ ਰਹੇ ਹਾਂ। ਫਿਰ ਅਸੀਂ ਭੁੱਲ ਕੱਢ ਸਕਦੇ ਹਾਂ ਤੇ ਸਿਖਿਆਂ ਦੇ ਸਕਦੇ ਹਾਂ ਤਾਂ ਅਸੀਂ ਉਸ ਦੇ ਗੁਰੂ ਹੋਏ, ਦੇਖੋ, ਕਿਸ ਤਰ੍ਹਾਂ ਪਾਸਾ ਪਲਟ ਜਾਂਦਾ ਹੈ । ਫੇਰ ਅਸੀਂ ਗੁਰੂ ਦੇ ਭੰਡਾਰ ਤੇ ਗੁਰਮੁਖ ਦੀ ਵੰਡ ਨੂੰ ਛੋਟਾ ਸਮਝ ਰਹੇ ਹਾਂ :—

> ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ
> ਫਿਰਿ ਲੇਖਾ ਮੂਲਿ ਨ ਲਇਆ ॥

ਇਹ ਨਿਖੁੱਟਣ ਵਾਲੀ ਦਾਤ ਨਹੀਂ । ਇਹ ਅੰਮ੍ਰਿਤ ਦਰਿਯਾ ਵਗ ਰਿਹਾ ਹੈ। ਜੇ ਕੋਈ ਹੋਰ ਇਸ ਦਰਿਯਾ ਤੋਂ ਦਸ ਗਾਗਰਾਂ ਭਰ ਰਿਹਾ ਹੈ ਤ੍ਹਾਂ ਖੁਸ਼ ਹੋਵੀਏ ਤੇ ਜੇ ਖੁਸ਼ ਨਾ ਹੋਵੀਏ ਤਾਂ ਅਸੀਂ ਦਰਿਯਾ ਨੂੰ ਟੋਇਆ ਸਮਝ ਰਹੇ ਹਾਂ ਜੋ ਮੁੱਕ ਜਾਏਗਾ, ਪਰ ਦਰਿਯਾ ਅਮੁੱਕ ਹੈ। ਅਸੀਂ ਜਿਤਨਾ ਵਧੀਕ ਪੀ ਸਕੀਏ ਪੀਵੀਏ । ਗੁਰੂ ਨਾਨਕ ਦੇਵ ਦਾ ਘਰ

ਸਮੁੰਦਰ ਹੈ । ਜਿੰਨੇ ਵਧੀਕ ਪੀਣ ਉਨੀ ਸਾਡੇ ਅੰਦਰ ਠੰਢ ਪਵੇ ਕਿ ਸ਼ੁਕਰ ਹੈ ਮੇਰੇ ਵਰਗੇ ਹੋਰ ਜੀਵ ਵੀ ਸੁਖ ਪਾ ਰਹੇ ਹਨ । ਇਹ ਤੌਖਲਾ ਕਦੀ ਨਾ ਕਰੀਏ ਕਿ ਮੈਂ ਪਿਛੇ ਰਹਿ ਜਾਊਂ, ਜਾਂ ਦਾਤਾ ਜੀ ਦਾ ਰੁਖ ਹੋਰ ਪਾਸੇ ਹੋ ਗਿਆ ਹੈ, ਉਧਰ ਮਿਹਰ ਹੈ ਤੇ ਮੈਨੂੰ ਕੌਣ ਮਦਦ ਦੇਊ । ਇਹ ਤੌਖਲੇ ਦਾਤਾ ਜੀ ਦੀ ਤੇ ਸਤਿਗੁਰੂ ਜੀ ਦੀ ਨਿਊਨਤਾ ਕਰਨ ਦੇ ਹਨ ।

ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥

ਇਹ ਦ੍ਰਿਸ਼ਟੀ ਚਾਹੀਦੀ ਹੈ । ਸੁਰਤੇ ਸਾਈਂ ਲੋਕ ਇਕ ਖਿਣ ਇਕੋ ਵਕਤ ਵਿਚ ਲੱਖਾਂ ਸੁਜਣਾਂ ਦੀ ਸੁਰਤਿ ਨੂੰ ਇਕ ਦਮ ਚੁਕ ਸਕਦੇ ਹਨ । ਸਤਿਗੁਰੂ ਆਖਦੇ ਹਨ :—

ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥

ਇਹ ਈਰਖਾ ਜਿਸ ਨਾਲ ਕਰੀਦੀ ਹੈ ਉਹਦਾ ਤਾਂ ਖਬਰੇ ਕਦ ਨੁਕਸਾਨ ਕਰਸੀ, ਆਪਣੀ ਸੁਰਤ ਉਸੇ ਦਮ ਪਤਾਲ ਨੂੰ ਜਾਂਦੀ ਹੈ, ਆਪਣਾ ਭਲਾ ਮਾਰਿਆ ਜਾਂਦਾ ਹੈ। ਸਾਧ ਸੰਗਤ ਵਿਚ ਪੈਰ ਧਰਨੇ ਦਾ ਪਹਿਲਾ ਅਸੂਲ ਇਸ ਨੂੰ ਜਿੱਤਣ ਦਾ ਹੈ । ਸਤਿਗੁਰ ਆਖਦੇ ਹਨ :—

"ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ ਰਹਾਉ ।
ਨਾ ਕੋ ਬੈਰੀ ਨਹੀਂ ਬਿਗਾਨਾ । ਸਗਲ ਸੰਗਿ ਹਮ ਕਉ ਬਨਿਆਈ ।"

ਇਹ ਸਤਿਸੰਗ ਦਾ ਮੰਡਲ ਹੈ ਜੋ ਪ੍ਰੇਮ ਦਾ ਹੁੰਦਾ ਹੈ, ਇਸ ਵਿਚ ਤੌਖਲੇ ਭਰਮ ਨੂੰ ਕੋਈ ਥਾਂ ਨਹੀਂ । ਈਰਖਾ ਵੀ ਤੌਖਲੇ ਤੋਂ ਪੈਦਾ ਹੁੰਦੀ ਹੈ । ਜਨਮ ਜਨਮ ਤੋਂ ਤੌਖਲੇ ਵਿਚ ਦਬੇ ਹੋਏ ਜਦ ਅਸੀਂ ਸਤਿਸੰਗ ਵਿਚ ਆਉਂਦੇ ਹਾਂ ਤਾਂ ਉਥੇ ਵੀ ਇਹ ਭਰਮ ਪੈਂਦਾ ਹੈ ਕਿ ਮਤਾਂ ਮੈਂ ਪਿਛੇ ਨਾ ਰਹਿ ਜਾਵਾਂ ਤੇ ਕੋਈ ਮੈਥੋਂ ਅਗੇ ਨਾ ਲੰਘ ਜਾਵੇ । ਇਹ ਪਿਛਲੇ ਚੰਡਾਲਾਂ ਦੇ ਪਿੰਡ ਦੀ ਬਾਣ ਹੈ, ਜਿਸ ਵਿਚ ਅਸੀਂ ਪਹਿਲੇ ਵਸਦੇ ਰਹੇ ਹਾਂ । ਹੁਣ ਗੁਰੂ ਨਾਨਕ ਦੇ ਪਿੰਡ ਵਿਚ ਏਸ ਦੀ ਕੋਈ ਥਾਂ ਨਹੀਂ । ਇਥੇ ਗੁਰੂ ਨਾਨਕ ਦਾ ਸੁਭਾ ਟੁਰਦਾ ਹੈ, ਉਹ ਪ੍ਰੇਮ, ਠੰਢ, ਖੁਸ਼ੀ, ਉਮਾਹ, ਦਯਾ, ਰਸ ਤੇ ਅਨੰਦ ਹੈ, ਜਿਸ ਦੀ ਜੜ੍ਹ ਸਿਮਰਨ ਤੇ ਹਜ਼ੂਰੀ ਵਿਚ ਲੱਗੀ ਹੋਈ ਹੈ ।

ਏਸ ਘਰ ਦਾ ਪੁੱਠਾ ਰਾਹ ਹੈ । ਜੇ ਦਾਤਾ ਜੀ ਕਿਸੇ ਪਰ ਵਧੀਕ ਕ੍ਰਿਪਾਲੂ ਦਿਸਦੇ ਹਨ ਤਾਂ ਖੁਸ਼ੀ ਦਾ ਨਸ਼ਾ ਚੜ੍ਹ ਜਾਵੇ ਕਿ ਆਹ ! ਸਾਡੇ ਵਿਚੋਂ ਕੋਈ ਰੂਹ ਪੁਗਣ ਲਗੀ ਹੈ, ਇਹ ਚੰਗਾ ਹੈ, ਕਿਉਂਕਿ ਚੰਗੇ ਨੂੰ ਚੰਗਾ ਲਗ ਗਿਆ ਹੈ । ਆਓ, ਇਸ ਦੇ ਚਰਨਾਂ ਦੀ ਧੂੜੀ ਬਣੀਏ ਜੋ ਸਾਡੀ ਚੰਗਿਆਈ ਵਧ ਜਾਵੇ । ਜਿਸ ਵਲ ਸਤਿਗੁਰ ਦੀ ਪਿਆਰ ਦੀ ਨਿਗਾਹ ਹੈ, ਜੇ ਅਸੀਂ ਸਤਿਗੁਰ ਦੇ ਪਿਆਰੇ ਹਾਂ ਤਾਂ ਉਸ ਪਾਸੇ ਸਾਡੀ ਪਿਆਰ ਦੀ ਨਿਗਾਹ ਪਵੇ । ਇਹ ਵਹਿਮ ਕਦੇ ਨਾ ਕਰੋ ਕਿ ਵਾਹਿਗੁਰੂ ਕਿਸੇ ਖੁਸ਼ਾਮਦ, ਰੂਪ, ਪਦਾਰਥ, ਖ਼ਾਤਰ ਨਾਲ ਭੁਲੇਖੇ ਵਿਚ ਪੈ ਸਕਦਾ ਹੈ । ਗੁਰੂ ਤੇ ਕਰਤਾਰ ਅਭੁੱਲ ਹੁੰਦੇ ਹਨ । ਕੰਮ ਕਰਨ ਵਾਲਾ ਗੁਰੂ ਨਾਨਕ ਆਪ ਹੈ; ਫਿਰ ਭੁਲ ਕਿਥੇ ? ਤਾਂ ਤੇ ਸਦਾ ਸਤਿਗੁਰੂ ਨੂੰ ਚੰਗਾ ਤੇ ਉਚਾ ਕਰਕੇ ਜਾਣੀਏ ।

—ਵੀਰ ਸਿੰਘ

੫

10-11-1911

ਪਿਆਰੇ ਜੀ,

ਸਿਹਤ ਆਪਣੀ ਆਪਣੇ ਖਿਆਲ ਦੇ ਅਧੀਨ ਹੈ। ਤੁਹਾਡਾ ਇਹ ਖਿਆਲ ਕਰਨਾ ਕਿ ਮੈਂ ਬੀਮਾਰ ਹਾਂ, ਛੱਡੋ। ਸਤਿਗੁਰੂ ਦੇ ਪਿਆਰ ਵਿਚ ਖੁਸ਼ ਰਿਹਾ ਕਰੋ ਅਤੇ ਆਪਣੇ ਸਰੀਰ ਦੇ ਅਵੈਵਾਂ ਨੂੰ ਆਪਣੇ ਹੁਕਮ ਵਿਚ ਕਰੋ। ਇਕ ਇਕ ਕਿਣਕਾ ਇਕ ਇਕ ਨਾੜ ਤੇ ਪੱਠਾ ਸਰੀਰ ਦਾ ਸਾਡੀ ਮਰਜ਼ੀ ਦੇ ਤਾਬੇ ਹੈ, ਜੇ ਮਰਜ਼ੀ ਵਾਹਿਗੁਰੂ ਦੇ ਭਰੋਸੇ ਵਿਚ ਲਾਈਏ ਕਿ ਉਹ ਸਾਡੇ ਨਾਲ ਹੈ ਤੇ ਪਿਆਰ ਕਰਦਾ ਹੈ, ਫੇਰ ਮਰਜ਼ੀ ਵਿਚ ਤਾਕਤ ਭਰਦੀ ਹੈ। ਤਾਕਤ ਵਾਲੀ ਮਰਜ਼ੀ ਸਰੀਰ ਨੂੰ ਅਰੋਗ ਰੱਖ ਸਕਦੀ ਹੈ। ਤੁਸੀਂ ਸ਼ੱਕ ਨੂੰ ਤਬੀਅਤ ਵਿਚੋਂ ਕਢੋ ਅਰ ਆਪਣੇ ਸਰੀਰ ਦੇ ਅਵੈਵਾਂ ਨੂੰ ਹੁਕਮ ਵਿਚ ਰਖੋ ਕਿ ਸਦਾ ਤੰਦਰੁਸਤ ਰਹਿਣਾ ਹੈ। ਸੁਰਤ ਉਚੀ ਰਖੋ ਅਰ ਕਦੇ ਨਾ ਢਹਿੰਦੀਆਂ ਕਲਾਂ ਵਿਚ ਜਾਓ।

ਖੁਲ੍ਹੀ ਹਵਾ ਵਿਚ ਰਹੋ, ਖੁਲ੍ਹੀ ਰੌਸ਼ਨੀ ਤੇ ਧੁਪ ਵਿਚ ਫਿਰੋ। ਕੁਦਰਤ ਨਾਲ ਦੋਸਤੀ ਪਾਓ, ਕੋਈ ਫਿਕਰ ਸੰਸਾ ਨਾ ਲਾਓ। ਤੁਸੀਂ ਅਨੰਦ ਰਹਿਣ ਲਈ ਬਣਾਏ ਗਏ ਹੋ। ਸੋ ਅੰਦਰ ਸਤਿਗੁਰੂ ਨੂੰ ਪਿਆਰਾ ਸਮਝ ਕੇ ਇਸ ਸਵਾਦ ਵਿਚ ਰਿਹਾ ਕਰੋ ਕਿ ਸਤਿਗੁਰੂ ਮੇਰੇ ਨਾਲ ਹੈ ਅਰ ਮੈਨੂੰ ਪਿਆਰ ਕਰ ਰਿਹਾ ਹੈ।

ਜਿਸ ਦੇ ਨਾਲ ਸਤਿਗੁਰੂ ਹੋਵੇ ਉਸ ਨੂੰ ਕਾਹਦਾ ਰੋਗ ਹੈ, ਕਾਹਦਾ ਭੈ ਹੈ ਤੇ ਕਾਹਦਾ ਭਰਮ ? ਸਤਿਗੁਰੂ ਦੇ ਪਿਆਰ ਵਿਚ ਰਹੋ। ਇਸ ਚਾਨਣੇ ਟੁਰੋ ਤੁਸੀਂ ਰੋਗੀਆਂ ਦੇ ਰੋਗ ਦੂਰ ਕਰਨ ਦੇ ਸਮਰਥ ਹੋ ਜਾ ਸਕਦੇ ਹੋ। ਸ਼ੱਕ ਨਾ ਕਰਿਆ ਕਰੋ, ਡੋਲਿਆ ਨਾ ਕਰੋ। 'ਸਤਿਗੁਰੂ ਪਿਆਰ ਕਰਦਾ ਹੈ' ਇਹ ਹੁਲਾਸ ਲਗਾਤਾਰ ਅੰਦਰ ਰਖਿਆ ਕਰੋ, ਹੋਰ ਕੋਈ ਸੋਚ ਚਿਤਾ ਨੇੜੇ ਨਾ ਫਟਕਣ ਦਿਆ ਕਰੋ। ਪਾਪੀ-ਪੁੰਨੀ ਦਾ ਸੰਕਲਪ ਛੱਡ ਕੇ ਕੇਵਲ ਸਤਿਗੁਰੂ ਦੀ ਯਾਦ ਪਕਾਓ। ਯਾਦ ਵਾਲੇ ਪਿਆਰ ਵਿਚ ਰਹਿੰਦੇ ਹਨ, ਪਿਆਰ ਵਾਲੇ ਦੁਖ ਨਹੀਂ ਪਾਂਦੇ।

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥ (ਆਸਾ ਮਹਲਾ ੫—੯੩)

ਇਹ ਰਸਤਾ ਸਰੀਰ ਨੂੰ ਅਰੋਗ ਕਰਨ ਦਾ ਹੈ, ਜੇ ਤੁਸੀਂ ਐਦਾਂ ਕਰੋ ਤਾਂ ਸੁਖੀ ਰਹੋ।

—ਵੀਰ ਸਿੰਘ

੬

10-2-1912

ਪਿਆਰੇ ਜੀ,

ਸਤਿਗੁਰੂ ਜੀ ਦੀ ਮੂਰਤ ਤੋਂ ਉਨ੍ਹਾਂ ਦੀ ਸੂਰਤ ਦਿੱਸਣ ਦਾ ਜ਼ੋਰ ਨਹੀਂ ਲਾਉਣਾ। ਇਸ ਵਿਚ ਨੁਕਸਾਨ ਦਾ ਡਰ ਹੁੰਦਾ ਹੈ। ਕੇਵਲ ਇਹ ਪਕਾਉਣਾ ਹੈ ਕਿ ਉਹ ਮੇਰੇ ਪਾਸ ਹਨ। ਧਿਆਨ ਦੇ ੩ ਦਰਜੇ ਹਨ, ਇਕ ਵਹਿਮ, ਫਿਰ ਖਿਆਲ ਤੇ ਫਿਰ ਧਿਆਨ, ਸੋ ਦਰਜੇ ਵਾਰ ਚੰਗਾ ਹੁੰਦਾ ਹੈ। ਕਿਉਂਕਿ ਜਦ ਤਕ ਪ੍ਰਵਾਹ ਨਾ ਪਵੇ ਟਿਕਾਉ ਨਹੀਂ ਹੁੰਦਾ। ਪਹਿਲਾਂ ਬਾਣੀ ਤੇ ਸਤਿਗੁਰ ਦਾ ਵਹਿਮ ਇਸ ਲਈ ਪਕਾਈਦਾ ਹੈ ਕਿ ਤਬੀਅਤ ਨੂੰ ਪ੍ਰਵਾਹ ਪੈ ਜਾਏ ਤੇ ਅੰਦਰ ਗ੍ਰਹਿਣ ਦੀ ਸ਼ਕਤੀ ਵਧੇ। ਹੋਰ ਸ਼ੈ ਤਾਂ ਦਾਤੇ ਦੀ ਹੈ ਤੇ ਦਾਤਾ ਦਾਨ ਕਰ ਰਿਹਾ ਹੈ। ਦਾਤਾ ਜੀ ਦੀ ਮਿਹਰ ਨੂੰ ਗ੍ਰਹਿਣ ਕਰਨ ਲਈ ਮਿਹਨਤ ਚਾਹੀਦੀ ਹੈ। ਇਹ ਜੋ ਸੁਆਦ ਫੁਲਵਾੜੀ ਨੂੰ ਪੈਂਦਾ ਹੈ ਤੇ ਰਸ ਦਾ ਝਲਕਾ ਵਜਦਾ ਹੈ ਇਹ ਦਾਤੇ ਦੀ ਮਿਹਰ ਹੈ। ਉਹ ਕਿਰਪਾ ਦੇ ਫੇਰੇ ਪਾਂਦੇ ਹਨ, ਇਸ ਦਾ ਰਸ ਅੱਠੇ ਪਹਿਰ ਰਹਿਣਾ ਚਾਹੀਦਾ ਹੈ। ਇਸ ਕਰਕੇ ਸੁਰਤ ਦਾ ਪ੍ਰਵਾਹ ਅਠੇ ਪਹਿਰ ਸਿਮਰਨ ਵਿਚ ਪਕਾਉਣਾ ਚਾਹੀਏ, ਧੰਨ ਗੁਰੂ ਜੀ ਹਨ। ਸਾਈਂ ਨੂੰ ਯਾਦ ਰਖਿਆ ਕਰੋ ਤੇ ਖੀਵੇ ਰਿਹਾ ਕਰੋ :—

ਜਿਸ ਵਾੜੀ ਦੇ ਫੁਲ ਸੁਹਾਵੇ ਹਰਿ ਨਾਮ ਜਪੰਨ।
ਵਧਣ ਫੂਲਣ ਤੇ ਖਿੜਨ ਨਿਤ ਅੰਮ੍ਰਿਤ ਪੁਸ਼ਪ ਲਗੰਨ।

—ਵੀਰ ਸਿੰਘ

੨

14-2-1912

ਪਿਆਰੇ ਜੀ,

ਸ਼ਹਿਨਸ਼ਾਹ ਦੇ ਬਚੜੇ ਸਹਿਜ਼ਾਦੇ ਤੇ ਸ਼ਹਿਜ਼ਾਦੀਆਂ ਹੁੰਦੇ ਹਨ। ਸ਼ਹਿਨਸ਼ਾਹ ਦੇ ਹੋ ਕੇ ਨਿਤਾਣੇ ਨਹੀਂ ਬਣੀਦਾ। ਦੁਖਾਂ ਦੇ ਸਾਹਮਣੇ ਝੁਕੀਦਾ ਨਹੀਂ, ਦੁਖਾਂ ਦਾ ਮੁਕਾਬਲਾ ਕਰੀਦਾ ਹੈ। ਜੋ ਮੁਕਾਬਲਾ ਕਰਦਾ ਹੈ ਉਹੀ ਬਲਵਾਨ ਹੁੰਦਾ ਹੈ ਤੇ ਅੰਤ ਫਤਹ ਪਾਂਦਾ ਹੈ। ਦੁਖ ਸੁਰਤ ਨੂੰ ਪਕਾਂਦੇ ਤੇ ਮਜ਼ਬੂਤ ਕਰਦੇ ਹਨ। ਵਾਹਿਗੁਰੂ ਜਿਥੇ ਆਪਣੇ ਪਿਆਰਿਆਂ ਨੂੰ ਰੱਖਦਾ ਹੈ, ਉਥੇ ਕੁਛ ਲਾਭ ਲਈ ਰਖਦਾ ਹੈ। ਜੇ ਦੁਖਦਾਈ ਸਾਮਾਨ ਦੁਆਲੇ ਕਰਦਾ ਹੈ ਤਾਂ ਰਖਿਆ ਵੀ ਆਪ ਕਰਦਾ ਹੈ।

'ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ ਆਪੇ ਰਾਖਾ ਸੋਈ ॥'

ਸ਼ੇਰ ਬੱਚੇ ਹੋ ਕੇ ਸ਼ੇਰ ਰਹੀਦਾ ਹੈ। 'ਨਾਮ' ਦੇ ਦੀਵੇ ਵਿਚ ਦੁਖਾਂ ਨੂੰ ਤੇਲ ਪਾ ਕੇ ਬਾਲੀਦਾ ਹੈ। "ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥" ਜਿਉਂ ਜਿਉਂ ਦੀਵਾ ਬਲਦਾ ਹੈ, ਅੰਦਰ ਪ੍ਰਕਾਸ਼ ਵਧਦਾ ਹੈ ਤੇ ਦੁਖਾਂ ਦਾ ਤੇਲ ਸੜਦਾ ਹੈ। ਸ਼ੁਕਰ ਕਰਿਆ ਕਰੋ ਕਿ ਐਸੀ ਦਸ਼ਾ ਵਿਚ ਵਾਹਿਗੁਰੂ ਤੁਹਾਨੂੰ "ਆਤਮ ਰਸ" ਦੇ ਰਿਹਾ ਹੈ। ਤਕੜੇ ਹੋਵੋ ਮੌਤ ਯਾਦ ਹੀ ਨਹੀਂ ਕਰੀਦੀ। ਜੋ ਹਰਦਮ ਸਿਮਰਨ ਵਿਚ ਹੈ ਉਸ ਨੇ ਕਾਲ ਨੂੰ ਜਿੱਤ ਲੀਤਾ ਹੈ। ਜੋ "ਹੁਣ" ਵਿਚ ਆਪਣੇ ਸਿਰਜਣਹਾਰ ਦੀ ਹਜ਼ੂਰੀ ਵਿਚ ਰਹਿੰਦਾ ਹੈ, ਉਹ ਐਸਾ ਕਰਦਾ ਹੋਇਆ ਅਮਰ ਹੋ ਗਿਆ ਹੈ। ਮੌਤ ਕੀ ਸ਼ੈ ਹੈ? ਜਦ ਉਸ ਨੇ ਕਾਲ ਨੂੰ ਮਾਰ ਲਿਆ ਹੈ ਤਾਂ ਮੌਤ ਕੀਹ ਹੈ? ਆਪਣੇ ਅੰਦਰ ਅੰਮ੍ਰਿਤ ਭਰਪੂਰ ਹੈ, ਬਾਹਰੋਂ ਕਿਸ ਸ਼ੈ ਦੀ ਲੋੜ ਹੈ? ਰੋਗ ਨੂੰ ਆਪ ਕੱਪਣਾ ਚਾਹੀਏ। ਰੋਗ ਵੀ ਸੁਰਤਿ ਨੂੰ ਵਿਤੋਂ ਵੱਧ ਖਿੱਚਣ ਨਾਲ ਜਾਂ ਗ਼ਮ ਫਿਕਰ ਵਿਚ ਅਭਿਆਸ ਕਰਨ ਤੇ ਹਟਦਾ ਨਹੀਂ। ਚੜ੍ਹਦੀ ਕਲਾ ਵਿਚ, ਨਿੱਕੇ ਨਿੱਕੇ ਰਸ ਵਿਚ, ਖਿੜਾਉ, ਹੁਲਾਸ ਤੇ ਉਤਸਾਹ ਵਿਚ ਨਾਮ ਜਪਿਆ ਕਰੋ, ਬੀਮਾਰੀ ਆਪ ਉਠ ਜਾਵੇਗੀ, ਬੀਮਾਰੀ ਕੋਈ ਸ਼ੈ ਨਹੀਂ। ਆਪਣਾ ਦ੍ਰਿੜ ਵਹਿਮ ਬੀਮਾਰੀ ਹੈ। ਸੁਰਤ ਦਾ ਖਿਆਲ ਬੀਮਾਰੀ ਵਾਲੀ ਥਾਂ ਜਮਾ ਕੇ ਬਾਣੀ ਨਾਮ ਜਪਿਆ ਕਰੋ, ਪੱਕੇ ਵਿਸ਼ਵਾਸ਼ ਵਿਚ ਰੋਗ ਰਾਜ਼ੀ ਹੋ ਰਿਹਾ ਹੈ। ਆਪਣੇ ਸਰੀਰ ਦੇ ਕਿਣਕੇ ਕਿਣਕੇ ਤੇ ਹੁਕਮ ਕਰੋ। ਸ਼ਾਹਾਂ ਦੇ ਬੱਚੇ ਰਾਜ ਕਮਾਂਦੇ ਹਨ। ਆਪਣ ਮਨ ਤੇ ਸਰੀਰ ਤੇ ਰਾਜ ਕਰੋ। ਹੁਕਮ ਦਿਉ ਕਿ ਸਰੀਰ ਦੇ ਅਵੈਵ ਰੋਗ ਨੂੰ ਕੱਢ ਦੇਣ।

ਭਰੋਸਾ ਕਰੋ ਕਿ ਬੀਮਾਰੀ ਘਟ ਰਹੀ ਹੈ। ਸਿੱਖੀ ਏਸੇ ਗੱਲ ਦਾ ਨਾਮ ਹੈ ਕਿ ਅਸਲ ਗੱਲ ਸਿੱਖੀ ਜਾਵੇ ਅਰ ਸ਼ੇਰ ਹੋ ਜਾਵੇ। ਸ਼ੇਰ ਰਹੋ ਤੇ ਰਾਜ ਜੋਗ ਕਮਾਓ। ਏਸੇ ਮੌਜ ਲਈ ਅਸੀਂ ਆਏ ਹਾਂ ਕਿ ਆਪਣੇ ਅੰਦਰ ਜੁੜੇ ਰਹੀਏ, ਠੰਢੇ ਰਹੀਏ, ਖੁਸ਼ੀ ਰਹੀਏ, ਉਤਸ਼ਾਹ ਵਿਚ ਰਹੀਏ, ਅਰ ਸ਼ੇਰ ਵਾਂਙੂ ਤਕੜੇ ਤੇ ਤਿਆਰ ਬਰ ਤਿਆਰ ਰਹੀਏ। ਜਿਸ ਵੇਲੇ ਬਾਕੀ ਸੰਸਾਰ 'ਨਾ ਸਿਖਯਾ' ਹੋਣ ਕਰਕੇ ਹਾਹੁਕੇ ਭਰ ਰਿਹਾ ਹੈ ਉਸ ਵੇਲੇ ਅਸੀਂ ਸਿੱਖੇ ਹੋਣ ਕਰਕੇ (ਅਰਥਾਤ) ਸਿਖ ਹੋਣ ਕਰਕੇ ਸੁਖੀ ਤੇ ਖੁਸ਼ੀ ਹਾਂ ਅਰ ਇਹ ਕਹਿ ਰਹੇ ਹਾਂ :—

ਵਾਹਿਗੁਰੂ ਨਾਲ ਲਾਵੀਂ ਨੇਹੁੰ। ਹੱਸ ਕੇ ਗੁਜ਼ਾਰੀਂ ਦੇਹੁੰ।

—ਵੀਰ ਸਿੰਘ

੮

31-7-1912

ਪਿਆਰੇ ਜੀ,

ਘਬਰਾ ਤੇ ਕਾਹਲ ਵਿਚ ਕਦੇ ਨਹੀਂ ਪੈਣਾ; ਸਿਮਰਨ ਵਿਚ ਸਦਾ ਵਸੋ। ਜਿਥੇ ਜਲ ਹੋਵੇ ਉਥੇ ਸਾਰੀ ਤਰ੍ਹਾਂ ਦੇ ਬੂਟੇ ਪੈਦਾ ਹੋ ਜਾਂਦੇ ਹਨ, ਅਰ ਹਰ ਤਰ੍ਹਾਂ ਦੇ ਜਾਨਵਰ, ਪੰਛੀ, ਆਦਮੀ, ਸਾਧੂ ਸੰਤ ਆਉਂਦੇ ਹਨ। ਇਸੇ ਤਰ੍ਹਾਂ ਜਿਸ ਸਰੀਰ ਵਿਚ ਸਿਮਰਨ ਵਸਦਾ ਹੈ, ਉਸ ਵਿਚ ਸਾਰੇ ਗੁਣ, ਸਾਰੀਆਂ ਨੇਕੀਆਂ ਆ ਵਾਸਾ ਕਰਦੀਆਂ ਹਨ। 'ਦਮ ਖਾਲੀ ਨਾ ਜਾਏ' ਕੇਵਲ ਇਹ ਹਾਹੁਕਾ ਚਾਹੀਦਾ ਹੈ। ਬਾਕੀ 'ਹਊ ਪਰੇ' ਕਰ ਛੱਡੀ। ਭਰਮ, ਸੰਸਾ, ਮੋਹ, ਵੈਰ, ਭੈ, ਇਨ੍ਹਾਂ ਦਾ ਅਸਰ ਮਨ ਤੇ ਨਾ ਪੈਣ ਦਿਤਾ, ਜਿੰਨਾਂ ਇਹ ਅਸਰ ਘਟੇਗਾ ਉਨਾ ਹੀ ਨਾਮ ਹੁਲਾਰਿਆਂ ਵਿਚ ਆਵੇਗਾ। ਜਦ ਸ੍ਰੀ ਗੁਰੂ ਪੰਚਮ ਜੀ ਵਰ ਲੈ ਕੇ ਆਏ ਤਾਂ ਮਾਤਾ ਭਾਨੀ ਜੀ ਇਹੋ ਅਸੀਸ ਦਿਤੀ ਸੀ :—

ਪੂਤਾ ਮਾਤਾ ਕੀ ਆਸੀਸ ॥
ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥

ਏਹੋ ਮੂਲ ਗੱਲ ਹੈ। ਇਹੋ ਮਨ ਦੀ ਦਸ਼ਾ ਸਦਾ ਚਾਹੀਦੀ ਹੈ। ਮਨ ਹਰ ਵੇਲੇ ਸਾਂਈਂ ਲਈ ਖੁਲ੍ਹਾ ਰਹਵੇ ਤੇ ਉਸ ਦਾ ਤਰੀਕਾ ਹੈ : ਰੁਖ ਹਰ ਵੇਲੇ ਉਸੇ ਪਾਸੇ ਜੁੜਿਆ ਰਹੇ। ਉਸ ਦਾ ਤਰੀਕਾ ਹੈ : ਨਾਮ ਨਾਲ ਐਉਂ ਸਦਾ ਲਗੇ ਰਹੀਏ—

ਰੇ ਮਨ ਐਸੀ ਹਰਿ ਸਿਉ ਪ੍ਰੀਤ ਕਰਿ ਜੈਸੀ ਬੂਰ ਤਲਾ॥
ਝੋਲਿ ਪਿਛਾਹਾਂ ਸਟੀਏ ਭੀ ਗਲ ਲਗੇ ਧਾਇ ॥

ਜੇ ਰੋਕਾਂ ਪੈਣ, ਮਨ ਢਹਵੇ, ਧੱਕੇ ਵੱਜਣ, ਸਗੋਂ ਭਜ ਭਜ ਕੇ ਸਿਮਰਨ ਵਿਚ ਲਗੀਏ ਤੇ ਵਾਹਿਗੁਰੂ ਦੇ ਗਲ ਚੰਬੜੀਏ। ਪਹਿਲੇ ਕੁਛ ਸਮਾਂ ਹਠ ਕਰੀਦਾ ਹੈ ਫੇਰ ਸਿਮਰਨ ਸੁਰਤ ਦੇ ਵਿਚ ਸਿੰਜਰਦਾ ਹੈ, ਤਦੋਂ ਰਸ ਪੈਦਾ ਹੁੰਦਾ ਅਰ ਮਨ ਦੀ ਦਸ਼ਾ ਰਸ ਭਰੀ ਹੋ ਜਾਂਦੀ ਹੈ। ਜਦੋਂ ਸੁਰਤ ਤੇ ਨਾਮ ਇਕਮਿਕ ਹੋ ਜਾਂਦੇ ਹਨ, ਫੇਰ ਸਹਿਜ ਆਉਂਦਾ ਹੈ, ਅਸਲ ਦਸ਼ਾ ਇਹ ਹੈ। ਪਹਿਲੀ ਮੰਜਲ ਹਠ ਨਾਲ ਹੁੰਦੀ ਹੈ।

ਹਠ ਕੀ ਹਨ ? ਰਸ ਆਵੇ ਨਾ ਆਵੇ, ਦਿਲ ਲਗੇ ਨਾ ਲਗੇ, ਮੁਸ਼ਕਲਾਂ ਪੈਣ ਚਾਹੇ ਸੌਖ ਹੋਵੇ, ਦਮ ਤੇ ਪਹਿਰਾ ਲਾ ਬੈਠੀਏ। ਦਮ ਨਾਮ ਨਾਲ ਪਰੋਂਦੇ ਕੱਢੀਏ। ਬੱਸ ਏਸ ਕਾਰੋਂ ਨਾ ਉਕੀਏ :—

ਲਗਾ ਰਹੇਂ ਤਾਂ ਲਗਾ ਰਹੁ ਹਰ ਦਮ ਕਦੀ ਨ ਡੋਲ ॥
ਲਗਾ ਰਹੇਂ ਤਾਂ ਲਾਖ ਕਾ, ਹਟੇਂ ਤਾਂ ਕਉਡੀ ਮੋਲ ॥

—ਵੀਰ ਸਿੰਘ

ਪਿਆਰੇ ਜੀਓ

੯

6-8-12

ਮਾਯਾ ਜੀ,

ਅਗੇ ਮਾਯਾ ਸੀ, ਪਰ ਹੁਣ ਪਵਿਤ੍ਰਾਤਮਾ ਅਮਾਯ ਹੋ ਜਾਓ ਜੀ ।

ਪਤ੍ਰ ਪਹੁੰਚਾ, ਉਤਰ ਦੀ ਦੇਰੀ ਦਾ ਕਾਰਨ ਆਪ ਦੇ ਪ੍ਰਾਣ ਪਿਆਰੇ ਜੀ ਨੂੰ ਲਿਖ ਦਿਤਾ ਹੈ । ਮੇਰਾ ਜੀ ਕਰਦਾ ਹੈ ਤੁਸਾਂ ਦਾ ਨਾਂ ਵਟਾ ਦਿਆਂ ਮਾਯਾ ਮੋਹਨੀ ਤਾਂ ਹੈ, ਪਰ ਕੋਸ਼ ਤੇ ਹਿੰਦੂ ਫਿਲਾਸਫੀ ਮੂਜਬ ਅੰਧੇਰਾ ਹੈ, ਅਰ ਰਬ ਤੋਂ ਮੋਹ ਕੇ ਆਪਣੇ ਵਿਚ ਰਚਾਂਦੀ ਹੈ । ਸੋ ਇਹ ਨਾਮ ਐਉਂ ਲਗਦਾ ਹੈ ਕਿ ਜਿਕੂੰ ਸਿਮਰਨ ਦੇ ਠੀਕ ਉਲਟ ਹੈ, ਤੇ ਮੇਰਾ ਜੀ ਕਰਦਾ ਹੈ ਕਿ ਪੂਰਨ ਸਿੰਘ ਦੀ ਅਧਰੰਗੀ ਕਹਿਲਾਣ ਦੇ ਫਖਰ ਵਾਲੀ ਗੁਰੂ ਸੁਆਰੀ ਆਤਮਾ ਭੁਲ ਵਿਚ ਨਾ ਰਹੇ । ਹਾਂ ।

ਉਹ ਮਾਯਾ ਭੁੱਲਣਹਾਰ ਜਾਂ ਭੁਲਾਣਹਾਰੀ ਨਾ ਰਹੇ ਸਗੋਂ ਸਿਮਰਨ ਰੂਪ ਹੋਵੇ, ਆਪ ਸਿਮਰੇ ਤੇ ਹੋਰਨਾਂ ਨੂੰ ਸਿਮਰਾਵੇ । ਮਾਯਾ ਮਾਯਾ ਨਾ ਰਹੇ ਸਗੋਂ ਬ੍ਰਹਮਰੂਪ ਹੋ ਜਾਵੇ । ਉਸ ਦਾ ਮਨ ਹੀ ਬ੍ਰਹਮਾਕਾਰ ਨਾ ਹੋਵੇ, ਉਸ ਦਾ ਸਰੀਰ; ਉਸ ਦੇ ਇੰਦ੍ਰੇ, ਸਾਰੇ ਬ੍ਰਹਮਾਕਾਰ ਹੋ ਜਾਣ, ਉਸ ਦਾ ਦਰਸ਼ਨ ਐਉਂ ਹੋ ਜਾਵੇ :—

ਜਨ ਆਵਨ ਕਾ ਇਹੈ ਸੁਆਉ ॥
ਜਨ ਕੈ ਸੰਗਿ ਚਿਤਿ ਆਵੈ ਨਾਉ ॥

ਸੋ ਹੇ ਭਾਗਵਤੀ, ਜੇ ਤੁਸਾਂ ਦਾ ਚਿਹਰਾ ਮੇਰੇ ਏਸ ਖਿਆਲ ਨਾਲ ਇਤਫਾਕ ਕਰੇ ਤਾਂ ਸਿਮਰਨ ਕਰੋ, ਅਰ ਲੱਗ ਕੇ ਕਰੋ, ਪਿਆਰ ਨਾਲ ਕਰੋ, ਧਿਆਨ ਜੋੜ ਕੇ ਕਰੋ, ਤਾਂ ਜੋ ਲਿਵ ਜਾਗ ਪਵੇ, ਲਿਵ ਪੱਕ ਜਾਵੇ ਤੇ ਫੇਰ ਮੇਰੀ ਖੁਸ਼ੀ ਮੈਨੂੰ ਉਛਾਲੇ ਦੇ ਕੇ ਆਖੇ ਕਿ ਹੁਣ ਮਾਯਾ ਨੂੰ ਸਿਮਰਨਵਤੀ ਕਰਕੇ ਲਿਖਾਂ ਜਾਂ ਲਿਵਲੀਨ ਕੌਰ ਕਰਕੇ ਲਿਖਾਂ ।

ਵਾਹਿਗੁਰੂ ਕਰੇ ਜੋ ਸਾਡੀ ਸੁਰਤ ਦੇ ਤਰੰਗ ਵਾਹਿਗੁਰੂ ਦੇ ਰੰਗ ਦੇ ਹੋਣ ਤੇ ਸਾਡੇ ਨਾਉਂ ਸੁਰਤ ਦੇ ਭਾਵ ਪ੍ਰਕਾਸ਼ਕ ਹੋ ਜਾਣ ।

ਪੂਰਨ ਪਤੀ ਦੀ ਸੰਪੂਰਨ ਬਣਨ ਵਾਲੀ ਇਸਤ੍ਰੀ, ਇਹ ਮੈਂ ਕਵਿਤਾ ਦੇ ਕਟਾਖਯਾ ਦੀ ਗੱਲ ਨਹੀਂ ਲਿਖੀ, ਸਚਮੁਚ ਮੇਰਾ ਹਿਰਦਾ ਤੁਸਾਨੂੰ ਸਿਮਰਨ ਦਾ ਨਮੂਨਾ ਵੇਖਿਆ ਚਾਹੁੰਦਾ ਹਾਂ, ਅਰ ਤੁਸਾਂ ਦੇ ਘਰ ਵਿਚ ਰਾਮਰਾਜ ਤੱਕਣਾ ਚਾਹੁੰਦਾ ਹੈ । ਸੋ ਗੁਰੂ ਪਯਾਰੀ, ਉਦਮ ਕਰ, ਸਾਵਧਾਨ ਹੋ, ਲਗੀ ਰਹੁ ਅਰ ਫੇਰ ਦੇਖ ਦਾਤਾ ਕਿਸ ਤਰ੍ਹਾਂ ਬਹੁੜਦਾ ਹੈ ।

ਸੁਰਤ ਦਾ ਟਿਕਾਉ ਇਕ ਪਾਸੇ ਕਰੋ, ਇਕ ਪਾਸੇ ਲਗੋ, ਇਕ ਨੂੰ ਸੇਵੋਂ ।
ਗੁਰਮੁਖਿ ਏਕੁ ਵਿਰਲਾ ਕੋ ਲਹੈ ॥ (ਰਾਮ: ਓਅੰਕਾਰੁ—੭)

ਹੋਰ ਕੀ ਲਿਖਾਂ ?

ਸਤਿਗੁਰਾਂ ਤੁਸਾਂ ਨੂੰ ਗ੍ਰਿਹਸਥ ਵਿਚ ਗ੍ਰਿਹਸਥ ਦੇ ਜੰਜ਼ਾਲਾਂ ਤੋਂ ਉਚਾ ਕਰੇ । ਗ੍ਰਿਹਸਥ ਇਕ ਸਹਾਯਕ ਹੋਵੇ, ਪ੍ਰਤਿਬੰਧਕ ਨਾ ਹੋਵੇ । ਸਰੀਰ ਦੂਨੀਆਂ ਦੇ ਕੰਮ ਓਪਰੇ ਓਪਰੇ ਨਿਬਾਹਵੇ । ਸੁਰਤ ਸਾਈਂ ਵਿਚ ਗਡੋ । ਦੇਖੋ ਬਾਪੂ ਜੀ ਕੀ ਆਖਦੇ ਹਨ :

"ਸੋ ਨਿਵਾਹੂ ਗਡਿ, ਜੋ ਚਲਾਊ ਨ ਥੀਐ ॥

ਇਹ ਜੋ ਚਲਣਹਾਰ ਨਹੀਂ ਸਗੋਂ ਸਦਾ ਨਿਬਹਨਹਾਰ ਹੈ, ਇਸ ਨੂੰ ਪਰਪਕ ਕਰਨੇ ਦਾ ਤਰੀਕਾ ਸਾਡੇ ਸਤਿਗੁਰ ਪਿਤਾ ਜੀ ਐਉਂ ਲਿਖਦੇ ਹਨ :—

ਪ੍ਰਸ਼ਨ:— ਥਾਕਿ ਰਹੀ ਕਿਵ ਅਪੜਾ ? ਹਾਥ ਨਹੀ ਨਾ ਪਾਰੁ ॥
ਨਾ ਸਾਜਨ ਸੇ ਰੰਗੁਲੇ ਕਿਸੁ ਪਹਿ ਕਰੀ ਪੁਕਾਰ ॥
ਉੱਤਰ :— ਨਾਨਕ ਪ੍ਰਿਉ ਪ੍ਰਿਉ ਜੇ ਕਰੀ ਮੇਲੇ ਮੇਲਣਹਾਰੁ ॥
ਜਿਨਿ ਵਿਛੋੜੀ ਸੋ ਮੇਲਸੀ ਗੁਰ ਕੈ ਹੇਤਿ ਅਪਾਰਿ ॥
(ਰਾਮਕਲੀ ਮ: ੧, ਓਅੰਕਾਰੁ—੩੭)

ਅਮਾਯ ਜੀ, ਉਸ ਮੋਹਨੀ ਮੂਰਤ ਤੇ ਸੋਹਨੀ ਸੂਰਤ ਗੁਰੂ ਨਾਨਕ ਨੂੰ ਪਿਆਰ ਕਰੋ । ਵਾਹਿਗੁਰੂ ਵਾਹਿਗੁਰੂ ਕਰਕੇ, ਸਿਮਰ ਕੇ ਉਸ ਜੀਵਨ ਦਾਤੇ, ਉਸ ਸੁੰਦਰ ਨੂੰ 'ਮੇਰਾ ਸੁੰਦਰ' ਕਹਿ ਕਹਿ ਕੇ ਪ੍ਰੀਤ ਕਰੋ, ਤੇ ਯਾਦ ਕਰੋ । ਸਵਾਸ ਸਵਾਸ ਆਖੇ, ਹੇ ਸੋਹਣੇ ਵਾਹਿਗੁਰੂ, ਮੈਂ ਤੇਰੀ ਹਾਂ, ਹੇ ਮੇਰੇ, ਮੈਨੂੰ ਆਪਣੀ ਕਰ ਲੈ । ਹੇ ਮੇਰੇ ਮਿਹਰ ਕਰ ਤੇ ਮੇਰਾ ਹੋ ਜਾ । ਮੈਂ ਤੇਰੀ ਹੇ ਪ੍ਰੀਤਮ ਤੇਰੀ ਹਾਂ । ਮੇਰਾ ਦਮ ਤੇਰੇ ਸਿਮਰਨ ਤੋਂ ਖਾਲੀ ਨਾ ਜਾਵੇ ।

ਜਦੋਂ ਨਾਮ ਵਿਚ ਰਸ ਨਾ ਪਵੇ, ਮਨ ਨਾ ਲਗੇ ਤਦੇ ਬਾਣੀ ਪੜ੍ਹੋ ਤੇ ਇਹ ਬੇਨਤੀ ਕਰੋ :

ਹਮ ਪਾਥਰ ਗੁਰੁ ਨਾਵ ਬਿਖੁ ਭਵਜਲੁ ਤਾਰੀਐ ਰਾਮ ।
ਗੁਰ ਦੇਵਹੁ ਸਬਦੁ ਸੁਭਾਇ ਮੈ ਮੂੜ ਨਿਸਾਰੀਐ ਰਾਮ ॥
ਹਮ ਮੂੜ ਮੁਗਧ ਕਿਛੁ ਮਿਤਿ ਨਹੀ ਪਾਈ ਤੂ ਅਗੰਮੁ ਵਡ ਜਾਣਿਆ ॥
ਤੂ ਆਪਿ ਦਇਆਲੁ ਦਇਆ ਕਰਿ ਮੇਲਹਿ ਹਮ ਨਿਰਗੁਣੀ ਨਿਮਾਣਿਆ ॥
ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ ॥
ਦਇਆ ਕਰਹੁ ਰਖਿ ਲੇਵਹੁ ਹਰਿ ਜੀਉ ਹਮ ਲਾਗਹ ਸਤਿਗੁਰ ਪਾਏ ॥
(ਤੁਖਾਰੀ ਛੰਤ ਮ: ੪-੧)

ਪ੍ਰਾਰਥਨਾ, ਬਾਣੀ, ਸ਼ੁਕਰ ਇਹ ਤ੍ਰੈ ਤਪ ਹਨ, ਅਰ ਨਾਮ ਜਪ ਹੈ । ਜਦੋਂ ਮਨ ਦੀ ਮੈਲ ਕੱਟੀ ਜਾਵੇ ਤਦੋਂ ਨਾਮ ਰਸ ਰੂਪ ਹੈ ਤੇ ਇਸ ਨੂੰ ਅੰਮ੍ਰਿਤ ਆਖਦੇ ਹਨ । ਉਦੋਂ ਨਾਮ ਨਿਵਾਸ ਤੇ ਹਰੀ ਨਿਵਾਸ ਇਕੋ ਗੱਲ ਹੈ । ਸੋ ਗੁਰੂ ਸੁਆਰੀ, ਮੇਰੀ ਅਸੀਸ ਇਹੋ ਹੈ ਕਿ ਸਾਈਂ ਨਾ ਭੁਲੇ ।

—ਵੀਰ ਸਿੰਘ

੧੦

6-9-1912

ਪਿਆਰੇ ਜੀ,

ਸੁਪਨ ਦਰਸ਼ਨ ਜਦੋਂ ਸ੍ਰੀ ਵਾਹਿਗੁਰੂ ਜੀ ਬਖਸ਼ਣ ਸ਼ੁਕਰ ਕਰਨਾ ਚਾਹੀਦਾ ਹੈ। ਇਹ ਉਸ ਪਿਆਰੇ ਦੀ ਦਾਤ ਹੁੰਦੀ ਹੈ, ਇਹ ਇਕ ਅਮੋਲਕ ਖੇਡ ਹੁੰਦੀ ਹੈ ਜੋ ਯਾਦ (ਸਿਮਰਨ) ਨੂੰ ਧੱਕਾ ਦੇ ਕੇ ਅੱਗੇ ਕਰਦੀ ਹੈ। ਸੋ ਜੋ ਮਿਲੇ ਪਚਾਣਾ ਚਾਹੀਦਾ ਹੈ ਤੇ ਪਚਾਉਣ ਦਾ ਚੂਰਨ "ਸ਼ੁਕਰ" ਹੈ। ਦਰਸ਼ਨ ਅਠ ਪਹਿਰ ਹਨ ਜੋ ਸੁਰਤ ਸੁਖੀ ਹੈ ਤਾਂ, ਇਹ ਮਹਾਰਾਜ ਜੀ ਦੇ **Subjective** ਦਰਸ਼ਨ ਹੋ ਰਹੇ ਹਨ। ਅਰਥਾਤ ਸਾਡੇ ਸੁਆਮੀ ਜੀ ਸਾਡੀ ਆਤਮਾਂ ਵਿਚ ਆ ਕੇ ਆਤਮਾਂ ਨਾਲ ਇਸ ਤਰ੍ਹਾਂ ਮਿਲ ਰਹੇ ਹਨ ਜਿਸ ਤਰ੍ਹਾਂ ਕੱਤਣ ਵਾਲੀ ਮਾਈ ਚਰਖੇ ਨੂੰ ਜਦ ਕੱਤਦੀ ਹੈ ਤਾਂ ਚਰਖੇ ਨਾਲ ਮਿਲ ਜਾਂਦੀ ਹੈ। ਅਸੀਂ ਜਾਣਦੇ ਹਾਂ ਸਾਡੀ ਸੁਰਤ ਚੜ੍ਹ ਰਹੀ ਹੈ ਤੇ ਅਸਲ ਵਿਚ ਸੁਆਮੀ ਸਾਡੇ ਪ੍ਰੀਤਮ ਜੀ ਸੁਰਤ ਦੇ ਵਿਚ ਕਰਤਾਰ ਹੋ ਕੇ (ਫਾਇਲ ਹੋ ਕੇ) ਮਿਲੇ ਹੁੰਦੇ ਹਨ, ਇਸ ਨੂੰ ਸਾਖੀ ਮੇਲ ਯਾ ਦ੍ਰਿਸ਼ਟਾ ਮੇਲ ਕਹੀਦਾ ਹੈ। ਅੰਗਰੇਜ਼ੀ ਵਿਚ ਇਸ ਨੂੰ **Subjective Union** ਆਖਦੇ ਹਨ। **Objective** ਮੇਲ ਉਹ ਹੈ ਕਿ ਪ੍ਰੀਤਮ ਜੀ ਸਾਡੇ ਸਾਹਮਣੇ ਆ ਕੇ ਸਾਡੇ ਵਰਗੀ ਸੂਰਤ ਧਾਰ ਕੇ ਖਲੋ ਜਾਣ, ਖਾਣ, ਪੀਣ, ਸੇਵਾ, ਕਰਾਉਣ ਥਾਪੜੇ ਦੇਣ ਤੇ ਅਸੀਂ ਖੀਵੇ ਪਏ ਹੋਈਏ। ਇਹ ਦ੍ਰਿਸ਼ਟਮਾਨ ਦਰਸ਼ਨ ਹਨ। ਇਹ ਦਰਸ਼ਨ ਪ੍ਰਣਾਮੀ ਹੁੰਦੇ ਹਨ ਅਰ ਉਪਰਲੇ ਤੋਂ ਨੀਵੇਂ ਹਨ। ਕਿਉਂਕਿ ਅਸੀਂ ਮਫ਼ਊਲ (**Objective**) ਅਰਥਾਤ ਦ੍ਰਿਸ਼ਟਮਾਨ ਜਗਤ ਵਿਚ ਵੱਸਦੇ ਹਾਂ। ਸੋ ਇਹ ਦਰਸ਼ਨ ਸਾਨੂੰ ਭਾਸਦੇ ਤੇ ਚੰਗੇ ਲਗਦੇ ਹਨ ਤੇ ਉਪਰ ਕਹੇ ਦਰਸ਼ਨ, ਦਰਸ਼ਨ ਨਹੀਂ ਭਾਸਦੇ, ਪਰ ਸਾਨੂੰ ਸੁਰਤ ਸੁਖੀ ਲਗਦੀ ਹੈ। ਇਹ ਜ਼ਰਾ ਕੁ ਬਰੀਕ ਵਿਸ਼ਾ ਹੈ, ਖਿਆਲ ਨਾਲ ਸਮਝੇ ਪੈਂਦਾ ਹੈ। ਕਦੇ ਗੁਰੂ ਚਾਹੇ ਤੇ ਕਦੇ ਸਿਖ ਚਾਹੇ, ਇਹ ਸਾਰਾ ਖੇਲ ਸਾਡੇ ਮਾਲਕ ਦੇ ਹੱਥ ਹੈ, ਦਾਤਾ ਤੇ ਸਾਹਿਬ ਦੇ ਹੱਥ ਹੈ, ਜਦੋਂ ਚਾਹੇ ਦੇਂਦਾ ਹੈ। ਸ਼ੁਕਰ ਕਰੀਏ। ਉਸ ਦੀ ਦਾਤ ਦੇ ਸਦਾ ਉਡੀਕਵਾਨ ਰਹੀਏ। ਜਦੋਂ ਬਖਸ਼ੇ ਸ਼ੁਕਰ ਕਰੀਏ। ਦਾਤਾ ਦੇ ਦੁਆਰੇ ਦੀ ਉਡੀਕ ਸੁਖਾਂ ਦਾ ਸ਼ਰੋਮਣੀ ਸੁਖ ਹੈ।

ਗੁਰੂ ਨਾਨਕ ਦੇਵ ਆਪ ਸਭ ਤੇ ਮਿਹਰ ਕਰੇ, ਧੰਨ ਗੁਰਦੇਵ, ਨਿੰਦਕਾਂ ਦਾ ਦਾਰੂ ਇਹ ਹੈ :—

ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ।
ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ ॥੮੮। (ਸਲੋਕ ਫਰੀਦ)

—ਵੀਰ ਸਿੰਘ

੧੧

6-9-1912

ਪਿਆਰੇ ਜੀ,

ਪ੍ਰੀਤਮ ਜੀ ਦੀ ਪ੍ਰੀਤ ਹੀ ਸਾਨੂੰ ਤਾਰ ਸਕਦੀ ਹੈ। ਸਾਧਨਾਂ ਨਾਲ ਤਾਂ ਅਸਿਧ ਵਸਤੂ ਸਾਧੀ ਜਾ ਸਕਦੀ ਹੈ; ਜੋ ਸਦਾ ਸਾਧੀ ਹੋਈ ਹੈ, ਉਸ ਦਾ ਸਾਧਨ ਕੀ ਸਾਰਦੇ ਹਨ ? ਇਹ ਤਾਂ ਨਵਾਂ ਜਨਮ ਹੈ, ਨਵੀਂ ਜ਼ਿੰਦਗੀ ਹੈ। ਜੜ੍ਹ ਵਸਤਾਂ ਜਦ ਜਾਨ ਲੋਚਣ ਤਾਂ ਜਾਨ ਵਾਲੇ ਬ੍ਰਿਛ ਬੂਟੇ ਉਨ੍ਹਾਂ ਨੂੰ ਸੁਰਜੀਤ ਕਰ ਕੇ ਮੁਰਦਾ ਤੋਂ ਜ਼ਿੰਦਾ ਕਰ ਦਿੰਦੇ ਹਨ । ਉਨ੍ਹਾਂ ਦਾ ਨਵਾਂ ਜਨਮ ਹੁੰਦਾ ਹੈ। ਤੀਕੂੰ ਹੀ ਆਤਮ ਜੀਵਨ ਵਾਲੇ ਸਤਿਗੁਰ ਨਾਨਕ ਦੇਵ ਜਦ ਸਾਨੂੰ ਆਤਮ ਜੀਵਨ ਵਲ ਮੁਰਦਿਆਂ ਨੂੰ ਖਿੱਚਦੇ ਹਨ ਤਾਂ ਆਤਮ ਜੀਵਨ ਵਿਚ ਨਵਾਂ ਜੀਵਨ ਦਿੰਦੇ ਹਨ, ਏਸੇ ਕਰ ਕੇ ਆਖਿਆ ਹੈ :—

> ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ।

ਇਹ ਨਵਾਂ ਜਨਮ ਹੁਣ ਸਾਡੇ ਵਸ ਤਾਂ ਨਹੀਂ, ਅਸੀਂ ਠਹਿਰੇ ਮੁਰਦੇ। ਮੁਰਦੇ ਆਪਣੇ ਆਪ ਨੂੰ ਜੀਵਨ ਵਿਚ ਕੀਕੂੰ ਲੈ ਜਾਣ। ਸਦਾ ਜੀਊਂਦਾ ਸਤਿਗੁਰ, ਪਿਆਰਾ ਸਤਿਗੁਰ ਨਾਨਕ ਸਾਨੂੰ ਨਵਾਂ ਜਨਮ ਬਖਸ਼ੇ ਅਸੀਂ ਉਸ ਦੇ ਗ੍ਰਿਹਿ ਜਨਮੀਏ। ਆਤਮ ਜੀਵਨ ਦਾ ਨਵਾਂ ਜਾਮਾ ਮਿਲੇ। ਫੇਰ ਅੱਠੇ ਪਹਿਰ ਦਾ ਸਿਮਰਨ, ਧਿਆਨ ਆਦਿ ਸਾਮਾਨ ਉਸ ਜੀਵਨ ਨੂੰ ਜਲ ਭੋਜਨ ਸਮਾਨ ਪਾਲਣਾ ਕਰਨ ਅਰ ਸਨੇ ਸਨੇ ਉਹ ਜੀਵਨ ਮੌਲ ਪਵੇ :—

> ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥
> ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ॥

ਟੇਕ ਤਾਂ ਕੇਵਲ ਉਸ ਪਿਆਰੇ ਦੀ ਮਿਹਰ ਤੇ ਹੈ। ਜੇ ਮਿਹਰ ਕਰੇ ਤਾਂ ਤਾਰ ਲਵੇ। ਇਹ ਦਾਨ ਕਰੇ ਕਿ ਝੋਲੀ ਅੱਡੀ ਰਹੇ, ਆਸ਼ਾ ਬੱਝੀ ਰਹੇ, ਦੁਆਰਿਉਂ ਪਰੇ ਨਾ ਜਾਈਏ। ਏਹੋ ਲਿਵ ਲਗੀ ਰਹੇ ਕਿ ਦਾਤਾ ਬੜਾ ਕ੍ਰਿਪਾਲ ਹੈ, ਦਾਤ ਆਈ ਕਿ ਆਈ, ਦਾਤਾ ਦੇ ਰਿਹਾ ਹੈ।

—ਵੀਰ ਸਿੰਘ

੧੨

13–12–72

ਪਿਆਰੇ ਜੀ,

ਕਲ ਕਾਹਲੀ ਵਿਚ ਮੈਂ ਇਕ ਖਤ ਤੁਸਾਂ ਨੂੰ ਲਿਖਿਆ ਸੀ, ਤੁਸਾਂ ਫਿਕਰ ਨਹੀਂ ਕਰਨਾ, ਮੈਂ ਪ੍ਰਸੰਨ ਹਾਂ ਅਰ ਭਾਣੇ ਦੇ ਰੰਗਾਂ ਵਿਚ ਸਾਈਂ ਦਾ ਪਿਆਰ ਤਕ ਰਿਹਾ ਹਾਂ। ਜੈ ਰਾਜ ਸਿੰਘ ਜੀ ਮਰੇ ਨਹੀਂ **Analtred** ਹੋਏ ਹਨ ਅਰ ਇਕ ਉੱਚੇ ਟਿਕਾਣੇ ਪਹੁੰਚੇ ਹਨ। ਉਸ ਨੇ ਆਪਣਾ ਜੀਵਨ ਪਵਿੱਤਰ, ਪਿਆਰ ਵਾਲਾ ਤੇ ਨਾਮ ਵਿਚ ਗ਼ਰਕ ਬਸਰ ਕੀਤਾ ਹੈ, ਉਸ ਦੇ 28 ਬਰਸ ਅਠਾਈ ਹਜ਼ਾਰ ਬਰਸ ਤੋਂ ਚੰਗੇ ਹਨ। ਇਸ ਲਈ ਸ਼ੋਕ ਨਹੀਂ। ਹਾਂ ਮੇਰੇ ਲਈ ਕੰਮ ਤੇ ਜ਼ਿੰਮਵਾਰੀਆਂ ਵਧੀਆਂ ਹਨ, ਪਰ ਜੇ ਇਹ ਪ੍ਰੀਤਮ ਜੀ ਨੂੰ ਪਿਆਰਾ ਲਗਾ ਹੈ ਤਾਂ ਇਹੋ ਚੰਗਾ ਹੈ। ਅਰ ਮੈਂ ਤਾਂ ਕੰਮ ਹੀ ਕਰਨਾ ਹੈ। ਮਾਲਕ ਜੋ ਭੇਜੇਗਾ, ਉਹੀ ਰਜ਼ਾ ਹੈ ਤੇ ਉਹੋ ਕਰਨਾ ਮੇਰੀ ਨੌਕਰੀ ਹੈ, ਨੌਕਰੀ ਕੀ ਤੇ ਨੱਖਰਾ ਕੀ। ਪ੍ਰਾਰਥਨਾ ਕਰੋ ਕਿ ਮੇਰੀ ਆਤਮਾ ਵਿਚ ਗੁਰੂ ਪਿਆਰ ਕਾਯਮ ਰਹੇ, ਮਨਮੁਖਤਾ ਨਾ ਆਵੇ, ਮੈਂ ਸ਼ੁਕਰ ਕਰਾਂ ਅਰ ਪ੍ਰੀਤਮ ਦੇ ਕੰਮ ਨਾ ਵੇਖਾਂ ਪਰ ਪ੍ਰੀਤਮ ਨੂੰ ਵੇਖਾਂ।

ਇਹ **Trial** ਸਾਂਈਂ ਨੇ ਬੜੇ ਪਿਆਰ ਨਾਲ ਲੰਘਾਇਆ ਹੈ। ਕਮਾਲੀਏ ਪਰਦੇਸ ਵਿਚ ਉਸ ਨੇ ਪਿਆਰ ਕੀਤਾ, ਖੇਚਲ ਦੇ ਦਿਨ ਹੱਥ ਤੇ ਮਦਦ ਦੇ ਕੇ ਲੰਘਾਏ। ਚਲਾਣੇ ਦਾ ਸਮਾਂ ਚੰਗਾ ਲੰਘਿਆ। ਧੰਨ ਉਹ ਦਾਤਾ ਜੋ ਹਰ ਨਾਲ ਪਿਆਰ ਕਰਦਾ ਹੈ। ਹੋਰ ਸੁਖ ਹੈ।

—ਵੀਰ ਸਿੰਘ

੧੩

20–1–1913

ਪਿਆਰੇ ਜੀ,

ਇਸ ਜੀਵ ਦੇ ਕੰਮ ਇਕੋ ਗੱਲ ਆਉਂਦੀ ਹੈ ਅਰ ਉਹ ਅਕਾਲ ਪੁਰਖ ਦੇ ਚਰਨਾਂ ਦਾ ਪ੍ਰੇਮ ਹੈ। 'ਪ੍ਰੇਮ' ਸਿਮਰਨ ਤੇ ਉਸ ਦੇ ਧਿਆਨ ਨਾਲ ਲਗਦਾ ਹੈ। ਮਾਲਕ ਨੂੰ ਚੇਤੇ ਕਰਦੇ ਰਹੀਏ, ਇਹ "ਸਿਮਰਨ" ਹੈ। ਚਾਹੇ ਨਾਮ ਜਪ ਕੇ ਕਰੀਏ, ਚਾਹੇ ਬਾਣੀ ਪੜ੍ਹ ਕੇ ਕਰੀਏ ਤੇ ਚਾਹੇ ਕੀਰਤਨ ਕਰਕੇ ਯਾ ਸੁਣ ਕੇ।

"ਧਿਆਨ" ਇਸ ਦਾ ਨਾਮ ਹੈ ਕਿ ਮਨ ਆਪਣੇ ਸੰਕਲਪਾਂ, ਵਿਕਲਪਾਂ, ਮਨੋਰਾਜਾਂ ਤੇ ਅਨਹੋਣੀਆਂ ਉਧੇੜਬੁਣਾਂ ਵਿਚ ਖਚਿਤ ਨਾ ਹੋਵੇ, ਪਰ ਖਿਆਲ ਮੋੜ ਮੋੜ ਕੇ ਪਰਮੇਸ਼ਰ ਜੀ ਦੇ ਵੱਲ ਰਖੇ। ਜਦ ਪੱਕਦਾ ਪੱਕਦਾ ਸਾਵਧਾਨਤਾ ਨਾਲ ਪਿਆਰ ਨਿਰੰਤਰ ਉਸ ਪਾਸੇ ਵਲ ਰਹਿਣ ਲਗ ਜਾਂਦਾ ਹੈ ਤਾਂ ਉਸ ਨੂੰ 'ਧਿਆਨ' ਕਹੀਦਾ ਹੈ।

ਇਸ ਦੇ ਪਕਾਉਣ ਲਈ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਲ ਲਿਵ ਲਾਇਆਂ, ਸ਼ੀਘਰ ਕੰਮ ਸੌਰਦਾ ਹੈ। ਬਾਕੀ ਕੰਮ ਫੇਰ ਸੁਰਤ ਨੂੰ ਅਲਿਪਤ ਰੱਖਣਾ ਹੈ। ਦੇਹ ਤਾਂ ਗ੍ਰਿਹਸਤ ਆਸ਼ਰਮ ਵਿਚ ਵੱਸੇ ਤੇ ਪਵਿੱਤਰ ਰਹਿ ਕੇ ਫਰਜ਼ ਨਿਭਾਏ, ਪਰ ਸੁਰਤਿ ਅਲਿਪਤ ਰਹੇ : "ਸਾਚ ਨਾਮੁ ਮੇਰਾ ਮਨ ਲਾਗਾ ॥ ਲੋਗਨ ਸਿਉ ਮੇਰਾ ਠਾਠਾ ਬਾਗਾ ॥" ਇਹ ਕਾਰ ਹੈ, ਜਿੰਨੀ ਕਰੀ ਚਲੀਏ ਉਨ੍ਹਾਂ ਸੁਖ ਹੈ। ਇਸ ਦੇ ਕਰਨਹਾਰੇ ਗੁਰੂ ਜੀ ਦੇ ਸਤਿਸੰਗੀ ਹਨ ਅਰ ਬਖਸ਼ੇ ਜਾਂਦੇ ਹਨ। ਬੱਸ ਇਹੋ ਕੁਛ ਕਰੀ ਚਲੋ, ਸਤਿਗੁਰੂ ਸਿਰ ਤੇ ਹੈ, ਆਪਣਿਆਂ ਨੂੰ ਛੋੜਦਾ ਨਹੀਂ। ਆਪਣੇ ਭਾਵੇਂ ਭੱਜੀ ਫਿਰਨ ਤੇ ਖੇੜਾਂ ਵਿਚ ਰੁੜ੍ਹਣ ਪਰ "ਸਿਰ ਊਪਰਿ ਠਾਢਾ ਗੁਰੁ ਸੂਰਾ" ਪਿੱਛਾ ਨਹੀਂ ਛੋੜਦਾ, ਨਾਮ ਰੰਗ ਵਿਚ ਡੋਬਾ ਦੇ ਕੇ ਹੀ ਛੋੜਦਾ ਹੈ। ਸੋ ਅੰਮ੍ਰਿਤ ਛਕ ਕੇ ਮਾਣ ਧਾਰਿਆ ਕਰੋ ਕਿ ਸਾਡੇ ਸਿਰ ਤੇ ਕਲਗੀਆਂ ਵਾਲਾ ਬਾਪੂ ਖੜਾ ਹੈ, ਅਰ ਪਿਆਰ ਕਰਦਾ ਹੈ ਤੇ ਨਾਮ ਜਪਾਂਵਦਾ ਹੈ, ਸਾਨੂੰ ਕੀ ਡਰ ਹੈ।

—ਵੀਰ ਸਿੰਘ

੧੪

20-1-1913

ਪਿਆਰੇ ਜੀ,

"ਸ਼ਾਹ ਸ਼ਰਫ ਨ ਹੋਹੁ ਉਤਾਵਲਾ । ਇਕ ਸੱਟ ਨ ਥੀਂਦੇ ਚਾਵਲਾ ।
ਇਕਦਮ ਨ ਮਿਲੇ ਬਾਬਲ ਰਾਉਲਾ ॥ ਰੰਗ ਚੜ੍ਹੇ ਨ ਖਰਾ ਉਤਾਵਲਾ ।"
"ਰੰਗ ਲਾਗਤ ਲਾਗਤ ਲਾਗਤ ਹੈ । ਭੈ ਭਾਗਤ ਭਾਗਤ ਭਾਗਤ ਹੈ ॥
ਜਨਮ ਜਨਮ ਕਾ ਸੋਇਆ ਇਹ ਮਨ ਜਾਗਤ ਜਾਗਤ ਜਾਗਤ ਹੈ ॥"

ਆਤਮਾ ਦੇ ਉੱਨਤ ਹੋਣ ਲਈ ਸਿਮਰਣ ਹੈ, ਸਿਮਰਣ ਦੇ ਪੱਕੇ ਹੋਣ ਲਈ ਖਿੱਚ ਹੈ, ਅਰ ਖਿੱਚ ਸਿਮਰਣ ਦਾ ਫਲ ਹੈ । ਸਭ ਕੁਝ ਵਾਹਿਗੁਰੂ ਦੀ ਦਾਤ ਹੈ, ਕਾਹਲ ਚੰਗੀ ਨਹੀਂ । ਅਸੀਂ ਉਸ ਦੇ ਦਰ ਦੇ ਮੰਗਤੇ ਹਾਂ । ਮੰਗਤੇ ਕੀ ਤੇ ਕਾਹਲੀ ਕੀ ? ਕਾਹਲ-ਬੜਾ ਕੰਮ ਵਿਗਾੜਦੀ ਹੈ ।......ਮੈਂ ਅਜੇ ਵੀ ਇਹ ਆਖਸਾਂ ਕਿ ਸੁਰਤ ਨੂੰ ਅਡੋਲ ਰਹਿਣ ਦਿਆ ਕਰੋ, ਉਤਾਵਲ ਤੋਂ ਬਚਿਆ ਕਰੋ । ਖਿੱਚ ਬੁਰੀ ਨਹੀਂ, ਪਰ ਟਿਕਾਉ, ਠੰਢ ਤੇ ਰਸ ਭਰੀ ਚਾਹੀਏ । ਉਤਾਵਲ, ਟੋਟ, ਰੰਜ ਤੇ ਦੁਖ ਭਰੀ ਚੰਗੀ ਨਹੀਂ । ਇਸ ਰੰਗ ਵਿਚ ਤੁਸਾਡੀ ਨੀਂਦ ਉਸ ਨੀਂਦ ਵਿਚ ਪਲਟਾ ਨਹੀਂ ਖਾਂਦੀ, ਜਿਸ ਬਾਬਤ ਲਿਖਿਆ ਹੈ :—

"ਆਉ ਸਭਾਗੀ ਨੀਂਦੜੀਏ" ਜਾਂ "ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥" ਇਸ ਨੀਂਦ ਦਾ ਇਕ ਮਿੰਟ ਸਰੀਰ ਦਾ ਥਕਾਨ, ਟੋਟ, ਬਲਕਿ ਬੀਮਾਰੀਆਂ ਰਾਜ਼ੀ ਕਰ ਦੇਂਦਾ ਹੈ । ਤੁਸੀਂ ਸ਼ੁਕਰ ਕਰੋ, ਘਬਰਾਓ ਨਹੀਂ, ਗੁਰੂ ਕ੍ਰਿਪਾਲ ਬਹੁਤ ਤਰੁੱਠਸੀ ।

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥ 115 ॥
ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ ॥
ਹੋਨਿ ਨਜੀਕਿ ਖੁਦਾਇਦੈ ਭੇਤੁ ਨ ਕਿਸੈ ਦੇਨਿ ॥ 116 ॥
ਸਬਰੁ ਏਹੁ ਸੁਆਉ ਜੇ ਤੂ ਬੰਦਾ ਦਿੜੁ ਕਰਹਿ ॥
ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥ 117 ॥

ਇਹ ਬਾਬੇ ਫਰੀਦ ਜਿਨ ਛੱਤੀ ਵਰ੍ਹੇ ਸਬਰ ਕੀਤਾ ਸੀ, ਦੀ ਮੱਤਿ ਹੈ । ਤੁਸੀਂ ਇਕੱਲੇ ਨਹੀਂ, ਦਾਤਾ ਸਤਿਗੁਰ ਹਰਦਮ ਨਾਲ ਹੈ; ਪਰ ਉਹ ਇਲਾਹੀ ਨੈਣ ਖੋਹਲੋ । ਇਹ ਨੇਤ੍ਰ ਜਿਨ੍ਹਾਂ ਨੂੰ ਸਤਿਗੁਰ ਲਿਖਦੇ ਹਨ "ਏਹਿ ਨੇਤ੍ਰ ਅੰਧ ਸੇ" ਦੀ ਮੁਥਾਜੀ ਛੱਡੋ, ਇਲਾਹੀ ਨੈਣ ਨਾਲ

ਤੱਕੋ । ਸਤਿਗੁਰੂ ਪ੍ਰਤੱਖ ਦਿੱਸੇ, ਅੰਗ ਸੰਗ ਦਿੱਸੇ, ਆਤਮਾ ਵਿਚ ਖੁਸ਼ਬੂ ਦੇਵੇ, ਵਾਹਿਗੁਰੂ, ਸਤਿਗੁਰੂ ਪਿਆਰ ਕਰੇ । ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਸਾਰਾ ਗੁਰੂ ਪਰਵਾਰ ਮਿਹਰ ਕਰੇ : ''ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ । ਦੁਖ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ ॥...ਬਿੰਦਕ ਗਾਲਿ ਸੁਣੀ ਸਚੇ ਤਿਸੁ ਧਣੀ ॥ ਸੁਖੀ ਹੂ ਸੁਖੁ ਪਾਇ ਮਾਇ ਨ ਕੀਮ ਗਣੀ ।''

'ਸਬਰੁ ਤੋਸਾ ਮਲਾਇਕਾ' ਅਰਥਾਤ ਫਰਿਸ਼ਤਿਆਂ ਦੀ ਖੁਰਾਕ ਸਬਰ ਹੈ । ਫਲ ਕੀ ਹੈ ? 'ਦੀਦਾਰੁ ਪੂਰੇ ਪਾਇਸਾ' । ਸ਼ੁਕਰ ਤੋਸ਼ਾ ਫਕੀਰਾਂ ਦਾ ਹੈ, ਫਲ ਕੀ ? ਸਿਮਰਨ ਦਾ ਨਿਵਾਸ । ਸ਼ੁਕਰ; ਸ਼ੁਕਰ; ਸ਼ੁਕਰ; ਧੰਨ; ਧੰਨ; ਧੰਨ; ਇਹ ਤਪਾਂ ਸਿਰ ਤਪ ਹੈ ।

—ਵੀਰ ਸਿੰਘ

੧੫

26-1-13

ਪਿਆਰੇ ਜੀ,

ਦਿਸਦਾ ਸੰਸਾਰ ਸਭ ਕਿਸੇ ਨੂੰ ਮਿੱਠਾ ਹੈ ਪਰ ਅਣਦਿਸਦਾ ਸੰਸਾਰ ਕਿਸੇ ਨੂੰ ਪਿਆਰਾ ਨਹੀਂ, ਕਿਉਂਕਿ ਦਿਸਦਾ ਨਹੀਂ, ਪਰ ਜੀਵਨ ਆਧਾਰ ਉਹੀ ਹੈ। ਦੇਖੋ ਹਵਾ ਦਿਸਦੀ ਨਹੀਂ, ਪਰ ਸਰੀਰ ਦਾ ਸਾਰਾ ਆਸਰਾ ਪਉਣ ਹੈ। ਇਸੇ ਤਰ੍ਹਾਂ ਆਤਮਕ ਮੰਡਲ ਦਿਸਦਾ ਨਹੀਂ, ਪਰ ਸਭ ਤੋਂ ਵੱਡਾ ਆਸਰਾ ਉਹੋ ਹੈ। ਉਸੇ ਵਿਚ ਭਰੋਸਾ ਵਧਣਾ ਸੁਖ ਤੇ ਸਦਾ ਜੀਵਨ ਦਾ ਵਧਣਾ ਹੈ। ਬਾਕੀ ਸੰਸਾਰਕ ਵਸਤਾਂ ਦਾ ਕੀਹ ਹੈ, ਇਹ ਸਭ ਛਿਨ ਭੰਗਰੀ ਖੇਡ ਹੈ।

—ਵੀਰ ਸਿੰਘ

੧੬

5-2-1913

ਪਿਆਰੇ ਜੀ,

ਸੁਰਤ ਉਚੀ ਤੇ ਸਿਮਰਨ ਵਿਚ ਰਹਿਣੀ ਇਹੀ ਸਾਰ ਸੁਖ ਹੈ । ਬਾਕੀ, ਸੰਸਾਰ ਦੇ ਸਾਰੇ ਸੁਖ ਕਿਸੇ ਨੂੰ ਨਸੀਬ ਨਹੀਂ । ਸੰਸਾਰ ਦੇ ਸੁਖ ਝੱਟ ਦੁਖ ਵਿਚ ਪਲਟਦੇ ਹਨ, ਮੰਗੋ ਤਾਂ ਜੀ ਤਰਸਦਾ ਹੈ, ਮਿਲਣ ਤਾਂ ਜੀ ਮਸਤ ਹੋ ਕੇ ਪਾਪ ਕਰਦਾ ਹੈ, ਖੁੱਸਣ ਤਾਂ ਸੜਦਾ ਹੈ । ਜੋ ਇਨ੍ਹਾਂ ਦੀ ਪ੍ਰਵਾਹ ਛੱਡ ਕੇ ਸੁਰਤ ਨੂੰ ਨਾਮ ਰਸ ਵਿਚ ਰੱਖਦਾ ਹੈ, ਉਹੀ ਅਰ ਕੇਵਲ ਉਹੀ ਅਸਲ ਸੁਖੀਆ ਹੈ ।

ਬਾਕੀ ਦਰਸ਼ਨ ਸਦਾ ਹਨ, ਸਤਿਗੁਰੂ ਹਜ਼ੂਰ ਹੈ, ਲਿਵ ਲਗੀ ਰਹੇ ਤਾਂ ਸਦਾ ਹਜ਼ੂਰੀ ਹੈ ।

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥ } ਇਸ ਵਿਚ ਅੰਮ੍ਰਿਤ ਢਲਦਾ ਹੈ ।
ਭਉ ਖਲਾ ਅਗਨਿ ਤਪ ਤਾਉ ॥

ਇਸ ਦੀ ਟਕਸਾਲ ਬਣ ਜਾਂਦੀ ਹੈ ਤਾਂ ਉਥੇ ਸ਼ਬਦ ਦੀ ਘਾੜਤ ਹੁੰਦੀ ਹੈ । ਜੋ ਜਤੀ ਧੀਰਜੀ, ਉਜਲ ਮਤ ਵਾਲੇ, ਗਿਆਨ ਵਾਲੇ, ਭੈ ਵਾਲੇ, ਤਪ ਵਾਲੇ ਤੇ ਪ੍ਰੇਮ ਵਾਲੇ ਹੋ ਕੇ ਨਾਮ ਜਾਪਦੇ ਹਨ, ਉਹ ਮਾਲਕ ਦੇ ਦਰ ਦੇ ਆਸਾਵੰਦ ਹਨ, ਉਨ੍ਹਾਂ ਵਿਚੋਂ ਹਨ ਜਿਨ੍ਹਾਂ ਪਰ ਨਦਰ ਪੈਂਦੀ ਹੈ । ਫੇਰ ਨਦਰੀ ਦੀ ਨਦਰ ਨਾਲ ਨਿਹਾਲ ਹੁੰਦੇ ਹਨ । ਸੋ ਓਦਰਨਾ ਨਹੀਂ, ਪਹਿਲੇ ਘਾਲ ਘਾਲਣੀ ਹੈ, ਫੇਰ ਰਸ ਪੈਂਦਾ ਹੈ ।

—ਵੀਰ ਸਿੰਘ

੧੭

17-2-1913

ਪਿਆਰੇ ਜੀ,

ਹੁਣ ਤੁਸਾਡੇ ਪਾਸ ਕੋਈ ਉਜ਼ਰ ਨਹੀਂ ਜੋ ਸਤਿਗੁਰ ਅੱਗੇ ਪੇਸ਼ ਕਰ ਸਕੋ ਕਿ ਮੈਂ ਨਾਮ ਇਸ ਕਰਕੇ ਨਹੀਂ ਜਪ ਸਕਦਾ । ਸਤਿਗੁਰ ਨੇ ਸਿਹਤ ਐਸ਼ਵਰਯ, ਪਦਾਰਥ, ਨਾਮਣਾ-ਇੱਜ਼ਤ ਤੇ ਫੁਰਸਤ ਬਖਸ਼ ਦਿਤੀ ਹੈ। ਉਸ ਨੇ ਆਪਨਾ ਫਰਜ਼ 'ਆਪਣੀ ਮਿਹਰ' ਪੂਰੀ ਕਰ ਦਿਤੀ ਹੈ। ਹੁਣ ਸਤਿਗੁਰ ਨਾਲ ਤੁਸਾਡੇ ਨਿਭਣ ਦੀ ਵਾਰੀ ਹੈ, ਜੇ ਇੰਨੀ ਫੁਰਸਤ, ਖੁਲ੍ਹੇ ਜੰਗਲ, ਉਜਾੜਾਂ, ਇਕਾਂਤਾਂ, ਉਲਝਣਾਂ ਤੋਂ ਵਿਹਲ ਪਾ ਕੇ ਵੀ ਸਿਮਰਨ ਨਾ ਕਰੋ, ਟੁੱਟ ਕੇ ਸਿਮਰਨ ਵਿਚ ਨਾ ਲਗੋ, ਇਕ ਸਿਮਰਨ ਦੀ ਆਸ਼ਕੀ ਨਾ ਕਮਾਓ ਤਾਂ ਸਤਿਗੁਰ ਨਾਲ ਬਾਜ਼ੀ ਹਾਰਨ ਦਾ ਡਰ ਹੈ। "ਗੋਸਾਈ ਮਿਹੰਡਾ ਇਠੜਾ ॥ ਅੰਮ ਅਬੇ ਥਾਵਹੁ ਮਿਠੜਾ ॥" ਹੈ, ਪਰ ਪੁਤਾਂ ਦਾ ਵੀ ਕੋਈ ਫਰਜ਼ ਹੈ। ਜੇ ਉਸ ਦਾਤੇ ਦੀ ਯਾਦ ਤੇ ਧਿਆਨ ਤੇ ਲਿਵ ਵਿਚ ਜੀ ਨਹੀਂ ਖੁਭਦਾ, ਜੇ ਜੀ ਨਾ ਖੁਭੇ ਤਾਂ ਹਠ ਕਰਕੇ ਘਾਲ ਦੇ ਅਸੂਲ ਤੇ ਉਸ ਦੀ ਅਰਾਧਨਾ ਨਹੀਂ ਕੀਤੀ ਜਾਂਦੀ ਤਾਂ ਸਤਿਗੁਰ ਨਾਲ ਕੇ ਯਾਰੀ ਹੋਈ ? ਸਚੀਆਂ ਗੱਲਾਂ ਏਹੋ ਹਨ। ਇਸ ਇਲਮ ਪੜ੍ਹਨ ਵਿਚ ਕਾਹਦੇ ਲਿਹਾਜ਼। ਸਬਕ ਪਕਾਣਾ ਹੈ, ਜੇ ਨਾ ਪਕਾਈਏ ਤਾਂ ਪੈਂਦੀਆਂ ਹਨ, ਸੋ ਹੁਣ ਘੇਸਲੀਆਂ ਨਹੀਂ ਮਾਰਨੀਆਂ, ਸਤਿਗੁਰੂ ਨਾਲ ਟਾਲੇ ਨਹੀਂ ਕਰਨੇ। ਦੁਨਿਆਵੀ ਐਸ਼ਵਰਯ, ਪ੍ਰਤਾਪ, ਮਿਤ੍ਰਾਨਿਆਂ, ਯਾਰੀਆਂ ਕਾਮਯਾਬੀਆਂ ਨੂੰ ਸੁਰਤ ਵਿਚ **secondary place** ਦਿਓ ਤੇ ਨਾਮ ਨੂੰ **Primary function of Life** ਬਣਾਓ। ਹੁਣ ਅਵਸਰ ਹੈ, ਹੁਣ ਅਵਸਰ ਹੈ ਹੁਣ ਮੌਕਾ ਹੈ ਤੇ ਸਮਾਂ ਹੈ । ਫੇਰ ਇਹ ਸਮਾਂ ਹੱਥ ਨਹੀਂ ਆਉਣਾ। ਜਵਾਨੀ ਵੀ ਆਪਣੀ **Zenith** ਲੰਘ ਚੁਕੀ, ਫੇਰ ਕਿਹੜਾ ਵੇਲਾ ਟੁੱਟ ਕੇ ਲੱਗਣ ਦਾ ਆਵੇਗਾ ? ਨਾਮ ਨਾਲ ਖੜਮਸਤੀਆਂ ਛੋੜ ਦਿਓ, ਇਕ ਚਿਤ ਸਾਵਧਾਨ ਹੋ ਕੇ ਲਗੋ ਤੇ ਜਨਮ ਜਿੱਤ ਜਾਓ। ਨਹੀਂ ਤੇ "ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥ ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਓ" ਵਾਲੀ ਗੱਲ ਹੋਵੇਗੀ । ਜੋ ਨਾਮ ਨਹੀਂ ਜਪਦੇ ਉਹ ਮਨੁਖ ਸ਼ਰੇਣੀ ਵਿਚ ਨਹੀਂ। ਜੋ ਨਾਮ ਰਸ ਵਿਚ ਨਹੀਂ ਰਹਿੰਦੇ ਸਾਕਤ ਹਨ, ਸਾਕਤਾਂ ਲਈ ਅੱਗੇ ਦੁਖ ਹੈ, ਸੋ ਅਠੇ ਪਹਿਰ ਹਰੀ ਰਸ ਵਿਚ ਰਹੋ । ਸਤਿਸੰਗ ਫਕੀਰਾਂ ਦੇ ਮਿਲਣ ਦਾ ਏਹੀ ਲਾਹਾ ਹੈ। ਨਹੀਂ ਤਾਂ **Social** ਭਾਈਚਾਰੇ ਤੁਸਾਡੇ ਵਰਗੇ ਉਚੀ **Position** ਦੇ ਲੋਕਾਂ ਨੂੰ ਬੇਹਦ ਹਨ।

ਜੇ ਸਤਿਸੰਗ ਨਾਲ ਨਾਤਾ ਹੈ ਤਾਂ ਅਠੋ ਪਹਿਰ ਹਿਰਦੇ ਵਿਚ ਸਾਈਂ ਦਾ ਸਦਾ ਸੰਗ ਵਸਾਓ, **Tact** ਨਹੀਂ ਵਰਤਣੇ। ਸਤਿਗੁਰ ਸ਼ਾਹ ਸੁਜਾਨ ਹੈ "ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ।" ਜ਼ਿੰਦਗੀ ਨੂੰ ਪਲਟਾ ਦਿਓ। ਸ਼ਾਹੀ ਸਾਈਂ ਨੇ ਦਿੱਤੀ ਹੈ, ਉਸ ਦੇ ਕੂਚੇ ਦੇ ਗਦਾ ਬਣੋ। ਸਭ ਧਰਮਾਰਥਾਂ ਨੇਕੀਆਂ ਤੋਂ ਇਕ ਨੂੰ ਉਚਾ ਜਾਣੋ। ਨਾਮ ਨਾਲ ਲੌ ਲਾਓ, ਇਹ ਸਾਈਂ ਦੇ ਦਰ ਦੀ ਗਦਾ ਗਰੀ ਹੈ।

—ਵੀਰ ਸਿੰਘ

੧੮

12-4-13

ਪਿਆਰੇ ਜੀ,

ਕਰਤੱਵਜ ਹਰ ਪ੍ਰਾਣੀ ਦਾ ਇਹ ਹੈ ਕਿ ਉਹ ਅੰਤਰ ਆਤਮੇਂ ਪਰਮੇਸ਼ਵਰ ਦੇ ਪਿਆਰ ਦੀ ਜੋਤਿ ਜਗਦੀ ਰਖੇ ਤੇ ਸਰੀਰ ਸੰਸਾਰ ਦੇ ਕੰਮ ਕਰਦਾ ਰਹੇ। ਅਦਰ ਜੋ ਸਿਮਰਨ ਦਾ ਦੀਪ ਜਗੇ, ਇਹ ਅੰਦਰ ਰਹੇ ਬਾਹਰ ਨਾ ਪ੍ਰਗਟੇ। ਕਿਉਂਕਿ ਵਕਤ ਤੋਂ ਪਹਿਲੋਂ ਫੇਰ ਹਉਮੈਂ ਪੈਂਦੀ ਹੈ।

ਹੋਰ, ਸਦਾ ਸੁਖੀ ਰਹੋ ਤੇ ਸਦਾ ਸੁਖ ਅਕਾਲ ਪੁਰਖ ਦੀ ਹਜ਼ੂਰੀ ਵਿਚ ਵਸਿਆਂ ਮਿਲਦਾ ਹੈ। ਸੋ ਸਦਾ ਹਜ਼ੂਰੀ ਵਿਚ ਰਹੋ। ਹੋਰ ਸੁਖ ਤੇ ਅਸੀਸਾਂ।

—ਵੀਰ ਸਿੰਘ

੧੯

29–10–1913

ਪਿਆਰੇ ਜੀ,

ਗੁਰੂ ਨਾਨਕ ਪ੍ਰੇਮ ਇਕ ਐਸੀ ਕਾਂਗ ਭਰੀ ਲਹਿਰ ਹੈ ਕਿ ਜੋ ਸਾਰੇ ਹਦ ਬੰਨੇ ਭਨਾ ਕੱਢਦੀ ਹੈ। ਇਸ ਕਰਕੇ ਮੇਰੇ ਚਿਤੋਂ ਰੋਕਦੇ ਰੋਕਦੇ ਮੱਲੋਮੱਲੀ ਇਹ ਗੱਲ ਲਿਖੀਦੀ ਹੈ ਕਿ 'ਨਾਮ' ਦੀ ਲੌ ਜਾਰੀ ਰਹੇ। ਸੰਸਾਰ ਦੀਆਂ ਸਾਰੀਆਂ ਗੱਲਾਂ ਤਮਾਸ਼ਾ ਹਨ ਤੇ ਸਾਰੇ ਪਰਮਾਰਥ ਦੇ ਸਾਧਨ ਫੋਕਟ ਹਨ। ਇਕ ਨਾਮ 'ਸਚ' ਹੈ।

ਅਬ ਕਲੂ ਆਇਓ ਰੇ। ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥ (ਬਸੰਤ ਮ:5–18)

ਇਕ ਨਾਮ ਫਲਦਾ ਹੈ, ਨਾਮ ਨਾਲ ਜਾਂਦਾ ਹੈ, ਨਾਮ ਛੁਡਾਂਦਾ ਹੈ ਤੇ ਨਾਮ ਤਾਰਦਾ ਹੈ।

ਨਾਮ ਬਿਨਾ ਧ੍ਰਿਗੁ ਧ੍ਰਿਗੁ ਜੀਵਾਇਆ। (ਆਸਾ ਮਹਲਾ ੪–੫੬)

ਇਹ ਇਕ ਨੁਕਤਾ ਹੈ ਜਿਸ ਨੂੰ ਚੰਬੜਿਆਂ ਸਾਈਂ ਨਾਲ ਮਿਲ ਜਾਈਦਾ ਹੈ। ਨਾਮ ਜਪੀਦਾ ਹੈ, ਜੀਭ ਨਾਲ ਜਪੀਦਾ ਹੈ। ਅਰ ਮਨ ਨਾਲ ਜਪੀਦਾ ਹੈ, ਜਪਦਿਆਂ ਇਹ ਸੁਰਤ ਵਿਚ ਰਚ ਜਾਂਦਾ ਹੈ। ਤਦੋਂ ਮੈਲ ਉਤਰਦੀ ਹੈ ਰਸ ਪੈਂਦਾ ਹੈ। ਤੁਸੀਂ ਜਪਦੇ ਤਾਂ ਹੋ, ਪਰ ਹੋਰ ਜਪੋ, ਗੁਰੂ ਨਾਨਕ ਚਰਨਾਂ ਨੂੰ ਨੇੜੇ ਜਾਣ ਕੇ, ਗੁਰੂ ਨੂੰ ਕੋਲ ਬੈਠਾ ਜਾਣ ਕੇ ਉਸ ਨੂੰ ਸੁਣਾ ਕੇ ਜਪੋ, ਅਰ ਲਗਾਤਾਰ ਜਪੋ।

ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥
(ਸੁਖਮਨੀ 17–6)

ਸਤਿਗੁਰ ਜੀ ਲਿਖਦੇ ਹਨ :

ਜੋ ਜੋ ਜਪੈ ਤਾਕੀ ਗਤ ਹੋਇ। ਪ੍ਰਧਾਨ ਪੁਰਖ ਪ੍ਰਗਟ ਸਭ ਲੋਇ ॥

ਇਹ ਹਰਫ ਕੇਵਲ ਚੇਤਾਵਨ ਮਾਤਰ ਹਨ। ਸਾਧ ਸੰਗਤ ਵਿਚ ਪਰਸਪਰ ਚੇਤਾ ਕਰਾਣਾ ਤੇ ਇਕ ਦੂਜੇ ਨੂੰ ਹਲਾਸ਼ੇਰੀ ਦੇਣੀ ਇਹ ਹੀ ਪਿਆਰ ਹੈ।

ਗੁਰੂ ਮੇਹਰ ਕਰੇ।

—ਵੀਰ ਸਿੰਘ

੨੦

14-1-1914

ਪਿਆਰੇ ਜੀ,

ਚਿਤ ਦੀ ਦਿਸ਼ਾ ਬਾਬਤ ਜੋ ਕੁਝ ਲਿਖਦੇ ਹੋ, ਇਹ ਸੁਰਤਾਂ ਦੇ ਸਬਕ ਹਨ, ਜਨਮਾਂ ਵਿਚ ਪੱਕਦੇ ਹਨ। ਇਹ ਰੱਬ ਦੇ ਨਾਮ ਦਾ ਸਬਕ, ਇਕ ਚਾਰ ਹਰਫਾ ਲਫ਼ਜ਼ "ਵਾਹਿਗੁਰੂ" ਜਨਮਾਂ ਵਿਚ ਪੱਕਦਾ ਹੈ। ਇਸ ਦੇ ਪਕਾਉਣ ਵਾਸਤੇ ਨਿਰੰਤਰ ਲਗੇ ਰਹਿਣਾ ਹੀ, 'ਜਪ' ਹੀ ; ਸਾਧਨ ਹੈ। ਜਦੋਂ ਇਸ ਵਿਚ ਲਿਵ ਲਗ ਗਈ, ਹਰਫ਼ ਪੱਕ ਗਿਆ।

"ਨਾਮ ਤੁਲਿ ਕਛੁ ਅਵਰੁ ਨ ਹੋਇ।"

ਗੁਰਬਾਣੀ ਇਹ ਦੁਹਾਈ ਦੇਂਦੀ ਹੈ, ਕਿ ਨਾਮ ਜਪੋ, ਸ਼ਿਮਰਨ ਕਰੋ। ਗੁਰਬਾਣੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਹੈ, ਇਹ ਹੁਕਮ ਪੂਰੇ ਤੌਰ ਤੇ ਮੰਨਣਾ ਚਾਹੀਏ। ਗ੍ਰਿਹਸਤੀਆਂ ਨੂੰ ਅਨੇਕ ਪੁਆੜਿਆਂ ਕਰਕੇ ਰਸ ਵਿਚ ਭੰਗ ਪੈ ਜਾਂਦਾ ਹੈ, ਪਰ ਉਸ ਦਾ ਕਾਰਣ ਸਤਿਗੁਰ ਦੀਆਂ ਮਿਹਰਾਂ ਦੀ ਕਸਰ ਨਹੀਂ ਹੁੰਦੀ। ਉਸ ਦਾ ਕਾਰਨ ਆਪਣੇ ਉਲਝਾ ਹੁੰਦੇ ਹਨ। ਜੇ ਤਾਂ ਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਵਧੀਕ ਚੰਗਾ ਜਾਣਦੇ ਰਹੀਏ, ਤਦ ਚਿੱਤ ਉਨ੍ਹਾਂ ਨਾਲ ਰਗੜ ਖਾਂਦਾ ਰਹਿੰਦਾ ਹੈ ਤੇ ਰਸ ਨਹੀਂ ਟੁੱਟਦਾ। ਜਦ ਚਿੱਤ ਕਿਸੇ ਹੋਰ ਨੂੰ ਚੰਗਾ ਜਾਣਦਾ ਹੈ ਯਾ ਕਿਸੇ ਨਾਲ ਵੈਰ ਰਗੜ ਖਾਂਦਾ ਯਾ ਕਿਸੇ ਦਾ ਭੈ ਖਾ ਜਾਂਦਾ ਹੈ, ਯਾ ਕਿਸੇ ਸੋਚ ਵਿਚ ਪੈ ਜਾਂਦਾ ਹੈ ਤਦ ਉਸੇ ਚੀਜ਼ ਦਾ ਰੂਪ ਹੋ ਜਾਂਦਾ ਹੈ ਜਿਸ ਨਾਲ ਲਗਦਾ ਹੈ, ਫੇਰ 'ਵਾਹਿਗੁਰੂ' ਰਸ ਕਿਥੇ ?

—ਵੀਰ ਸਿੰਘ

੨੧

11–2–14

ਪਿਆਰੇ ਜੀ,

"ਸੰਸਾ" ਹੀ ਸੰਸਾਰ ਹੈ। ਜਦ ਸੰਸਾ ਨਹੀਂ ਤਦੋਂ ਮਨ ਮੁਕਤ ਹੈ। "ਸੰਸਾ ਇਹੁ ਸੰਸਾਰੁ ਹੈ" ਸਤਿਗੁਰ ਦਾ ਵਾਕ ਹੈ।

"ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਇ" ਗੁਰੂ ਜੀ ਦਾ ਪ੍ਰਸ਼ਨ ਹੈ ਤੇ ਆਪ ਉਤਰ ਦੇਂਦੇ ਹਨ :—

'ਮੰਨੁ ਧੋਵਹੁ, ਸਬਦਿ ਲਾਗਹੁ ਹਰਿ ਸਿਉਂ ਰਹਹੁ ਚਿਤੁ ਲਾਇ।'

ਸੰਸੇ ਦਾ ਇਲਾਜ ਇਹ ਹੈ।

ਅਸਲ ਵਿਚ ਸੰਸਾਰ ਕਿਉਂ ਬਣਿਆ ਤਦੋਂ ਸਮਝ ਪੈਂਦੀ ਹੈ, ਜਦ ਸੁਰਤ ਸਾਈਂ ਨਾਲ **intune**, ਇਕ ਸਵਰ ਹੋ ਜਾਂਦੀ ਹੈ। ਜਿਥੇ ਸਾਡਾ ਮਨ ਹੈ, ਉਥੇ ਸੰਸਿਆਂ ਦਾ ਹਨੇਰਾ ਥਹੁ ਨਹੀਂ ਪੈਣ ਦੇਂਦਾ। ਕੋਸ਼ਸ਼ ਸਮਝਣ ਦੀ ਕਰਨੀ ਫ਼ਜ਼ੂਲ ਹੈ, ਬੜੇ ਬੜੇ ਫ਼ਿਲਾਸਫ਼ਰ ਮਿਟੀਆਂ ਛਾਣ ਗਏ। ਸੁਰਤ ਏਕਾਗਰ ਹੋਣ, ਰਸ ਭਰਨ ਦੀ ਲੋੜ ਹੈ। ਫਿਰ ਸਹਿੰਸਾ ਉਠਦਾ ਹੀ ਨਹੀਂ।

ਲਗੇ ਚਲੋ। ਸੰਸਾਰਕ ਵਿਦਿਆ ਦਸ ਬਾਰਾਂ ਵਰਹੇ ਲਾ ਕੇ ਗੁਜ਼ਾਰੇ ਜੋਗੀ ਆਉਂਦੀ ਹੈ। ਸਚੀ ਵਿਦਯਾ ਲਈ ਕੁਛ ਵਕਤ ਲਗਣਾ ਹੀ ਚਾਹੀਦਾ ਹੈ।

—ਵੀਰ ਸਿੰਘ

੨੨

25-3-14

ਪਿਆਰੇ ਜੀ,

ਰੁਝੇਵਾਂ ਬਹੁਤ ਰਿਹਾ ਹੈ। ਨਾਰਾਜ਼ਗੀ ਮੇਰੇ ਵਿਚ ਨਹੀਂ, ਨ ਇਸ ਦਾ ਭਰਮ ਕਰੋ। ਫ਼ਕੀਰੀ ਇਕ ਕਠਨ ਖੇਡ ਹੈ। ਤੁਹਾਡਾ ਖਿਆਲ ਇਸ ਦਾ—ਸਹਲ ਅੰਗੂਰੀ ਵਲ ਪੈ ਕੇ ਗ਼ਫ਼ਲਤ ਵਲ ਰੁਖ ਕਰ ਗਿਆ ਹੈ, ਉਸ ਨੂੰ ਕਢੋ, ਘੱਟ ਤੋਂ ਘੱਟ ਵਕਤ ਦਾ ਦਸਵੰਧ ਇਸ ਪਾਸੇ ਏਕਾਂਤ ਲਗਾਓ, ਇਸ ਨੂੰ ਮੁੱਖ, ਸੰਸਾਰ ਗੌਨ ਸਮਝੋ। ਦਿਲ ਨੂੰ ਸਿਧਾ ਤੁਕ ਸਾਂਈਂ ਵਲ ਲਾਓ, ਜੋ ਤੁਹਾਨੂੰ ਪਯਾਰ ਕਰਦੇ ਹਨ, ਉਨ੍ਹਾਂ ਦੇ ਪਯਾਰ ਦਾ ਜਵਾਬ ਦਿਓ ਪਰ ਉਨ੍ਹਾਂ ਦੇ ਪਯਾਰ ਵਿਚ ਘਿਰ ਕੇ ਗੁਰ ਨਾਨਕ ਪ੍ਰੇਮ ਤੋਂ ਸਦਲਾਂ ਵਿਚ ਨਾ ਜਾਓ। ਸੰਸਾਰ ਸਾਗਰ ਨੂੰ ਓਹ ਤਰਦਾ ਹੈ ਜੋ ਆਪਣੇ ਇਸ਼ਟ-ਦੇਵ ਦੇ ਪਿਆਰ ਵਿਚ ਉਸ ਦੇ ਨਾਲ ਜੁੜਿਆ ਰਹਿੰਦਾ ਹੈ ਤੇ ਹੋਰ ਸਾਰੇ ਪਯਾਰਾਂ ਨੂੰ ਗੌਣ ਜਗ੍ਹਾ ਦੇਂਦਾ ਹੈ। ਇਹ ਕੁਛ ਕਰੋ। ਮੇਰੀ ਵਲੋਂ ਤੌਖਲਾ ਮੇਟ ਛੱਡੋ। ਮੇਰ ਅੰਦਰ ਅੱਗ (ਗੁੱਸਾ) ਰਖਣ ਨੂੰ ਕੋਈ ਜਗ੍ਹਾ ਨਹੀਂ। ਮੈਂ ਪਰਸੰਨ ਹਾਂ। ਅਸੀਸ ਬੱਚਿਆਂ ਨੂੰ ਪਿਆਰ।

—ਵੀਰ ਸਿੰਘ

੨੩

18-2-1915

ਪਿਆਰੇ ਜੀ,

ਭਲਾ ਜੇ ਕਿਸੇ ਦਾ ਬਾਲ ਗੁਆਚ ਜਾਵੇ ਤਦ ਜਿੰਨਾ ਚਿਰ ਬਾਲ ਲਭ ਨਹੀਂ ਪੈਂਦਾ ਦਿਲ ਦਾ ਕੀ ਹਾਲ ਹੁੰਦਾ ਹੈ ? ਜੇ ਨਾਮ ਭੁੱਲਿਆਂ ਤੇ ਇਹ ਹਾਲ ਨਹੀਂ ਹੁੰਦਾ ਤਾਂ ਨਾਮ ਨਾਲ ਕੀਹ ਪਿਆਰ ਪਿਆ ? ਜੇ ਪਿਆਰ ਹੋਵੇ, ਕੁਛ ਹੱਛਾ ਨਾ ਲਗੇ, ਜਦ ਤਕ ਕਿ ਫੇਰ ਚਰਖਾ ਨਾ ਚਲ ਪਵੇ। ਸੋ ਬਾਬਾ ਜੀਓ, ਜਨਮ ਸਫਲ ਕਰੋ ਅਹਲਾ ਜਨਮ ਸਫਲ ਕਰੋ, ਦੰਮ ਸੁੰਵੇ ਨਾ ਗੁਆਓ, ਪੀਡੀ ਗੰਢ ਪਾਓ, ਨਾਮ ਦਾ ਲਗਣਾ ਮੁੱਦਤਾਂ ਤਕ ਲੜ ਛਿਜਣਾ ਹੁੰਦਾ ਹੈ, ਪੀਡੀ ਪਾਓ ਗੰਢ। ਜਪੋ। ਏ ਦਮ ਮੁੜ ਨਹੀਂ ਲੱਭਣੇ, ਏਹ ਦਿਨ ਵੱਤ ਨਹੀਂ ਆਵਣੇ। ਸਰਦਾਰੀਆਂ ਅਮੀਰੀਆਂ, ਸੁਖ ਹਾਸੇ, ਜਯਾਫ਼ਤਾਂ, ਭਾਈਚਾਰਿਆਂ ਨੇ ਨਾਲ ਨਹੀਂ ਜਾਣਾ, ਉਥੇ ਕੇਵਲ ਨਾਮ ਨਾਲ ਜਾਏਗਾ। ਅਜ ਵਡਹੰਸ ਰਾਗ ਕਢੋ, ਇਸ ਦੀ ਵਾਰ ਕਢੋ. ਵਾਰ ਦੀ 15, 16, 17 ਪੌੜੀ ਪੜ੍ਹੋ। ਹਾਂ ਜੀ ਸੋਚ ਸੋਚ ਕੇ ਪੜ੍ਹੋ। ਮੇਰੇ ਨਾਲ ਖ਼ਫ਼ਾ ਨਹੀਂ ਹੋਣਾ। ਇਹੋ ਸੱਚਾ ਪਿਆਰ ਹੈ ਜੋ ਮੈਂ ਆਪਾ ਵਾਰ ਕੇ ਕਰਦਾ ਹਾਂ। ਨਾਮ ਗੁਆਚੇ ਤੇ ਹਾਹੁਕਾ ਭਰੋ, ਰੋਵੋ, ਫੇਰ ਲਗ ਪਓ, ਤੁਰਤ ਲਗ ਪਓ।

—ਵੀਰ ਸਿੰਘ

੨੪

22-2-1915

ਪਵਿੱਤਰ ਆਤਮਾ ਜੀਓ,

'ਦਮ' (ਸੁਆਸ) ਐਵੇਂ ਨਹੀਂ ਆਂਵਦੇ; ਦਮ ਰਤਨ ਜਵਾਹਰ ਹਨ। ਮੁੰਡੇ ਠੀਕਰੀਆਂ ਨਾਲ ਖੇਡਦੇ ਹਨ, ਫੇਰ ਠੀਕਰੀਆਂ ਸੁੱਟ ਕੇ ਘਰ ਆ ਜਾਂਦੇ ਹਨ। ਠੀਕਰੀਆਂ ਸੁੱਟਣ ਦਾ ਜਿੰਨਾ ਕੁ ਦੁੱਖ ਮੰਨਦੇ ਹਨ, ਉਨਾ ਕੁ ਦੁਖ ਅਸੀਂ ਦਮਾਂ ਦੇ ਬਿਰਥਾ ਜਾਣ ਦਾ ਮੰਨਦੇ ਹਾਂ, ਸੋ ਸਾਡੇ ਲਈ ਦਮ ਠੀਕਰੀਆਂ ਸਮਾਨ ਹਨ। ਪਰ ਹਰ 'ਦਮ' ਹੀਰੇ ਲਾਲਾਂ ਦੇ ਤੁੱਲ ਹੈ। ਹੀਰਾ ਗੁਆਚੇ ਤਾਂ ਕਿੰਨੀ ਕੁ ਪੀੜ ਹੁੰਦੀ ਹੈ? ਠੀਕਰੀਆਂ ਵਾਂਙੂ ਲਾਲ ਕਿਸੇ ਨਾ ਗਵਾਏ।

ਇਸ ਵਿਚ ਸੁਰਤ ਲਾਲਾਂ ਦਾ ਵਣਜ ਕਰ ਸਕਦੀ ਹੈ, ਇਸ ਵਿਚ ਲਾਲ ਜਵਾਹਰ ਹਨ, ਪਰ ਅਸੀਂ ਇਸ ਨਾਲ ਠੀਕਰੀਆਂ ਦਾ ਵਣਜ ਕਰਦੇ ਹਾਂ: "ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ" ਤੇ ਉਹ ਸਿੱਖ ਕੀਹ ਹੈ? "ਸਭਨਾ ਜੀਆਂ ਕਾ ਇਕੁ ਦਾਤਾ, ਸੋ ਮੈਂ ਵਿਸਰਿ ਨ ਜਾਈ"। ਮਰਨਾਊਂ ਆਦਮੀ ਲੱਖਾਂ ਕਰੋੜਾਂ ਹੀਰੇ ਦੇ ਕੇ ਜੋ ਇਕ ਦਮ ਦਾ ਜੀਵਨ ਮੰਗੇ ਤਾਂ ਇਕ ਦਮ ਬੀ ਹੋਰ ਨਹੀਂ ਲੱਭਦਾ। ਹੁਣ ਉਹ ਦਮ ਐਵੇਂ ਜਾ ਰਹੇ ਹਨ ਐਵੇਂ ਨਾ ਗੁਆਓ ਬਾਬਾ, ਦਮਾਂ ਨੂੰ ਦੰਮਾਂ ਦੀਆਂ ਬੋਰੀਆਂ ਵਾਂਙੂ ਸਫਲ ਬਿਤਾਓ।

—ਵੀਰ ਸਿੰਘ

੨੫

30-7-17

ਪਵਿੱਤ੍ਰਾਤਮਾ ਜੀਓ,

ਕੰਵਲ ਫੁਲ ਜਦ ਖਿੜਦਾ ਹੈ ਤਾਂ ਸੂਰਜ ਸਨਮੁਖ ਹੋ ਕੇ ਖਿੜਦਾ ਹੈ ਤੇ ਫੇਰ ਸੂਰਜ ਸਨਮੁਖ ਖਿੜਿਆ ਰਹਿੰਦਾ ਹੈ ।

ਸਾਡਾ ਮਨ ਜਦ ਨਾਮ ਦੇ ਬਲ ਨਾਲ ਖਿੜਦਾ ਹੈ ਤਾਂ ਵਾਹਿਗੁਰੂ ਸਨਮੁਖ ਚਾਹੀਦਾ ਹੈ । ਪਰ ਇਹ ਉਪਕਾਰ, ਤਰਸ, ਮੋਹ ਕਈ ਤਰ੍ਹਾਂ ਦੇ ਬਹਾਨਿਆਂ ਨਾਲ ਵਾਹਿਗੁਰੂ ਤੋਂ ਛੁਟ ਹੋਰਨਾਂ ਅਗੇ **Objective** ਨੀਵਾਂ ਹੋ ਕੇ ਉਨ੍ਹਾਂ ਦਾ ਅਕਸ ਲੈ ਲੈਂਦਾ ਹੈ, ਫੇਰ ਉਦਾਸੀ ਛਾਉਂਦੀ ਹੈ । ਆਪਣੇ ਰੱਬ ਅਗੇ ਸਨਮੁਖ ਹੋਵੇ, ਸੁਖ ਠੰਢ ਪੈ ਜਾਸੀ ।

ਹੋਰ ਅਸੀਸ ।

—ਵੀਰ ਸਿੰਘ

੨੬

15-3-21

ਸ੍ਰੀ ਮਾਨ ਜੀ,

ਆਪ ਦੇ ਸਿਰ ਪਰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹਨ ਜੋ ਮੁਕਤੀ ਤੇ ਆਤਮ ਗਤੀ ਦੇ ਦਾਤਾ ਹਨ। ਹਰ ਸਿੱਖ ਨੂੰ ਉਨ੍ਹਾਂ ਦੀ ਸਰਨ ਪ੍ਰਾਪਤੀ ਤੋਂ ਸਦਗਤੀ ਪ੍ਰਾਪਤ ਹੁੰਦੀ ਹੈ।

ਦਾਸ ਇਕ ਗ਼ਰੀਬ ਸਿੱਖ ਹੈ। ਗੁਰਸਿੱਖਾਂ ਦੇ ਜੋੜੇ ਝਾੜਨ ਵਾਲਾ ਹੈ। ਸਾਧ ਸੰਗਤ ਦੀ ਸੇਵਾ ਦਾ ਚਿਤ ਵਿਚ ਚਾਉ ਹੈ ਜੇ ਸਤਿਗੁਰ ਬਖ਼ਸ਼ਨ ਤਾਂ। ਹੋਰ ਆਪ ਦੇ ਖ਼ਯਾਲਾਂ ਵਿਚ ਭਲੇ ਚਿਤ ਵਾਲਿਆਂ ਆਪਣੀ ਭਲਯਾਈ ਦਾ ਅਕਸ ਪਾਯਾ ਹੋਊ, ਦਾਸ ਕਿਸੇ ਮਾਨ ਜੋਗ ਨਹੀਂ। ਆਪ ਦੇ ਪੱਤ੍ਰਾਂ ਦੇ ਉੱਤਰ ਦੇਂਦਿਆਂ ਸੋਚ ਪੈਦਾ ਹੋ ਜਾਂਦੀ ਹੈ ਕਿ ਕੀ ਉੱਤਰ ਦਿੱਤਾ ਜਾਵੇ, ਕਿਉਂਕਿ ਦਾਸ ਇਕ ਕਿਰਤੀ ਗ਼ਰੀਬ ਤੇ ਗੁਰੂ ਦੇ ਦਰ ਖੜਾ ਆਪ ਸਿੱਖੀ ਦੀ ਯਾਚਨਾ ਵਾਲਾ ਬੰਦਾ ਹੈ। ਦਾਸ ਇਸ ਯੋਗ ਨਹੀਂ ਕਿ ਕੋਈ ਵਡਯਾਈ ਸਵੀਕਾਰ ਕਰੇ।

—ਵੀਰ ਸਿੰਘ

੨੭

13-2-25

ਪਿਆਰੇ ਜੀ,

ਘਬ਼ਰਾਉਣ ਦੀ ਲੋੜ ਨਹੀਂ। ਰਸ ਦਾ ਰਸਤਾ ਕਾਹਲ ਦਾ ਕੰਮ ਨਹੀਂ ਹੈ। ਧੀਰਜ ਨਾਲ ਬਾਣੀ ਨੇਮ ਵਿਚ ਲਗੇ ਰਹੋ। ਸੁਆਦ ਵਲ ਨਾ ਤਕੋ, ਇਹ ਤਕੋ ਕਿ ਜੀਭ ਪਰ ਸਾਈਂ ਦਾ ਨਾਮ ਹੈ। ਹਿਰਦੇ ਵਿਚ ਸਾਈਂ ਦੀ ਯਾਦ ਹੈ। ਫੇਰ ਰਸ ਸਾਈਂ ਆਪੇ ਬਖਸ਼ਦਾ ਹੈ। ਇਸ ਉਸ ਦੀ ਮੇਹਰ ਹੈ। ਸਾਡਾ ਕੰਮ ਘਾਲ ਹੈ।

ਹੋਰ ਅਸੀਸ।

—ਵੀਰ ਸਿਘ

੨੮

15-1-1926

ਪਿਆਰੇ ਜੀ,

ਆਪ ਜੀ ਦਾ ਪਤ੍ਰ ਪਹੁੰਚਾ। ਪਯਾਰ ਦਾ ਧੰਨਯਵਾਦ ਹੈ। ਸਫਲ ਯਾਤ੍ਰਾ ਹੋਈ, ਵਾਚ ਕੇ ਖੁਸ਼ੀ ਹੋਈ।

2. ਸ੍ਰੀ ਕਲਗੀਧਰ ਚਮਤਕਾਰ ਨਵੀਂ ਐਡੀਸ਼ਨ ਛਪ ਰਹੀ ਹੈ। ਅਗਲੀ ਮੁਕ ਚੁੱਕੀ ਹੈ।

3. ਆਪ ਦੀ ਪੁਛ ਬਾਬਤ ਵਾਕਿਆਤ ਏਹ ਹਨ—

ਪੰਥਕ ਬੋਰਡ ਵਿਚ ਚੀਫ ਖ਼ਾਲਸਾ ਦੀਵਾਨ, ਸੈਂਟਰਲ ਅਕਾਲੀ ਦਲ, ਮਾਲਵਾ ਦਰਬਾਰ ਆਦਿ ਜਥਿਆਂ ਤੇ ਸਿਖ ਸੰਪ੍ਰਦਾਵਾਂ ਦੇ ਪ੍ਰਤਿਨਿਧ ਸ਼ਾਮਲ ਨਹੀਂ ਕੀਤੇ ਗਏ। ਜਿਥੇ ਤਕ ਪਤਾ ਲੱਗਦਾ ਹੈ ਉਹ ਅਕਾਲੀ ਸਜਣਾਂ ਦਾ ਬੋਰਡ ਹੈ।

4. ਵੋਟ ਦੇਣ ਵਿਚ ਆਪ ਸਾਹਿਬਾਂ ਨੂੰ ਖੁਲ੍ਹ ਪ੍ਰਾਪਤ ਹੈ। ਆਪ ਲਿਖਦੇ ਹੋ ਜਿਸ ਨੂੰ ਚਾਹੀਏ ਵੋਟ ਦੇਵੀਏ। ਇਹ ਖੁਲ੍ਹ ਆਪ ਨੂੰ ਪ੍ਰਾਪਤ ਹੈ, ਆਪ ਵਰਤੋ। ਜਿਸੰ ਨੂੰ ਠੀਕ ਤੇ ਯੋਗ ਸਮਝੋ ਅਪਣਾ ਵੋਟ ਦਿਓ।

—ਵੀਰ ਸਿੰਘ

੨੯

17-1-26

ਪਿਆਰੇ ਜੀ,

ਗੁਰੂ ਨਾਨਕ ਆਪਣੀ ਮੇਹਰ ਦੀ ਛਾਂਵੇਂ ਨਾਮ ਦਾਨ ਬਖਸ਼ੇ। ਉਚੇ ਰਸ ਵਿਚ ਖੀਵੇ ਤੇ ਸੁਚੇ ਸੱਚੇ ਬਣਾਵੇ।

ਪਤ੍ਰ ਪੁੱਜੇ। ਬਸੰਤ ਅੱਜ ਹੀ ਸੀ ਤੇ ਅਸੀਂ ਅੰਮ੍ਰਿਤ ਵੇਲੇ ਸਾਰੇ ਆਪਣੇ ਘਰ ਦੇ ਗੱਡੀ ਟਾਂਗੇ ਵਿਚ ਛਿਹਰਟੇ ਮੱਥਾ ਟੇਕਣ ਗਏ ਸਾਂ। ਕ੍ਰੀਬ ਸਾਢੇ ਅਠ ਓਥੇ ਅੱਪੜ ਗਏ ਸਾਂ ਤੇ ਮੱਥਾ ਟੇਕ ਕੇ ਹੀ ਮੁੜ ਆਏ ਸਾਂ। ਬੜਾ ਸੁਆਦ ਸੀ।

ਬਸੰਤੀ ਰੁਮਾਲ ਪੁਜ ਗਿਆ। ਥੈਂਕਸ।

ਆਪਣੇ ਬਾਬਤ—ਅਜੇ ਓਥੇ ਟਿਕੋ, ਓਥੇ ਹੀ ਬਾਣੀ ਤੇ ਨਾਮ ਦਾ ਰਸ ਹੈ। ਨਿੱਲ੍ਹਰਧਾਰ ਅਰਸ਼ਾਂ ਤੋਂ ਮੀਂਹ ਵਸਣਾ ਹੈ, ਬੁਕ ਲਾਓ ਤੇ ਪੀਓ।

ਨਾਮ ਨਾ ਭੁੱਲੇ, ਸਤਗੁਰ ਨਾਨਕ ਮਿੱਠਾ ਮਿੱਠਾ ਲਗੇ। ਓਹ, ਜੋ ਕਦੇ ਮਾਤਾ ਤ੍ਰਿਪਤਾ ਜੀ ਦੇ ਗ੍ਰਿਹ ਪ੍ਰਗਟਿਆ ਸੀ, ਉਹ ਨੂਰ ਨੈਣਾਂ ਦੇ ਵਿਚ ਸਮਾਇਆ ਰਹੇ।

—ਵੀਰ ਸਿੰਘ

੩੦

12-12-27

ਪਿਆਰੇ ਜੀ,

ਨਾਮ ਜਪਿਆ ਕਰੋ, ਹੋਰ ਅਸਾਂ ਪਾਸ ਕੀਹ ਦਾਰੂ ਹੈ ।

'ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ ॥'

—ਵੀਰ ਸਿੰਘ

੩੧

3-4-28

ਬਰਖੁਰਦਾਰ ਜੀ !

ਵਿਦਯਾ ਵਿਚ ਤ੍ਰੱਕੀ ਕਰ ਰਹੇ ਹੋ, ਹੋਰ ਕਰੋ। ਪਰ ਪੱਛਮੀ ਵਿਦਯਾ ਦਾ ਇਕ ਨੁਕਸ ਬੀ ਹੈ, ਇਸ ਆਦਮੀ ਨੂੰ ਮੈਟੀਰੀਅਲ ਸੁਖਾਂ ਵਲ ਵਧੇਰੇ ਪਾਉਂਦੀ ਹੈ ਤੇ ਜ਼ਿੰਦਗੀ ਦੇ ਸੂਖਮ ਤੇ ਸੈਂਟੀਮੈਂਟ ਨਾਲ ਮਿਲਣ ਵਾਲੇ ਸੁਖਾਂ ਤੋਂ ਪਿੱਠ ਫਿਰਵਾਉਂਦੀ ਹੈ। ਇਸ ਲਈ ਵਿਦਯਾ ਦੇ ਨਾਲ ਨਾਲ ਆਪਣੇ ਦੇਸ਼ ਦੀ ਪੁਰਾਤਣ ਕਲਚਰ ਨੇ ਜੋ ਕੁਛ ਲਭਾ ਹੈ ਉਸ ਵਲ ਰੁਖ ਰਖਣਾ ਚਾਹੀਏ।

ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਤੇ **higher life** ਵਲ ਰੁਖ ਰਖਣਾ ਚਾਹੀਏ ਤਾਂ ਜੋ ਦਿਲ ਤੇ ਦਿਮਾਗ ਦੋਹਾਂ ਦੀ ਇਕੋ ਜੇਹੀ ਤ੍ਰੱਕੀ ਹੋਵੇ, ਨਿਰੀ ਦਿਮਾਗੀ ਤ੍ਰੱਕੀ ਇਕ ਅੰਗੀ ਤ੍ਰੱਕੀ ਹੈ ਤੇ ਅਗੇ ਚਲ ਕੇ ਮਨ ਨੂੰ ਸੁਖੀ ਕਰਨ ਵਿਚ ਕਾਮਯਾਬੀ ਨਹੀਂ ਹੁੰਦੀ।

ਹੋਰ ਅਸੀਸ।

—ਵੀਰ ਸਿੰਘ

੩੨

15-9-31

ਪਵਿੱਤ੍ਰਾਤਮਾ ਜੀ,

ਤੁਸਾਂ ਹੁਣ ਇਸ ਏਕਾਂਤ ਵਿਚ ਤੱਕਣਾ ਹੈ ਕਿ ਦਿਲ ਨਾਮ ਵਿਚ ਕਿਹਾ ਕੁ ਲਗਦਾ ਹੈ, ਸੰਕਲਪ ਘਟਣ ਤੇ ਨਾਮ ਵਿਚ ਸੁਰਤ ਲਗੀ ਰਹੇ ਤਾਂ ਬੜਾ ਆਨੰਦ ਹੈ, ਜਗਤ ਦੇ ਮੇਲਾਂ ਗੇਲਾਂ ਐਸ਼ਵਰਜਾਂ ਵਿਚ ਕੁਛ ਨਹੀਂ ਹੈ, ਆਪਣੇ ਅੰਦਰ ਦਾ ਸੁਖ ਹੀ ਸੁਖ ਰੂਪ ਹੈ; ਹੋਰ ਤਾਂ ਨਮਿਤਾਂ ਨਾਲ ਸੁਖ ਹੁੰਦੇ ਹਨ, ਨਮਿਤ ਹੱਟਿਆਂ ਹੱਟ ਜਾਂਦੇ ਹਨ।

ਗੁਰੂ ਅੰਗ ਸੰਗ।

—ਵੀਰ ਸਿੰਘ

੩੩

1-9-32

ਸ੍ਰੀ ਮਾਨ ਜੀਓ,

ਆਪ ਦਾ ਪੋਸਟ ਕਾਰਡ ਅੰਮ੍ਰਿਤਸਰੋਂ ਹੋ ਕੇ ਏਥੇ ਪੁਜਾ ਹੈ। ਆਪ ਮੇਰੇ ਸੁਭਾਵ ਦੇ ਜਾਣੂ ਹੋ। ਇਸ ਕਰ ਕੇ ਸਨਮ੍ਰ ਬਿਨੈ ਹੈ ਕਿ ਆਪਣੇ ਮਿਤ੍ਰ ਜੀ ਨੂੰ ਇਹ ਗੱਲ ਮਨਾ ਲਓ ਕਿ ਆਪਣੀ ਰਚੀ ਜਾਣ ਵਾਲੀ ਪੁਸਤਕ ਵਿਚ ਨਾ ਮੇਰਾ ਨਾਮ ਲਿਖੇ ਨਾ ਕਵਿਤਾ ਤੇ ਨਾ ਕੋਈ ਹੋਰ ਜ਼ਿਕਰ ਜ਼ਕਾਰ। ਮੈਂ ਆਪ ਦਾ ਬਹੁ ਧੰਨਵਾਦੀ ਹੋਸਾਂ।

ਐਸਾ ਕਰਨਾ ਮੈਨੂੰ ਸੁਖ ਤੇ ਖੁਸ਼ੀ ਦੇਣ ਦਾ ਕਾਰਨ ਨਹੀਂ ਹੋਣ ਲੱਗਾ।

—ਵੀਰ ਸਿੰਘ

੩੪

28–10–34

ਪਿਆਰੇ ਜੀ,

ਵਾਹਿਗੁਰੂ ਜੀ ਦੀ ਮਿਹਰ ਨਾਲ ਇਨਸਾਨ ਨੂੰ ਆਪਣੇ ਹਿਰਦੇ ਦੇ ਅੰਦਰ ਆਪਣੀ ਟੇਕ ਲੱਭ ਕੇ ਟ੍ਰਿਕ ਜਾਣਾ ਇਹ ਪਹਿਲਾ ਕੰਮ ਹੁੰਦਾ ਹੈ ਨਾਮ ਸਿਮਰਨ ਨਾਲ। ਕਿਉਂਕਿ ਹਿਰਦਾ ਇਕ ਡੋਲਣੀ ਵਸਤੂ ਹੈ। ਇਹ ਬਾਹਰ ਦੇ ਆਸਰੇ ਲੈ ਕੇ ਟਿਕਦਾ ਹੈ। ਵਾਹਿਗੁਰੂ ਜੀ ਦਸਦੇ ਹਨ ਕਿ ਇਹ ਆਪਣੇ ਆਪ ਵਿਚ ਟਿਕੇ ਫੇਰ ਇਹ ਪਰਮਾਤਮਾ ਨਾਲ ਜਾ ਟਿਕੇ। ਇਸੇ ਗੱਲ ਨੂੰ ਲਿਖਦੇ ਹਨ :

ਤੰਤੈ ਕਉ ਪਰਮ ਤੰਤੁ ਮਿਲਾਇਆ।"

ਸੋ ਨਾਮ ਜਪੀ ਚਲੋ, ਸਨੇ ਸਨੇ ਸਭ ਕੁਛ ਹੋ ਵੈਸੀ।

ਹੋਰ ਸੁਖ ਹੈ। ਮੌਸਮ ਸੁਹਣਾ ਹੈ। ਸਰਦੀ ਵੱਧ ਹੈ। ਸਵੇਰੇ ਟੈਮਪ੍ਰੇਚਰ ਸਾਡੇ ਵਰਾਂਡੇ ਵਿਚ 50 ਹੁੰਦਾ ਹੈ, ਦੁਪਹਿਰ 66 ਤੇ ਸ਼ਾਮਾਂ ਨੂੰ 54। ਥਰਮਾਮੀਟਰ ਵਰਾਂਡੇ ਵਿਚ ਲਗ ਗਈ ਹੈ। ਹੋਰ ਅਸੀਸ। ਨਾਮ ਚਿਤ ਰਹੇ। ਚਿਤ ਪ੍ਰਸੰਨ ਰਹੇ। ਪ੍ਰਸੰਨਤਾ ਅਡੋਲ ਰਹੇ।

—ਵੀਰ ਸਿੰਘ

੩੫

ਪਿਆਰੇ ਜੀਓ,

ਲਗੇ ਰਹਿਣਾ ਸਭ ਤੋਂ ਸੁਖਦਾਈ ਹੈ। ਹੁਣ ਤਾਂ ਵਕਤ ਕਾਫ਼ੀ ਮਿਲਦਾ ਹੋਸੀ, ਇਸ ਕਰ ਕੇ ਬਾਣੀ ਤੇ ਸਿਮਰਨ ਲਈ ਵਧੀਕ ਵਕਤ ਦਿਓ। ਆਪ ਜੀ ਦੇ ਵੀਰ ਜੀ ਦਾ ਹਾਲ ਪੜ੍ਹਿਆ ਹੈ, ਸਤਿਗੁਰੂ ਜੀ ਦੇ ਚੋਜ ਹਨ : 'ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ॥' ਤੁਸੀਂ ਪਿਆਰ ਤੇ ਖਿੱਚ ਦਾ ਉਪਦੇਸ਼ ਕਰੀ ਚਲੋ, ਕੋਈ ਤਰੀਕਾ ਦਸਣ ਦੀ ਲੋੜ ਨਹੀਂ, ਵੇਲੇ ਵੇਲੇ ਸਿਰ ਦਰੁਸਤ ਗੱਲ ਆਪੇ ਫੁਰੇਗੀ। ਮੈਂ ਖੁਸ਼ ਹੋਇਆ ਹਾਂ ਕਿ ਤੁਹਾਨੂੰ ਸਤਿਸੰਗੀ ਮਨਭਾਉਂਦਾ ਸਾਥੀ ਲੱਭ ਗਿਆ ਹੈ। ਹਜ਼ੂਰੀ ਦਾ ਪਾਠ ਸਿਖਾਲ ਦਿਓ। ਜਪ ਜੀ ਦੇ ਪਾਠ ਬੇ-ਹਜ਼ੂਰੀ ਕੀਤੇ **Voice of the wilderness** (ਉਜਾੜ ਵਿਚ ਕੂਕਾਂ ਦੇਣੀਆਂ) ਹਨ। ਜੇ ਗੁਰੂ ਨਾਨਕ ਨੂੰ ਪਾਸ ਖਿਆਲ ਕਰਕੇ, ਸੁਣਾ ਕੇ ਪੜ੍ਹੀਏ, ਤਾਂ ਉਹ ਵਿਆਪਕ ਜੋਤਿ ਸੁਣਸੀ ਤੇ ਕਦੇ ਖੈਰ ਪਾਸੀ। ਜਦੋਂ ਗੁਰੂ ਨਾਨਕ ਦਾ ਪਿਆਰ ਅੰਦਰ ਵੱਸ ਜਾਏਗਾ, ਨਿੰਦਕਾਂ ਦਾ ਸੰਗ ਆਪੇ ਘਟ ਜਾਏਗਾ। ਤੁਸੀਂ ਪਿਆਰੇ ਪ੍ਰੀਤਮ ਜੀ ਦਾ ਪਿਆਰ ਸਿਖਾਈ ਚਲੋ, ਆਪਣੀ ਬਾਬਤ ਤੌਖਲਾ ਨਾ ਕਰਿਆ ਕਰੋ। ਬੋਹੜ ਦਾ ਦਰੱਖ਼ਤ ਇਕ ਦਿਨ ਵਿਚ ਨਹੀਂ ਉਗਿਆ ਕਰਦਾ। ਸਤਿਗੁਰ ਦੀ ਬਾਣੀ, ਯਾਦ, ਪਿਆਰ, ਸਤਿਸੰਗ ਦੀ ਪ੍ਰਾਪਤੀ, ਤੇ ਇਸ ਪਰ ਸ਼ੁਕਰ, ਇਹ ਸਭ ਤਰੱਕੀਆਂ ਹਨ। ਸ਼ੁਕਰ ਕਰੋ ਤੇ **steady** (ਲਗਾਤਾਰ) ਚਾਲ ਨਾਲ ਟੁਰੀ ਚਲੋ। ਨਾਮ ਵਿਦਿਆ ਹੈ ਜੋ ਸ਼ਹਜ ਨਾਲ ਪੜ੍ਹੀਦੀ ਹੈ : 'ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ। ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ।' **H. S.** ਬਾਬਤ **Hopeless** (ਨਿਰਾਸ) ਨਹੀਂ ਹੋਣਾ, ਜਿਸ ਤਬੀਅਤ ਦਾ ਹੈ ਉਸੇ ਤਰ੍ਹਾਂ ਦੇ ਵਰਤਾਉ ਨਾਲ 'ਨਾਨਕ ਪ੍ਰੇਮ' ਦਾ ਸਾਂਝੀਵਾਲ ਬਨਾਵਣਾ ਹੈ।......ਜਦ ਲਗੇ ਰਹਵੋਗੇ ਕੀ ਤਅੱਜਬ ਹੈ ਕਿ ਮੈਲ ਨਾ ਕੱਟੇ)। ਗੁਰੂ ਨਾਨਕ ਦੇ ਆਤਮ ਸੂਰਜ ਦੀਆਂ ਕਿਰਨਾਂ ਕਿਸੇ ਹੋਰ **Dark cell** (ਅੰਧੇਰੇ ਖੂੰਜੇ) ਵਿਚ ਵੀ ਪੈ ਜਾਵਣ। **Go on working steadily and slowly. Be kind and show him, what on account of Pure love a sikh of Guru Nanak has got in himself.** (ਲਗਾਤਾਰ ਧੀਰੇ ਧੀਰੇ ਲਗੇ ਰਹੋ, ਪਿਆਰ ਨਾਲ ਉਸ ਨੂੰ ਅਨੁਭਵ ਕਰਾਓ ਕਿ ਗੁਰੂ ਨਾਨਕ ਦੇ ਸਿੱਖ ਅੰਦਰ ਕਿੰਨਾ ਸੁੱਚਾ ਪਿਆਰ ਹੁੰਦਾ ਹੈ)।

ਗੁਰੂ ਨਾਨਕ ਦੇ ਸਿੱਖ ਦੇ ਹਿਰਦੇ ਪ੍ਰੇਮ ਵਸਦਾ ਹੈ ਤੇ ਉਹ ਪ੍ਰੇਮ ਦਾਨ ਕਰਦਾ ਹੈ, ਪਰ ਉਹ ਬੇਥਵਾ ਤੇ **uncentered** (ਕੇਂਦਰ-ਰਹਿਤ) ਪ੍ਰੇਮ ਨਹੀਂ ਹੁੰਦਾ, ਜੋ ਨਿਖਸਮੇ ਤੇ ਨਿਗੋਸਾਏ **preach** ਕਰਦੇ (ਪ੍ਰਚਾਰਦੇ) ਹਨ। ਇਹ ਪ੍ਰੇਮ ਗੁਰੂ ਨੂੰ **centre** (ਕੇਂਦਰ) ਬਣਾ

ਕੇ ਉਸ ਨਾਲ ਸੁਰਤ ਨੂੰ ਬੰਨ੍ਹ ਕੇ ਅੰਦਰੋਂ ਪੈਦਾ ਹੁੰਦਾ ਹੈ ਤੇ ਫੇਰ ਦੇਹ ਅੰਦਰ ਮਹਿਕ ਤੇ ਸੁਗੰਧ ਦੇਂਦਾ ਹੈ।

ਜੋ ਕੁਝ ਮਨ ਦੇ ਛੇਤੀ ਚੰਗਾ ਹੋਂਵਣ ਵਿਚ ਆਪ ਨੂੰ ਖੇਚਲ ਰਹੀ ਹੈ ਉਹ ਉਸ **atmosphere** (ਵਾਯੂਮੰਡਲ) ਕਰਕੇ ਸੀ, ਜੋ ਮਕਾਨ ਵਿਚ ਰੱਬ ਤੋਂ ਭੁੱਲੇ ਵਾਸੀਆਂ ਨੇ ਪੈਦਾ ਕਰ ਰੱਖਿਆ ਸੀ ਤੇ ਜਿਸ ਵਿਚ ਤੁਸੀਂ ਜਾ ਰਹੇ ਤੇ ਹੁਣ ਉਹ **clear** (ਸਾਫ਼) ਹੋ ਗਿਆ ਹੈ, ਤੁਸਾਂ ਆਪਣੇ ਗਿਰਦ ਸਫਾ ਰੂਹਾਨੀ ਮੰਡਲ ਕਰ ਲਿਆ ਹੈ, ਹੁਣ ਚਾਹੀਦਾ ਹੈ ਕਿ ਸੁਖ ਰਹੇ। ਬੇਮੁਖ ਲੋਗਾਂ ਦੇ ਖਿਆਲਾਂ ਦਾ ਗੰਦ ਮਕਾਨ ਨੂੰ ਗੰਦ ਨਾਲ ਭਰ ਦੇਂਦਾ ਹੈ। ਨਾਮ ਵਾਲਿਆਂ ਨੂੰ ਅਨਜਾਣੇ ਜਾਂ ਜਾਣੇ ਬਲ ਉਸ ਪਾਸੇ ਲਾ ਕੇ ਉਸ ਨੂੰ ਆਤਮਕ ਸੁਖ ਵਾਲਾ ਬਨਾਉਣਾ ਪੈਂਦਾ ਹੈ। ਫਿਕਰ ਦੀ ਜਗ੍ਹਾ ਕੋਈ ਨਹੀਂ ਸਤਿਗੁਰੂ ਨਾਲ ਹੈ ਤੇ ਆਪਣਿਆਂ ਦਾ ਆਪ ਰਾਖਾ ਤੇ ਮਦਦਗਾਰ ਹੈ।

—ਵੀਰ ਸਿੰਘ

੩੬

4-10-49

ਪਿਆਰੇ ਜੀਉ,

ਇਨਸਾਨੀ ਵਰਤਾਉ ਤੋਂ ਜੇ ਨਜ਼ਰ ਉਚੀ ਕੀਤੀ ਜਾਵੇ ਤਾਂ ਸਿੱਖ ਦੀ ਨਜ਼ਰ ਭਾਣੇ ਤੇ ਜਾ ਟਿਕਦੀ ਹੈ। ਤਦ ਫੇਰ ਸਿੱਖੀ ਰਹੁਰੀਤਿ ਤੇ ਗੁਰੂ ਕੀ ਬਾਣੀ ਇਹੋ ਸਿਖਾਲਦੀ ਹੈ ਕਿ "ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ" (ਗੂਜਰੀ ਕੀ ਵਾਰ ਮਹਲਾ 5 ਸਫ਼ਾ 519) ਇਸ ਲਈ ਅਰਦਾਸ ਹੈ ਕਿ ਗੁਰੂ ਆਪ ਦੀ ਸਹਾਯਤਾ ਕਰੇ।

ਆਪ ਨੇ ਜੋ **Sentiments** ਲਿਖੇ ਹਨ ਕਿ ਆਪ ਨੂੰ ਸਿੰਘ ਸਭਾ ਮੂਵਮੈਂਟ ਦੇ ਗੁਜ਼ਰ ਚੁਕੇ ਸੇਵਾਦਾਰਾਂ ਦੀ ਯਾਦ, ਪਿਆਰ ਵਾਲ਼ੀ ਤੇ ਉਦਾਸੀ ਲਾਉਣ ਵਾਲੀ ਹੈ, ਕਾਬਲੇ ਕਦਰ ਹੈਨ। ਜੋ ਜੋ ਸੇਵਕ ਸੱਚੇ ਦਿਲੋਂ ਸੇਵਾ ਭਾਵ ਨਾਲ ਕੰਮ ਕਰਦੇ ਗਏ ਹਨ, ਗੁਰੂ ਉਨ੍ਹਾਂ ਦੀ ਘਾਲ ਥਾਂਇ ਪਾਵੇ ਤੇ ਜੋ ਹੁਣ ਜੀਉਂਦੇ ਹਨ, ਉਹਨਾਂ ਨੂੰ ਬਰਕਤ ਦੇਵੇ ਕਿ ਉਹ ਸਿਦਕ ਦਿਲੀ ਨਾਲ ਸੇਵਾ ਕਰਨ ਜੋ ਸੇਵਾ ਦਾ ਫਲ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੋਣ।

ਅਸਲ ਵਿਚ ਦਯਾਨਤਦਾਰੀ ਦੀ ਰਾਇ ਦਾ ਵਖੇਵਾਂ ਇਕ ਇਨਸਾਨੀ ਤਬੀਅਤ ਦਾ ਕੁਦਰਤੀ ਤਕਾਜ਼ਾ ਹੈ। ਇਸਦਾ ਪਰਸਪਰ ਸਹਾਰਾ ਹੋਣਾਂ ਚਾਹਿਯੇ। ਇਹ ਵਖੇਵਾਂ ਕਦੇ ਭੀ ਜ਼ਾਤੀਆਤ ਵਿਚ ਵਖੇਵੇਂ ਪਾਉਣ ਦਾ ਕਾਰਨ ਨਾ ਬਣੇ ਤਾਂ ਹੀ ਪੰਥ ਉਨਤ ਹੋ ਸਕਦਾ ਹੈ। ਸਿੱਖ ਸਾਰੇ ਗੁਰੂ ਗੋਬਿੰਦ ਸਿੰਘ ਜੀ ਦੀ ਸਾਜੀ ਪਰਿਵਾਰਿਕ ਜਥੇਬੰਦੀ ਦੇ ਅੰਗ ਹਨ। ਚਾਹੇ ਰਾਇ ਦਾ ਵਖੇਵਾਂ ਕਿਤਨਾ ਹੋਵੇ, ਉਹ ਉਸ ਪਿਤਾ ਦੇ ਪੁਤ੍ਰਤਵ ਤੇ ਪਰਸਪਰ ਭ੍ਰਾਤਰੀ-ਭਾਵ ਤੋਂ ਦੂਰ ਨਹੀਂ ਹੋ ਸਕਦੇ। ਜੇ ਹੋਣ ਤਾਂ ਸਾਡੀ "ਪਰਿਵਾਰਿਕ ਜਥੇਬੰਦੀ" ਵਿਚ ਫਰਕ ਪੈਂਦਾ ਹੈ। ਵਿਚਾਰਵਾਨ ਸਿੱਖਾਂ ਨੂੰ ਟੁਰ ਗਿਆਂ ਸੇਵਕਾਂ ਦਾ ਘਾਟਾ ਹੁਣ ਵਧੇਰੇ ਪੀੜਾਂ ਕਰਦਾ ਹੈ। ਜੇ ਇਸ ਵਲੇ ਸਰਦਾਰ ਸੁੰਦਰ ਸਿੰਘ ਜੀ, ਸਰਦਾਰ ਤਿਰਲੋਚਨ ਸਿੰਘ ਜੀ, ਸਰਦਾਰ ਹਰਬੰਸ ਸਿੰਘ ਜੀ ਵਰਗੇ ਨਿਸ਼ਕਾਮ ਪੰਥ ਸੇਵਕ ਮੌਜੂਦ ਹੁੰਦੇ ਤਾਂ ਹੋ ਸਕਦਾ ਸੀ ਕਿ ਉਹ ਪੰਥਕ ਏਕਤਾ ਲਈ ਮੌਜੂਦਾ ਮੁਸ਼ਕਲਾਂ ਹੱਲ ਕਰਨ ਲਈ ਪ੍ਰਯਤਨ ਕਰਦੇ ਤੇ ਸਫਲਤਾ ਹੁੰਦੀ ਪਰ ਭਾਣੇ ਵਿਚ ਸਭ ਕੁਝ ਹੈ।

ਇਕੱਲ ਇਨਸਾਨ ਲਈ ਔਖੀ ਗੱਲ ਹੁੰਦੀ ਹੈ। ਪਰ ਗੁਰਬਾਣੀ ਦਾ ਆਸਰਾ ਤੇ ਨਾਮ ਦਾ ਸਹਾਰਾ, ਇਕੱਲ ਨੂੰ ਏਕਾਂਤ ਬਣਾ ਦੇਂਦਾ ਹੈ। ਗੁਰਬਾਣੀ ਦਾ ਪਾਠ ਤੇ ਗੁਰੂ ਕਾ ਆਸਰਾ ਗੁਰਸਿੱਖਾਂ ਨੂੰ ਬਚਪਨ ਤੋਂ ਪ੍ਰਾਪਤ ਹੋ ਜਾਂਦਾ ਹੈ।

ਗੁਰੂ ਆਪ ਦਾ ਸਹਾਈ ਰਹੇ, ਨਾਮ ਦਾਨ ਵਾਫਰ ਕਰੇ ਤੇ ਆਪਣੇ ਭਾਣੇ ਅੰਦਰ ਬੰਦ ਤੋਂ ਖਲਾਸੀ ਛੇਤੀ ਬਖਸ਼ੇ।

—ਵੀਰ ਸਿੰਘ

੩੭

ਪਿਆਰੇ ਸਰਦਾਰ ਜੀਓ,

ਆਪ ਜੀ ਦਾ 12 ਅਪਰੈਲ ਦਾ ਪਤ੍ਰ ਪਹੁੰਚ ਗਿਆ ਸ਼ੀ, ਉਤਰ ਦੇਣ ਵਿਚ ਦੇਰੀ ਹੋਈ ਹੈ, ਖਿਮਾ ਕਰਨੀ।

1. 24 ਅਵਤਾਰਾਂ ਦੀ ਬਾਣੀ ਬਾਬਤ ਮੈਨੂੰ ਬਰਖੁਰਦਾਰ ਸੋਹਨ ਸਿੰਘ ਜੀ ਨੇ ਆਪ ਦੀ ਪੁਛ ਦੱਸੀ ਸੀ। ਮੈਂ ਉਸ ਸਬੰਧੀ ਇਕ ਨੋਟ ਲਭਦਾ ਰਿਹਾ ਹਾਂ ਜੋ ਮੈਨੂੰ ਮਿਲਿਆ ਨਹੀਂ। ਆਪੂੰ ਮੈਂ ਇਸ ਬਾਣੀ ਬਾਬਤ ਇਤਿਹਾਸਕ ਖੋਜ ਨਹੀਂ ਕਰ ਸਕਿਆ ਕਿ ਜਿਵੇਂ ਮੈਂ ਸੂਰਜ ਪ੍ਰਕਾਸ਼ ਬਾਬਤ ਕੀਤੀ ਸੀ, ਇਸ ਕਰਕੇ ਠੀਕ-ਠੀਕ ਰਾਇ ਨਹੀਂ ਦੇ ਸਕਦਾ। ਪਾਉਂਟੇ ਸਾਹਿਬ ਮੈਂ ਜਦੋਂ ਗਿਆ ਸਾਂ ਤਾਂ ਉਥੇ ਜਮਨਾ ਦੇ ਕਿਨਾਰੇ ਇਕ ਥੜਾ ਜਿਹਾ ਥਾਓਂ ਹੈ। ਉਥੋਂ ਦੇ ਲੋਕ ਦਸਦੇ ਸਨ ਕਿ ਇਸ ਪਰ ਬੈਠ ਕੇ ਗੁਰੂ ਸ਼ਾਹਿਬ ਜੀ ਕ੍ਰਿਸ਼ਨਾਵਤਾਰ ਦੀ ਰਚਨਾ ਰਚਦੇ ਹੁੰਦੇ ਸਨ।

2. ਗੁਰੂ ਗ੍ਰੰਥ ਕੋਸ਼ ਬਾਬਤ—ਆਪ ਦਾ ਵਿਚਾਰ ਮੈਂ ਪੜ੍ਹਿਆ ਹੈ। ਇਹ ਜਦ ਪਹਿਲੋਂ ਛਪਿਆ ਤਾਂ ਬਹੁਤ ਛੋਟਾ ਸੀ। ਦੂਜੀ ਵੇਰ ਇਸ ਨੂੰ ਮੈਂ edit ਕੀਤਾ ਸੀ ਤੇ, 7 ਬਰਸ ਲਗਾਏ ਸਨ ਤੇ ਪਹਿਲੋਂ ਤੋਂ ਤਕਰੀਬਨ ਤੀਊਣੇ size ਦਾ ਹੋ ਗਿਆ ਤਦੋਂ ਖਾਲਸਾ ਟ੍ਰੈਕਟ ਸੁਸਾਇਟੀ ਵਿਚ ਇਸ ਦੇ ਪਦ ਕ੍ਰਮ ਬਾਬਤ ਵੀਚਾਰ ਹੋਈ ਸੀ ਤਦੋਂ ਉਨ੍ਹਾਂ ਨੇ ਇਸ ਦਾ ਇਹ ਕ੍ਰਮ ਰਖਣਾ ਪਸੰਦ ਕੀਤਾ ਸੀ।

ਇਹ ਆਪ ਜੀ ਨੂੰ ਪਤਾ ਹੀ ਹੋਸੀ ਕਿ ਇਹ ਪੁਸਤਕ ਖਾਲਸਾ ਟ੍ਰੈਕਟ ਸੋਸਾਇਟੀ ਨੂੰ ਅਰਪਨ ਕਰ ਦਿਤੀ ਹੋਈ ਹੈ ਤੇ ਉਨ੍ਹਾਂ ਦੇ ਅਧਿਕਾਰ ਵਿਚ ਹੈ। ਹੁਣ ਇਸ ਦੀ ਤੀਸ੍ਰੀ ਸੁਧਾਈ ਕਰਨੀ ਹੈ, ਇਕ ਸਜਨ ਭਾਲ ਕਰ ਰਹੇ ਹਨ ਕਿ ਹੋਰ ਪਦ ਕਿਹੜੇ ਪਾਉਣੇ ਜੋਗ ਹਨ, ਜਦ ਉਹ ਕੰਮ ਮੁਕ ਗਿਆ ਤਾਂ ਮੈਂ ਫੇਰ ਇਸ ਪਰ ਵਕਤ ਲਗਾਸਾਂ ਉਨਾਂ ਪਦਾਂ ਦੇ ਅਰਥ ਤੇ ਵਿਤਪਤੀਆਂ ਲਗਾਉਣ ਦਾ। ਤਦੋਂ ਮੇਰਾ ਖਿਆਲ ਹੈ ਕਿ ਇਸਦੇ ਪਦ-ਕ੍ਰਮ ਬਾਬਤ ਮੈਂ ਸੁਸਾਇਟੀ ਵਿਚ ਜ਼ਿਕਰ ਕਰਾਂਗਾ ਤੇ ਆਸ ਹੈ ਕ੍ਰਮ ਬਦਲ ਜਾਏਗਾ।

ਹੁਣ ਵਾਲੇ ਕ੍ਰਮ ਵਿਚ ਜੇ ਆਪ ਨੂੰ ਖੇਚਲ ਹੁੰਦੀ ਤਾਂ ਆਪ ਕਿਰਪਾ ਕਰਕੇ ਇਸ ਦਾ ਸਫਾ (ਓ) ਜੋ ਕੋਸ਼ ਦੀ ਦੂਸ੍ਰੀ ਵੇਰ ਦੀ ਭੂਮਿਕਾ ਦੇ ਮਗਰੋਂ ਬਹੁਤ ਮੋਟੇ ਹਰਫਾਂ ਵਿਚ ਹੈ ਵਾਚ ਲਵੋ ਤਾਂ ਪਦ ਲੱਭਣ ਵਿਚ ਸੁਖੈਨਤਾ ਹੋ ਜਾਏਗੀ। ਕੋਸ਼ ਵਿਚ ਮੁਢ ਦੇ ਸਫਿਆਂ ਵਿਚ ਇਹ ਬੜੇ ਹੀ ਮੋਟੇ ਟੈਪ ਵਿਚ ਦਿੱਤਾ ਹੋਇਆ ਹੈ। ਇਹ ਕ੍ਰਮ ਵਯੰਜਨ ਅਖਰ ਦਾ ਹੈ, ਆਪਣੇ ਹਿਸਾਬ ਸਿਰ ਲਭਿਆ ਪਦ ਲੱਭਣ ਵਿਚ ਦੇਰ ਨਹੀਂ ਲਗਦੀ।

ਆਪ ਦੀ suggestion (ਸੁਝਾ) ਇਸ ਨੂੰ ਦੂਸ੍ਰੇ ਕੋਸ਼ਾਂ ਦੇ ਕ੍ਰਮ ਵਿਚ ਕਰਨ ਦੀ ਮੈਂ ਖਾਲਸਾ ਟ੍ਰੈਕਟ ਸੋਸਾਇਟੀ ਵਿਚ ਪੇਸ਼ ਕਰ ਦਿਆਂਗਾ ਤੇ ਆਸ ਹੈ ਤੀਸ੍ਰੀ revised edition ਵਿਚ ਤਬਦੀਲੀ ਹੋ ਜਾਏਗੀ।

ਦੋ ਹਿਸੇ ਕੋਸ਼ ਦੇ ਵਾਪਸ ਪਹੁੰਚ ਗਏ ਹਨ। ਉਹ ਭੇਜਣ ਵਾਲੇ ਨੂੰ ਵਾਪਸ ਦੇ ਦਿੱਤੇ ਜਾਣਗੇ।

ਹੋਰ ਸੁਖ ਸਾਂਦ ਹੈ। ਆਸ ਹੈ ਆਪ ਪਰਵਾਰ ਸਹਿਤ ਆਨੰਦ ਹੋਵੇਗਾ।

—ਵੀਰ ਸਿੰਘ

੩੮

ਪਿਆਰੇ ਜੀਓ ਜੀ—

ਆਸ ਹੈ ਸੁਖਾਂ ਸਹਿਤ ਹੋਸੋ ।

ਡਾਕਟਰ ਸਾਹਿਬ ਸੋਹਣ ਸਿੰਘ ਜੀ ਨੇ ਆਪ ਨਾਲ ਵਿਚਾਰ ਕੀਤੀ ਹੈ ਆਪ ਜੀ ਦੇ ਰੀਟਾਇਰ ਹੋਣ ਤੋਂ ਮਗਰੋਂ ਮਿਤਰ ਮੰਡਲ ਤੋਂ ਦੂਰ ਜਾਣ ਦੀ ਤੇ ਪੰਥ ਸੇਵਾ ਵਿਚ ਲਗੇ ਰਹਿਣ ਦੀ। ਉਨ੍ਹਾਂ ਦੀ ਵੀਚਾਰ ਨਿਜ ਦੇ ਪਿਆਰ ਨਾਲ ਭਰੀ ਹੋਈ ਹੈ ਤੇ ਉਸ ਵਿਚ ਮੈਂ ਤੇ ਬਰਖੁਰਦਾਰ ਬਲਬੀਰ ਸਿੰਘ ਜੀ ਸਹਿਮਤਿ ਹਾਂ। ਉਹ ਤਜਵੀਜ਼ ਪੰਥ ਸੇਵਾ ਦੇ ਭਾਵ ਨਾਲ ਬੀ ਭਰਪੂਰ ਹੈ।

ਸਰਦਾਰ ਹਰਬੰਸ ਸਿੰਘ ਜੀ, ਸਰਦਾਰ ਸੁੰਦਰ ਸਿੰਘ ਜੀ, ਸਰਦਾਰ ਤ੍ਰਿਲੋਚਨ ਸਿੰਘ ਜੀ ਦੀਆਂ ਜੁਦਾਈਆਂ ਨੇ ਪੰਥਕ ਸੇਵਾ ਦੇ ਮੰਡਲ ਵਿਚ ਥੁੜ੍ਹ ਪੈਦਾ ਕਰ ਦਿੱਤੀ ਹੈ, ਜਿਸਨੂੰ ਤੁਸਾਡਾ ਇਥੋਂ ਦੂਰ ਜਾ ਵਸਣਾ ਤੇ ਕਿਸੇ ਹੋਰ ਕੰਮ ਵਿਚ ਲਗ ਪੈਣਾ ਹੋਰ ਘਾਟਾ ਪੈਦਾ ਕਰ ਦੇਵੇਗਾ। ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਜੀਵਨ ਭਰ ਜੁਟੇ ਰਹੀਏ ਤੇ ਸੇਵਾ ਵਿਚ ਜੁਟੇ ਹੋਏ **in harness** ਹੀ ਵਿਦਾ ਹੋਈਏ ਜਿਵੇਂ ਪਯਾਰੇ ਗਏ ਹਨ, ਇਸ ਲਈ ਮੈਂ ਪਿਆਰ ਸਹਿਤ ਇਹ ਆਪਣੀ ਇੱਛਾ ਤੇ ਤੀਬਰ ਇੱਛਾ ਆਪ ਦੇ ਗੋਸ਼ ਗੁਜ਼ਾਰ ਕਰਨ ਦੀ ਛੁਟੀ ਲੈ ਰਿਹਾ ਹਾਂ ਕਿ ਆਪ ਹੋਰ ਵੀਚਾਰ ਕਰਕੇ ਉਸ ਤਜਵੀਜ਼ ਨਾਲ **agree** ਕਰੋ। ਚਾਹੇ **detail** ਵਿਚ ਕਈ ਗੱਲਾਂ ਦੀ **adjustment** ਵਿਚਾਰ ਨਾਲ ਹੋ ਸਕਦੀ ਹੈ। ਪਰ **main** ਗੱਲ ਇਹੋ ਹੈ ਕਿ ਆਪ ਜੀ ਚੀ. ਖਾ. ਦੀ. ਦੇ ਮਿਤ੍ਰ ਮੰਡਲ ਵਿਚੋਂ ਵਿੱਥ ਤੇ ਨਾ ਜਾਓ ਤੇ ਵਿਚੇ ਰਹਿ ਕੇ ਸਾਰੇ ਕੰਮ ਦੇ ਸਿਰ ਤੇ ਹੋ ਕੇ ਇਸ ਨੂੰ **guide** ਕਰੋ ਤੇ ਕਾਮਯਾਬੀ ਦੀ ਸਿਖਰ ਵਲ ਲਈ ਚਲੋ।

ਆਪ ਜੀ ਜੇ ਸਿਰ ਤੇ ਸੇਵਾ ਕਰਨ ਖੜੋ ਜਾਵੋ ਤਾਂ ਸ਼ਾਯਦ ਹੋਰ ਬੀ ਕਈ ਆ ਮੋਢਾ ਡਾਹੁਣ, ਜੈਸਾ ਕਿ ਦੀਵਾਨ ਚੂਹੜ ਸਿੰਘ ਜੀ ਹੈਨ, ਇਸ ਪ੍ਰਕਾਰ ਫੇਰ ਸੇਵਾ ਦਾ ਮੰਡਲ ਵਧ ਖਲੋਵੇ। ਸਰਦਾਰ ਹਰਬੰਸ ਸਿੰਘ ਜੀ ਨੇ ਜਦੋਂ ਦੀਵਾਨ ਦਾ ਟਿਕਾਣਾ ਖਰੀਦਿਆ ਸੀ ਤਾਂ ਕਿਹਾ ਸੀ ਕਿ ਮੈਂ ਵਿਚ ਆ ਰਹਾਂਗਾ ਔਰ ਮਿਤ੍ਰਾਂ ਨੂੰ ਨਾਲ ਟਿਕਾਵਾਂਗਾ ਤੇ ਇਸ ਨੂੰ ਧਰਮ ਪ੍ਰਚਾਰ ਦਾ ਭਾਰੀ ਅੱਡਾ ਬਨਾਵਾਂਗਾ।

ਸੋ ਜੇ ਆਪ ਜੀ ਓਹ ਆਸ਼ਾ ਪੂਰਨ ਕਰੋ ਤਾਂ ਪਰਮ ਖੁਸ਼ੀ ਹੋਸੀ।

—ਵੀਰ ਸਿੰਘ

ਮੌਤ ਬਾਰੇ

੩੯

4-11-09

ਸਤਿਕਾਰ ਯੋਗ ਪਵਿਤ੍ਰਾਤਮਾ ਜੀ,

ਪਿਆਰੇ ਡਾਕਟਰ ਦੀਵਾਨ ਸਿੰਘ ਜੀ ਨੇ ਖਬਰ ਦਿਤੀ ਹੈ ਕਿ ਆਪ ਦੇ ਪਿਆਰੇ ਵੀਰਾਂ ਦੇ ਮੰਡਲ ਵਿਚੋਂ ਇਕ ਪਿਆਰੇ ਆਪ ਤੋਂ ਵਿਛੁੜ ਗਏ ਹਨ । ਆਮ ਰਿਵਾਜ ਸਾਡੇ ਸੁਭਾਵ ਤੇ ਮੋਹ ਮਾਯਾ ਦੇ ਬੰਧਨਾਂ ਕਰਕੇ ਕੁਦਰਤੀ ਗੱਲ ਹੈ ਕਿ ਆਪ ਦਾ ਪਵਿਤ੍ਰ ਹਿਰਦਾ ਡੋਲ ਰਿਹਾ ਹੋਵੇ ਅਤੇ ਇਹ ਵਿਛੋੜਾ ਆਪ ਨੂੰ ਵਾਹਿਗੁਰੂ ਦੇ ਨੇੜੇ ਕਰਨ ਦੀ ਥਾਂ ਕੁਛ ਵਧੀਕ ਵਿਥ ਤੇ ਛੱਡ ਜਾਵੇ । ਜੇ ਇਸ ਦਾ ਫਲ ਨਿਕਲੇ ਤਦ ਸਚ ਮੁਚ ਏਹ ਵਿਛੋੜਾ ਭਾਰਾ ਦੁਖਦਾਈ ਹੋਵੇਗਾ ।

ਪਰ ਐਸੀ ਆਸ ਨਹੀਂ ਕਰਨੀ ਚੋਹੀਦੀ, ਜੋ ਕੁਛ ਮਰਦਾ ਕਹੀਦਾ ਹੈ ਉਹ ਮਰਦਾ ਨਹੀਂ ਹੈ, ਉਹ ਆਪਣੀ ਤ੍ਰਕੀ ਦੀ ਸੜਕ ਤੇ ਤੁਰਦਾ ਤੁਰਤਾ ਅਟਕ ਜਾਂਦਾ ਤੇ ਕਿਸੇ ਲੁਕਵੀਂ ਥਾਂ ਸੌਂ ਜਾਂਦਾ ਹੈ ਤੇ ਜਾਗ ਕੇ ਫੇਰ ਟੁਰ ਪੈਂਦਾ ਹੈ ।

ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ।
ਮਰਤਾ ਜਾਤਾ ਨਦਰਿ ਨ ਆਇਆ ।

ਏਹ ਸਰੀਰ ਵਾਹਿਗੁਰੂ ਨੇ ਮਰਨ ਲਈ ਨਹੀਂ ਬਨਾਇਆ ਸੀ ਕਿਉਂਕਿ ਉਹਨਾਂ ਦੇ ਸੁਭਾਵ ਵਿਚ ਮੌਤ ਨਹੀਂ ਹੈ । ਉਹ ਨਹੀਂ ਚਾਹੁੰਦੇ ਕਿ ਅਸੀਂ ਮਰੀਏ ।

ਗੁਰੂ ਜੀ ਆਖਦੇ ਹਨ :—

ਸਦਾ ਰਹੈ ਕੰਚਨ ਸੀ ਕਾਇਆ ਕਾਲ ਨ ਕਬਹੂੰ ਬਿਆਪੈ ॥ (ਪਾ: 10)

ਪਰ ਅਸੀਂ ਆਪ ਮਰਨ ਨਾਲ ਮੋਹ ਪਾਇਆ ਹੋਯਾ ਹੈ : ਅਸੀਂ ਹਰ ਘੜੀ ਆਪਣੇ ਆਪ ਨੂੰ ਮਾਰ ਰਹੇ ਹਾਂ । ਚਿੰਤਾ ਕਰਨੀ, ਕੁੜ੍ਹਨਾ, ਭਰਮਾਂ ਵਿਚ ਰੁੜ੍ਹਨਾ ਹੈ, ਭੈ ਵਿਚ ਤੌਖਲੇ ਕਰਦੇ ਰਹਣੇ ਏਹ ਕਹੀਆਂ ਤੇ ਕੁਦਾਲ ਹਨ : ਜੋ ਸਾਡੇ ਸਰੀਰ ਨੂੰ ਘਸਾ ਰਹੇ ਹਨ । ਏਹ ਗੱਲ ਬੀ ਨਹੀਂ ਕਿ ਅਸੀਂ ਮੂਰਖਾਂ ਵਾਂਞੂ ਟੱਪਦੇ ਰਹੀਏ; ਪਰ ਗੱਲ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਪਛਾਣੀਏ, ਆਪਣੇ ਬਲ ਦੇ ਜਾਣੂ ਹੋਵੀਏ । ਇਸ ਕਾਂਇਆ ਦੇ ਅੰਦਰ ਅੰਮ੍ਰਿਤ ਦਾ ਸੋਮਾ ਹੈ; ਉਸ ਨੂੰ ਭਾਲ ਲਵੀਏ ਤੇ ਰਜ ਰਜ ਕੇ ਪੀਵੀਏ : ਜੋ ਮੌਤ ਸਾਨੂੰ ਮਾਰਨੋ ਹਟ ਜਾਵੇ । ਤੇ ਜੀਵਨ ਦੀ ਤ੍ਰਿਸ਼ਨਾ ਸਾਨੂੰ ਗਰਭ ਜੋਨਿ ਦੇ ਕਲੇਸ਼ ਵਿਚ ਨਾ ਪਾ ਸਕੇ । ਸ੍ਰੀ ਗੁਰੂ ਗ੍ਰੰਥ ਸਾਹਿਬ ਫੁਰਮਾਉਂਦੇ ਹਨ :—

"ਤੇ ਪੀਵਹਿ ਸੰਤ ਕਰਹਿ ਮਨਿ ਮਜਨੁ ਪ੍ਰਭ ਜਿਨਹੁ ਸੇਵਾ ਕਰੀਆ ।"

ਤੁਸੀ ਚਾਹੁੰਦੇ ਹੋਵੋਗੇ ਕਿ ਮੈਂ ਲਿਖਾਂ ਕਿ ਵਹਿਗੁਰੂ ਨੇ ਆਪ ਨਾਲ ਵੱਡਾ ਅਨਯਾ ਕੀਤਾ ਹੈ; ਜੋ ਆਪ ਨੂੰ ਪਿਆਰੇ ਵੀਰ ਤੋਂ ਵਿਛੋੜਿਆ ਹੈ ? ਤੇ ਇਹ ਗੱਲ ਸਾਰੇ ਹਮਦਰਦਾਂ ਨੇ ਆਖੀ ਹੋਵੇਗੀ । ਅਰ ਏਹ ਗੱਲ ਤੁਹਾਡੇ ਬਾਹਰਲੇ ਮਨ ਨੂੰ ਚੰਗੀ ਭੀ ਲਗ ਸਕਦੀ ਹੈ, ਪਰ ਅਸਲ ਵਿਚ ਏਹ ਗੱਲ ਮਾੜੀ ਹੈ, ਅਰ ਸਚ ਨਹੀਂ ਹੈ । ਮੈਂ ਕਠੋਰ ਚਿਤ ਨਾਲ ਨਹੀਂ ਆਖ ਰਹਿਆ, ਮੈਂ ਇਸ ਸਾਲ ਵਿਚ ਆਪਣੇ ਪਰਮ ਸਨੇਹੀ ਗੁਰਮੁਖ ਪਿਤਾ ਤੇ ਹੋਰ ਗੁਰਮੁਖਾਂ ਦੇ ਵਿਛੋੜੇ ਝੱਲੇ ਹਨ : ਇਸ ਮਹੀਨੇ ਮੈਨੂੰ ਦੋ ਮਹਾਨ ਗੁਰਮੁਖ ਸੰਤਾਂ ਦੇ, ਜੋ ਆਤਮ ਪਿਆਰ ਕਰਦੇ ਸੇ ਤੁਰ ਗਏ ਹਨ । ਮੈਂ ਵਿਛੋੜੇ ਸੱਲ ਨੂੰ ਅਨੁਭਵ ਚੰਗੀ ਤਰਹ ਕਰਦਾ ਤੇ ਬੜੇ ਨਰਮ ਦਿਲ ਦਾ ਭਾਈਵਾਲ ਹਾਂ । ਪਰ ਸਚ ਸਚ ਹੈ ਅਰ ਉਹ ਏਹ ਹੈ :—

"ਮੀਤ ਕਰੈ ਸੋਈ ਹਮ ਮਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ ॥"

ਗੁਰੂ ਜੀ ਆਖਦੇ ਹਨ ਵਾਹਿਗੁਰੂ ਮਿਤ੍ਰ ਹੈ । ਮਿਤ੍ਰ ਜੋ ਕਰੇ ਸੋ ਕੁਸ਼ਲ (ਭਲਾ) ਹੁੰਦਾ ਹੈ । ਇਸ ਕਰਕੇ ਸਾਡੇ ਵਾਹਿਗੁਰੂ ਮਿਤ੍ਰ ਨੇ ਜੋ ਕੁਛ ਕੀਤਾ ਹੈ ਓਹ ਅਸਾਂ ਸੁਖ ਕਰਕੇ ਮੰਨਿਆ ਹੈ । ਅਸੀਂ ਕਿਉਂ ਪ੍ਰਮੇਸ਼ਰ ਦੇ ਕਰਨੇ ਨੂੰ ਦੁਖ ਮੰਨਦੇ ਹਾਂ ? ਸਾਡੇ ਵਿਚ ਇਕ ਭੁੱਲ ਹੈ ਜੋ ਗੁਰੂ ਜੀ ਨੇ ਐਉਂ ਵਰਣਨ ਕੀਤੀ ਹੈ :—

"ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥"

ਅਸਾਂ ਵਾਹਿਗੁਰੂ ਨੂੰ ਓਪਰਾ ਤੇ ਪਰਾਇਆ ਜਾਣਿਆ ਹੈ ਤੇ ਹੋਰ ਉਸ ਦੀਆਂ ਦਾਤਾਂ ਨੂੰ ਆਪਣਾ ਜਾਣਿਆ ਹੈ । ਜੇ ਕਦੀ ਅਸੀਂ ਵਾਹਿਗੁਰੂ ਨੂੰ ਆਪਣਾ ਜਾਣੀਏ ਤਦ ਉਸ ਦੀਆਂ ਦਾਤਾਂ ਨੂੰ ਉਸ ਨਾਲੋਂ ਓਪਰਾ ਜਾਣਾਈਏ । ਫੇਰ ਸਾਨੂੰ ਕਦੇ ਦੁਖ ਨਾ ਹੋਵੇ । ਕਿਉਂਕਿ ਵਾਹਿਗੁਰੂ ਆਪਣਾ ਹੈ । ਓਹ ਕਦੇ ਵਿਛੜਦਾ ਨਹੀਂ ਹੈ । ਸੋ ਆਪਣਾ ਜੇ ਸਦਾ ਜੀਵੇ ਤਦ ਵਿਛੋੜਾ ਹੀ ਨਹੀਂ ਹੈ : ਜੇ ਵਿਛੋੜਾ ਨਹੀਂ ਹੈ ਤਾਂ ਦੁਖ ਕਾਹਦਾ ਤੇ ਦੁਨੀਆਂ ਦੇ ਸਾਮਾਨ ਮਿਤ੍ਰ ਪਿਆਰੇ ਜਦ ਵ ਹਿਗੁਰੂ ਨਾਲੋਂ ਓਪਰੇ ਜਾਤੇ । ਤਦ ਉਹਨਾਂ ਦੇ ਵਿਛੋੜੇ ਦੀ ਪੀੜ ਕੀ ?

ਅਸੀਂ ਸੁੱਖਣਾਂ ਸੁਖਦੇ ਹਾਂ ਕਿ ਪ੍ਰਮੇਸਰ ਜੀ, ਸਾਡਾ ਕਾਕਾ ਰਾਜ਼ੀ ਹੋ ਜਾਵੇ । ਇਸ ਵੇਲੇ ਅਸੀਂ ਕਾਕੇ ਨੂੰ ਆਪਣਾ ਤੇ ਵਾਹਿਗੁਰੂ ਨੂੰ ਓਪਰਾ ਸਮਝ ਕੇ ਆਪਣੀ ਸ਼ੈ ਦੀ ਸਲਾਮਤੀ ਮੰਗਦੇ ਹਾਂ । ਜੇ ਵਾਹਿਗੁਰੂ ਹੋਵੇ ਆਪਣਾ ਤੇ ਕਾਕਾ ਉਸ ਦੀ ਭੇਜੀ ਹੋਈ ਦਾਤ ਸੇਵਾ ਵਾਸਤੇ ਸਮਝ ਕੇ ਉਸ ਦੀ ਸੇਵਾ ਕਰਦੇ ਕਹੀਏ । ਤਦ ਵਿਛੋੜੇ ਵੇਲੇ ਦੁਖ ਨਾ ਹੋਵੇ । ਇਕ ਗੱਲ ਹੋਰ ਹੈ । ਤੁਹਾਡੇ ਨਾਂ ਵਿਚ ਪ੍ਰਮੇਸ਼ਰ ਅਖਰ ਆਉਂਦੇ ਹਨ । ਅਰ ਤੁਹਾਡੇ ਨਾਂ ਦਾ ਅਰਥ ਹੈ ਪ੍ਰਮੇਸ਼ਰ ਦੀ ਵਸਤ ਅਰ ਪ੍ਰਮੇਸ਼ਰ ਅਰਪਣ ਹੋਈ ਸ਼ੈ । ਭਲਾ ਵੀਚਾਰ ਕਰੋ ਜਦ ਤੁਸੀਂ ਉਸ ਦੇ ਹੋ ਤੇ ਓਹ ਤੁਹਾਡੇ ਤੋਂ ਕਿਸੇ ਨੂੰ ਸੱਦ ਕੇ ਆਪਣੇ ਕੋਲ ਬਹਾਂਦਾ ਹੈ, ਤਦ ਤੁਸੀਂ ਰੰਜ ਕਿਉਂ ਹੋਵੋ ? ਦੁਖ ਕਿਉਂ ਕਰੋ ? ਜੋ ਪਿਆਰੇ ਨੇ ਸਾਡੇ ਕਿਸੇ ਸੱਜਣ ਨੂੰ ਕੋਲ ਸੱਦਿਆ ਹੈ, ਤਦ ਅਸੀਂ ਸ਼ੁਕਰ ਕਰੀਏ ਕਿ ਨਾ ਸ਼ੁਕਰੀ ? ਵਾਹਿਗੁਰੂ ਪ੍ਰੇਮ ਦਾ ਸੋਮਾ ਹੈ, ਓਹ ਕਦੇ

ਭੀ ਵੈਰ ਨਹੀਂ ਕਰਦਾ। ਦ੍ਰਿਸ਼ਟਮਾਨ ਜੋ ਕੁਝ ਹੈ, ਓਹ ਇਕ ਰਸ ਰਹਿ ਨਹੀਂ ਸਕਦਾ, ਇਸ ਕਰਕੇ ਇਸ ਨਾਲ ਮੋਹ ਨਹੀਂ ਪਾਉਣਾ ਹੈ, ਕਿਸੇ ਪਿਆਰੇ ਦਾ ਟੁਰ ਜਾਣਾ ਸਾਨੂੰ ਪ੍ਰਮੇਸ਼ਰ ਹੀਨ ਲੋਕਾਂ ਵਾਂਗ ਨਾ-ਸ਼ੁਕਰਿਆਂ ਨਾ ਬਨਾਵੇ। ਕਿਉਂਕਿ ਅਸੀਂ ਮਾਲਕ ਵਾਲੇ ਹਾਂ। ਮਾਲਕ ਸੁਧੀ ਨੇਕੀ ਹੈ। ਅਰ ਓਹ ਨੇਕੀ ਹੀ ਨੇਕੀ ਕਰਦਾ ਹੈ । ਸਗੋਂ ਪਿਆਰੇ ਦਾ ਟੁਰਨਾ ਸਾਨੂੰ ਏਹ ਸਿਖਾਵੇ ਕਿ ਅਸੀਂ ਇਸ ਜ਼ਿੰਦਗੀ ਦੇ ਅਸਲੇ ਨੂੰ ਪਛਾਣੀਏ । ਤਾਂ ਜੋ ਅਗਿਆਨੀ ਰਹਿ ਕੇ ਜਨਮ ਮਰਨ ਦਾ ਦੁਖ ਨਾ ਪਾਈਏ। ਗੁਰੂ ਜੀ ਆਖਦੇ ਹਨ :—

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ।
ਏਹ ਜਮ ਕੀ ਸਿਰਕਾਰ ਹੈ ਏਨ੍ਹਾਂ ਉਪਰਿ ਜਮ ਕਾ ਡੰਡੁ ਕਰਾਰਾ।
ਮਨਮੁਖ ਜਮ ਮਗਿ ਪਾਈਅਨਿ ਜਿਨ੍ਹ ਦੂਜਾ ਭਾਉ ਪਿਆਰਾ॥
ਜਮਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ॥

(ਵਾਰ ਗੂਜਰੀ ਮ: 3–12)

ਇਸ ਦਾ ਦਾਰੂ ਏਹ ਹੈ :—

ਜਾ ਹਰਿ ਬਖਸੇ ਤਾਂ ਗੁਰੁ ਮਿਲੈ ਅਸਥਿਰੁ ਰਹੈ ਸਮਾਇ॥
ਨਾਨਕ ਮਨ ਹੀ ਤੇ ਮਨੁ ਮਾਨਿਆ ਨਾ ਕਿਛੁ ਮਰੈ ਨ ਜਾਇ॥

(ਵਾਰ ਗੂਜਰੀ ਮ: 3–13)

ਹੁਣ ਤੁਸੀਂ ਵੀਚਾਰ ਕਰ ਲਵੋ ਕਿ ਦੋਸ਼ ਸਾਰਾ ਸਾਡਾ ਹੈ। ਜੇ ਮਨ ਹੀ ਮਨ ਨੂੰ ਮਨਾ ਲਵੇ ਤੇ ਅਸਥਿਰ ਹੋ ਜਾਵੇ ਤਦ ਅਸੀਂ ਕੀ ਵੇਖਾਂਗੇ ? ਕਿ "ਨਾ ਕਿਛੁ ਮਰੈ ਨ ਜਾਇ॥' ਹੁਣ ਸਾਨੂੰ ਆਪਣੀ ਸੁਰਤ ਨੂੰ ਅਸਥਿਰ ਕਰਨ ਦੀ ਲੋੜ ਹੈ। ਤੇ ਸੁਰਤ ਮਨ ਹੀ ਅਸਥਿਰ ਕਰ ਸਕਦਾ ਹੈ । ਮਨ ਦੋ ਹਨ । ਇਕ ਨੂੰ ਇਨਮਨ ਕਹਿੰਦੇ ਹਨ। ਜਿਸ ਨਾਲ ਅਸੀਂ ਹਰਖ ਸ਼ੋਕ ਕਰਦੇ ਹਾਂ ਤੇ ਦੂਜਾ ਉਨਮਨ ਹੈ ਜੋ ਅੰਦਰ ਗੁਪਤ ਵਰਤਦਾ ਹੈ । ਜਦ ਅਸੀਂ ਇਨਮਨ ਤੋਂ ਉਨਮਨ ਵਿਚ ਚਲੇ ਜਾਂਦੇ ਹਾਂ ਤਦ ਆਪਣੇ ਅਸਲੀ ਬਲ ਵਿਚ ਆ ਕੇ ਪ੍ਰਤਾਪ ਵਾਲੇ ਹੋ ਜਾਂਦੇ ਹਾਂ। ਜਿਹਾ ਕਿ ਕਬੀਰ ਜੀ ਸਾਨੂੰ ਗੁੱਝਾ ਭੇਤ ਦਸਦੇ ਹਨ ।

ਇਹੁ ਮਨੁ ਸਕਤੀ ਇਹੁ ਮਨੁ ਸੀਉ॥ }
ਇਹੁ ਮਨੁ ਪੰਚ ਤਤ ਕੋ ਜੀਉ॥ } ਉਨਮਨ ਏਹ ਹੈ।
ਇਹੁ ਮਨੁ ਲੇ ਜਉ ਉਨਮਨਿ ਰਹੈ॥ }
ਹਉ ਤੀਨਿ ਲੋਕ ਕੀ ਬਾਤੈ ਕਹੈ॥ } ਇਨਮਨ ਏਹ ਹੈ।

(ਗਉੜੀ ਬਾਵਨ ਅਖਰੀ ਕਬੀਰ ਜੀ–33)

ਸੋ ਕਰਨ ਜੋਗ ਗੱਲ ਇਹ ਸੀ ਕਿ ਅਸੀਂ ਸ਼ਬਦ ਦੇ ਪ੍ਰੇਮੀ ਹੋ ਕੇ ਇਨਮਨ ਵਿਚੋਂ ਨਿਕਲ ਕੇ ਉਨਮਨ ਵਿਚ ਜਾ ਵਸਦੇ। ਇਉਂ ਸੁਰਤ ਆਪਣੇ ਘਰ ਪਹੁੰਚ ਜਾਂਦੀ ਤਦ ਸਾਨੂੰ ਜਨਮ ਮਰਨ ਦੇ ਦੁਖ ਤੋਂ ਛੁਟਕਾਰਾ ਹੋ ਜਾਂਦਾ। ਪਰ ਅਸੀਂ ਵਿੰਗੇ ਰਸਤੇ ਪੈਂਦੇ ਹਾਂ। ਜਦ ਕੋਈ ਪਿਆਰਾ ਤੁਰ ਜਾਵੇ ਅਸੀਂ ਸ਼ੋਕ ਕਰਦੇ ਹਾਂ, ਸ਼ੋਕ ਕਰਨ ਨਾਲ ਸਾਡੇ ਮਨ ਦਾ ਬਲ ਖੁਰ ਜਾਂਦਾ ਹੈ ਤੇ ਵਾਹਿਗੁਰੂ ਨਾਲ ਬੇਮੁਖਾਈ ਹੁੰਦੀ ਹੈ। ਸਾਨੂੰ ਏਹ ਸਹਸਾ ਉਠਦਾ ਹੈ :

ਹਾਇ ਹੁਣ ਕੀ ਹੋਵੇਗਾ, ਏਹ ਵਿਯੋਗ ਖਾਂਦਾ ਹੈ। ਹਾਇ ਐਸਾ ਕਿਉਂ ਹੋ ਗਿਆ। ਏਹ ਸਹਸਾ ਜੀ ਨੂੰ ਮਲੀਨ ਕਰਦਾ ਹੈ। ਅਰ ਸਾਡੇ ਅੰਦਰ ਆਤਮਾ ਚਾਨਣ ਨਹੀਂ ਵੜਨ ਦੇਂਦਾ। ਤਦੇ ਗੁਰੂ ਜੀ ਆਖਦੇ ਹਨ :—

ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥

ਉਤਰ ਦੇਂਦੇ ਹਨ :—

ਮੰਨੁ ਧੋਵਹੁ ਸਬਦਿ ਲਾਗਹੁ ਹਰ ਸਿਉ ਰਹਹੁ ਚਿਤ ਲਾਇ ॥

ਸੋ ਜੀ ਮਨ ਧੋਵਉ। ਜੋ ਅੰਦਰ ਚਾਨਣਾ ਪਵੇ ਤਾਂ ਜੋ ਸਾਨੂੰ ਜਨਮ ਮਰਨ ਦਾ ਭੇਦ ਲੱਭ ਪਵੇ। ਤਦ ਫੇਰ ਸਾਨੂੰ ਜਮ ਜੋਹ ਨਾ ਸਕੇ। ਜੇ ਹਨੇਰਾ ਰਹਿਆ ਤਾਂ ਗੁਰੂ ਜੀ ਦੱਸਦੇ ਹਨ :—

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤ ਲਾਈਐ ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥
ਸਤਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥
ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥ (ਅਨੰਦ-17)

ਸੋ ਇਹ ਬਿਧ ਚਾਨਣੇ ਦੀ ਹੈ।

ਇਕ ਹੋਰ ਵੀਚਾਰ ਏਹ ਹੁੰਦੀ ਹੈ ਕਿ ਜਦ ਅਸੀਂ ਆਪਣੇ ਟੁਰ ਗਏ ਪਿਆਰੇ ਲਈ ਸ਼ੋਕ ਕਰਦੇ ਤੇ ਰੋਂਦੇ ਹਾਂ ਤਾਂ ਉਸ ਪਿਆਰੇ ਨੂੰ ਕਲੇਸ਼ ਹੁੰਦਾ ਹੈ। ਸਾਡੀ ਮੋਹ ਦੀ ਖਿੱਚ ਉਸ ਦੇ ਆਤਮਾ ਨੂੰ ਪਿਛੇ ਪਿਛੇ ਧੂਹਦੀ ਤੇ ਭਾਰਿਆਂ ਕਰਦੀ ਹੈ, ਸਾਡੇ ਸੰਕਲਪਾਂ ਦਾ ਭਾਰ ਉਸ ਦੇ ਸੂਖਮ ਸਰੀਰ ਤੇ ਪੈ ਕੇ ਉਸ ਨੂੰ ਦੁਖੀ ਕਰਦਾ ਹੈ। ਇਸ ਕਰਕੇ ਜਿਹੜਾ ਅਸੀਂ ਪਿਆਰ ਦਿਖਾ ਕੇ ਰੋਂਦੇ ਹਾਂ ਸੋ ਲੋਕਾਂ ਨੂੰ ਪਤਿਆਉਂਦੇ ਹਾਂ ਕਿਉਂਕਿ ਪਿਆਰੇ ਨਾਲ ਪਿਆਰ ਹੁੰਦਾ ਤਾਂ ਅਸੀਂ ਉਸ ਨੂੰ ਖੇਦ ਦੇਣ ਦਾ ਸਾਮਾਨ ਨ ਕਰਦੇ। ਗੁਰੂ ਜੀ ਨੇ ਆਖਿਆ ਸੀ :—

"ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ।"

ਤਾਂ ਤੇ ਅਸੀਂ ਰੋ ਰੋ ਕੇ ਆਪਣੇ ਪਿਆਰੇ ਨੂੰ ਕਿਸ ਤਰਹ ਭਾ ਸਕਦੇ ਹਾਂ। ਸੋ ਸਾਡਾ ਸ਼ੋਕ ਪ੍ਰਾਣੀ ਲਈ ਮਾੜਾ ਹੈ। ਫੇਰ ਅਸੀਂ ਆਪਣੇ ਸੁਖਾਂ ਤੇ ਵਲੇਵਿਆਂ ਨੂੰ ਰੋਂਦੇ ਹਾਂ :—

"ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥"

ਸਾਡਾ ਸ਼ੋਕ ਕਰਨਾ ਐਉਂ ਭੀ ਅਕਾਰਥ ਹੋਇਆ। ਹਾਂ, ਸਫਲ ਰੋਣਾ ਇਕ ਹੈ :—

'ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥"

ਹੁਣ ਪਿਆਰ ਦਾ ਰੋਣਾ ਕੀ ਹੈ ? ਅਸੀਂ ਆਪਣੇ ਪ੍ਰਮੇਸ਼ਰ ਜੀ ਦੇ ਚਰਨਾਂ ਵਿਚ

ਰੋਵੀਏ ਕਿ ਹੇ ਵਾਹਿਗੁਰੂ, ਸਾਡੇ ਪਿਆਰੇ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਹ। ਅਸੀਂ ਗੁਰਬਾਣੀ ਦਾ ਪਾਠ ਕਰੀਏ। ਗੁਰੂ ਜੀ ਨੇ ਆਪਣੇ ਲਈ ਆਖਿਆ ਸੀ :

'ਅੰਤ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥'

ਇਸ ਤੋਂ ਪਤਾ ਲੱਗਾ ਜੋ ਨਿਰਬਾਣ ਕੀਰਤਨ ਇਕ ਸੁਗਾਤ ਹੈ, ਅਰ ਆਤਮਾ ਦਾ ਪ੍ਰੇਮ ਭਰਿਆ ਰੁਦਨ ਹੈ। ਜੋ ਪਿਆਰੇ ਦੇ ਲਾਹੇ ਲਈ ਅਸੀਂ ਭੇਜ ਸਕਦੇ ਹਾਂ। ਪਰ ਹਾਇ ਦੀ ਗੱਲ ਇਹ ਹੈ ਕਿ

'ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ।'

ਪਰ ਪਿਆਰੇ ਲਈ ਕੀਰਤਨ ਕਰਨ ਵਾਲੇ ਕਿੰਨੇ ਹੁੰਦੇ ਹਨ ? ਇਕ ਪਾਠ ਬਰਾਦਰੀ ਲਈ ਰਖ ਛਡੀਦਾ ਹੈ। ਪਿਆਰੇ ਸਜਨ ਤੇ ਪ੍ਰਵਾਰ ਕਿੰਨੇ ਕੁ ਨਿਰਬਾਣ ਕੀਰਤਨ ਕਰਦੇ ਹਨ ? ਕਿੰਨੇ ਪਾਠ ਤੁਸਾਂ ਆਪਣੇ ਵੀਰ ਜੀ ਨੂੰ ਭਜੇ ਹਨ ? ਜੇ ਭੇਜੇ ਹਨ ਤਾਂ ਵਾਹ ਵਾਹ ਨਹੀਂ ਤਾਂ ਸ਼ੋਕ ਦੂਰ ਕਰੋ। ਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨੋ। ਉਹਨਾਂ ਦੇ ਪ੍ਰਵਾਰ ਨਾਲ ਪਿਆਰ ਕਰੋ। ਤੇ ਏਕਾਂਤ ਬੈਠ ਕੇ ਪਾਠ ਕਰੋ, ਅਰਦਾਸ ਸੋਧੋ ਜੋ ਗੁਰੂ ਉਨਹਾਂ ਦੇ ਆਤਮਾਂ ਨੂੰ ਠੰਢ ਤੇ ਅਨੰਦ ਵਿਚ ਰਖੇ। ਸਾਰਾ ਪਰਿਵਾਰ ਰਲ ਕੇ ਉਨਹਾਂ ਨੂੰ ਪਾਠ ਸੁਣਾਓ। ਕਿਸੇ ਗੁਰਮੁਖ ਪਿਆਰੇ ਦੀ ਮਿੰਨਤ ਕਰੋ ਜੋ ਵੀਰ ਦੇ ਆਤਮ ਸੁਖ ਲਈ ਪ੍ਰਾਰਥਨਾ ਕਰੋ ਤੇ ਅਰਦਾਸਾ ਸੋਧੋ। ਐਵੇਂ ਸੰਸਾਰ ਵਿਚ ਆਪ ਨੂੰ ਮਸਕੀਨ ਮੰਨ ਕੇ ਹਾਵੇ ਭਰਨੇ ਯੋਗ ਨਹੀਂ ਹਨ। ਸਗੋਂ ਜਿਸ ਰਾਹੇ ਅਸੀਂ ਟੁਰ ਰਹੇ ਹਾਂ, ਅਸੀਂ ਬੀ ਉਥੇ ਜਾਣਾ ਹੈ। ਉਥੇ ਜਾਣ ਦਾ ਸੰਜਮ ਕਰੀਏ। ਅਸੀਂ ਆਪ ਨੂੰ ਸੁਆਰੀਏ ਜੋ ਔਖ ਨਾ ਵੇਖੀਏ। ਏਹ ਸੁਆਸ ਅਤਿ ਅਮੋਲਕ ਹਨ। ਲੱਖੀਂ ਕ੍ਰੋੜੀਂ ਹੱਥ ਨਹੀਂ ਲਗਦੇ। ਕੋਈ ਸੁਆਸ ਪਿਆਰੇ ਪ੍ਰਮੇਸ਼ਰ ਜੀ ਦੇ ਧਿਆਨ ਤੋਂ ਖਾਲੀ ਨਾ ਜਾਵੇ। ਮੇਰੇ ਤੇ ਖਿਮਾਂ ਕਰਨੀ ਜੇ ਆਪ ਜੈਸੇ ਪਵਿਤ੍ਰਾਤਮਾਂ ਨੂੰ ਉਪਦੇਸ਼ ਦੇਣ ਵਾਂਗੂ ਲਿਖਿਆ ਹੈ। ਅਸਲ ਵਿਚ ਏਹ ਆਪਣੇ ਮਨ ਦੇ ਸੰਬੰਧ ਹਨ। ਅਰ ਆਪ ਲਈ ਚਿਤਾਵਨੀ ਮਾਤ੍ਰ ਹਨ ਕਿ ਕਦੇ ਕੋਈ ਵਿਛੋੜਾ ਹੁੰਦਾ ਤਦ ਸੁਰਤ ਡੋਲ ਜਾਂਦੀ ਹੈ। ਸੋ ਸਜਣਾਂ ਦਾ ਫ਼ਰਜ਼ ਹੁੰਦਾ ਹੈ ਕਿ ਅੰਤ੍ਰਮੁਖ ਬ੍ਰਿਤੀ ਵਲ ਚੇਤਾ ਕਰਾਂਦੇ ਜਾਣ ਤਾਂ ਜੋ ਮੋਹ ਮਾਰ ਨ ਘੱਤੇ। ਏਸ ਗੁਰੂ ਜੀ ਦੇ ਸ਼ਬਦ ਦੀ ਧਾਰਨਾਂ ਸੁਖਾਂ ਦੀ ਦਾਤੀ ਹੈ।

ਰਮਣ ਕਉ ਰਾਮ ਕੇ ਗੁਣ ਬਾਦ। ਸਾਧ ਸੰਗਿ ਧਿਆਈਐ ॥
ਪਰਮੇਸਰੁ ਅੰਮ੍ਰਿਤ ਜਾ ਕੇ ਸੁਆਦ ॥ ੧ । ਰਹਾਉ ॥
ਸਿਮਰਤ ਏਕੁ ਅਚੁਤ ਅਬਿਨਾਸੀ। ਬਿਨਸੇ ਮਾਇਆ ਮਾਦ।
ਸਹਜ ਅਨਦ ਅਨਹਦ ਧੁਨਿ ਬਾਣੀ ਬਹੁਰਿ ਨ ਭਏ ਬਿਖਾਦ ॥੧॥
ਸਨਕਾਦਿਕ ਬ੍ਰਹਮਾਦਿਕ ਗਾਵਤ ਗਾਵਤ ਸੁਕ ਪ੍ਰਹਿਲਾਦਿ ॥
ਪੀਵਤ ਅਮਿਉ ਮਨੋਹਰ ਹਰਿ ਰਸੁ ਜਪਿ ਨਾਨਕ ਹਰਿ ਬਿਸਮਾਦ ॥2॥

(ਸਾਰੰਗ ਮ: 5-80)

ਵਾਹਿਗੁਰੂ ਆਪ ਨੂੰ ਆਪਨੇ ਪਿਆਰ ਵਿਚ ਰਖੇ ਤੇ ਆਪ ਦੇ ਵੀਰ ਨੂੰ ਗੁਰਪੁਰੀ ਵਿਚ ਨਿਵਾਸ ਬਖਸ਼ੇ।

—ਵੀਰ ਸਿੰਘ

੪੦

4-11-1909

ਪਿਆਰ ਸਰਦਾਰ ਜੀ,

ਚਿਤ ਨਹੀਂ ਕਰਦਾ ਸੀ ਕਿ ਪੱਤ੍ਰ ਲਿਖ ਕੇ ਆਪ ਨੂੰ ਉਹ ਦੁਖ ਯਾਦ ਕਰਾਵਾਂ। ਜਿਸ ਵਲੋਂ ਕਿ ਦਿਲ ਨੂੰ ਇਸ ਵੇਲੇ ਬਹਲਾਵਣ ਦੀ ਲੋੜ ਹੈ। ਦੁਖ ਤਾਂ ਆਪਣੀ ਚਾਲ ਤੇ ਰਹਿੰਦੇ ਤੇ ਕਰਮਾਂ ਦੀ ਪ੍ਰੇਰਨਾ ਅਨੁਸਾਰ ਆਉਂਦੇ ਰਹਿੰਦੇ ਹਨ । ਸਾਨੂੰ ਉਹਨਾਂ ਨੂੰ ਝੱਲਣਾ ਹੀ ਪੈਂਦਾ ਹੈ। ਪ੍ਰੰਤੂ ਝੱਲਣ ਦਾ ਸਦਾ ਸਭ ਤੋਂ ਚੰਗਾ ਵਤੀਰਾ ਇਹ ਹੈ, ਕਿ ਅਸੀਂ ਦੁਖ ਦੀ ਅਸਲ ਨੂੰ ਪਛਾਣੀਏ, ਕਿਉਂਕਿ ਇਹ ਗੱਲ ਰਤਾ ਸਾਨੂੰ ਘੱਟ ਨਸੀਬ ਹੁੰਦੀ ਹੈ। ਇਸ ਕਰ ਕੇ ਜਿਨ੍ਹਾਂ ਹੁਣਹਾਰਾ ਨੂੰ 'ਦੁੱਖ' ਕਰ ਕੇ ਕਹਿਆ ਜਾਂਦਾ ਹੈ ਉਹ ਸਚਮੁਚ ਹੀ ਅਣੀਆਲੇ ਤੀਰ ਹੋ ਕੇ ਵਜਦੀਆਂ ਹਨ ਅਤੇ ਸਾਡੇ ਭਾਈਚਾਰਿਆਂ ਦੇ ਵਰਤਾਵੇ ਬੀ ਐਸੇ ਹੀ ਹਨ ਕਿ ਸਾਨੂੰ ਦੁਖਾਂ ਤੋਂ ਬਚਾਉਣ ਦੀ ਥਾਂ ਉਹਨਾਂ ਨੂੰ ਅਧਕ ਕਰਦੇ ਹਨ । ਸਾਰੇ ਸੱਜਨ ਮਿੱਤ੍ਰ ਇਹ ਯਾਦ ਕਰਾਂਦੇ ਹਨ ਕਿ ਆਪਦਾ ਬੜਾ ਹਰਜ਼ ਹੋਇਆ, ਬੜਾ ਕਹਿਰ ਹੋਇਆ। ਗੋਯਾ ਸਾਡੇ ਮਨ ਵਿਚ ਕੁਦਰਤਨ ਹੋਈ ਪੀੜਾ ਦੀ ਵਧ ਵਨ ਵੀਚਾਰ ਵਧੀਕ ਕੀਤੀ ਜਾਂਦੀ ਹੈ, ਜਿਸ ਨਾਲ ਮਨ ਦੀ ਉਹ ਸ਼ਕਤੀ ਜੋ ਦੁਖਾਂ ਦਾ ਮੁਕਾਬਲਾ ਕਰ ਕੇ ਕਾਇਮ ਰਖ ਸਕਦੀ ਹੈ, ਹੋਰ ਕਮਜ਼ੋਰ ਪੈ ਜਾਂਦੀ ਹੈ। ਅਰ ਐਸਾ ਆਮ ਰਿਵਾਜ ਹੋਣ ਕਰ ਕੇ ਕੋਈ ਸੱਜਨ ਭੀ ਦਲੇਰੀ ਨਹੀਂ ਕਰਦਾ ਕਿ ਸਾਡੇ ਮਨ ਦੇ ਵੇਗ ਨੂੰ ਪਲਟੇ ਦੇਣ ਦੀ ਆਜ਼ਾਦੀ ਲਵੇ ।ਕਿਉਂਕਿ ਐਸਾ ਕਰਨੇ ਨੂੰ ਹਮਦਰਦੀ ਦੀ ਨਯੂਨਤਾ ਸਵਝਦੇ ਹਨ । ਮੇਰਾ ਬੀ ਜੀ ਨਹੀਂ ਕਰਦਾ ਸੀ ਕਿ ਹਮਦਰਦੀ ਦਾ ਦਿਖਾਵਾ ਕਰਨ ਲਈ ਸ਼ੋਕ ਪੱਤ੍ਰ ਲਿਖਾਂ। ਪ੍ਰੰਤੂ ਇਹ ਖਿਆਲ ਕਿ ਆਪ ਸਤਿਸੰਗੀ ਹੋ ਅਰ ਸ਼ਾਯਦ ਕੋਈ ਮਾੜਾ ਮੋਟਾ ਵੀਚਾਰ ਦਾ ਖਿਆਲ ਆਪ ਨੂੰ ਮਦਦ ਦੇ ਸਕੇ । ਇਹ ਹਰਫ਼ ਲਿਖਦਾ ਹਾਂ ।

ਖਿਮਾ ਕਰਨੀ ਮੈਂ ਆਪ ਦੇ ਦਰਦ ਨਾਲ 'ਹਮਦਰਦ' ਹੋਣ ਲਈ ਤਿਆਰ ਨਹੀਂ, ਜੋ ਜੋ ਪੀੜ ਆਪ ਨੂੰ ਹੋਈ ਹੈ ਉਸ ਪੀੜ ਨੂੰ ਆਪਣੇ ਪਰ ਲੈਣ ਯਾ ਵੰਡਾਣ ਦਾ ਕੁਛ ਗੁਣ ਨਹੀਂ, ਹਾਂ ਇਹ ਮੇਰਾ ਜੀ ਕਰਦਾ ਹੈ, ਕਿ ਆਪ ਦੇ ਅੰਦਰ ਪੀੜ ਨਾ ਰਹੇ, ਪੀੜ ਸਦਾ ਭੁੱਲ ਕਰ ਕੇ ਹੁੰਦੀ ਹੈ। ਸੋ ਹੁਣ ਸਾਡੇ ਪਿਆਰੇ ਹਨ, ਸੋ ਅਸਾਂ ਅਗਯਾਨ ਦੇ ਮੋਹ ਨਾਲ ਅਪਨੇ ਵਲ ਕਦੇ ਖਿਚੇ ਸਨ। ਜਦ ਉਹ ਵਿਛੜਦੇ ਹਨ ਤਦ ਉਹਾ ਮੋਹ ਦੁਖ ਦੇਂਦਾ ਹੈ ਤੇ ਅਸਲ ਗੱਲ ਇਹ ਸੀ ਕਿ ਸਾਰਾ ਜਨਮ ਇਨ੍ਹਾਂ ਗੱਲਾਂ ਵਾਸਤੇ ਨਹੀਂ ਸੀ। ਸੁਰਤ ਦਾ ਅਡੋਲ ਕਰਨਾ ਮਨੁਖਾ ਜਨਮ ਦਾ ਪਰਮ ਪ੍ਰਯੋਜਨ ਹੈ। ਜੇ ਅਸੀਂ ਇਸ ਰਸਤੇ ਦੇ ਤੁਰਨ ਵਾਲੇ ਹਾਂ ਤਦ ਹਰ

ਦੁਖ ਤੇ ਵਿਛੋੜਾ ਸਾਡੀ ਸੁਰਤ ਨੂੰ ਹੀ ਗਿਰਾਯਾ ਕਰਦਾ ਹੈ। ਗੋਯਾ ਦੁਖ ਪਏ ਦੀ ਪੀੜ ਵਿਚ ਪੀੜਤ ਹੋ ਜਾਣਾ ਆਪਣੇ ਮੰਤਵ ਦੇ ਉਲਟ ਕਰਨਾ। ਪੀੜ ਸੁਰਤ ਗਿਰਾਯਾ ਕਰਦੀ ਹੈ। ਸਿੰਘ ਦਾ ਧਰਮ ਹੈ ਕਿ ਸਦੀਵ ਅਹਿੱਲ ਰਹੇ। ਪੱਥਰ ਯਾ ਜੜ੍ਹ ਦੀ ਤਰਹ ਕਠੋਰ ਹੋ ਕੇ ਨਹੀਂ, ਪਰ ਵਿਚਾਰਵਾਨ ਸਿਦਕਵਾਨ ਹੋ ਕੇ। ਕਿਉਂਕਿ ਜੋ ਕੁਛ ਹੁੰਦਾ ਹੈ ਵਾਹਿਗੁਰੂ ਦੀ ਆਗਿਆ ਵਿਚ ਹੁੰਦਾ ਹੈ। ਵਾਹਿਗੁਰੂ ਨੇਕੀ ਕੁੰਨ ਹੈ, ਉਸ ਵਿਚ ਨੇਕੀ ਹੀ ਨੇਕੀ ਹੈ। ਜੋ ਕੁਛ ਕਰਦਾ ਹੈ, ਭਲਾ ਕਰਦਾ ਹੈ। ਤਾਂ ਤੇ ਜਿਸ ਦੁਖ ਤੋਂ ਸਾਡੀ ਸੁਰਤ ਹਿਲਕੇ ਪੀੜਤ ਹੋਈ ਹੈ, ਉਹ ਮਾਲਕ ਵਲੋਂ ਕੋਈ ਭਲਿਆਈ ਸੀ। ਜਿਸ ਨੂੰ ਸਮਝਣੇ ਦੀ ਸਾਨੂੰ ਤਾਕਤ ਨਹੀਂ ਹੈ। ਜਿਕੂੰ ਬੱਚੇ ਨੂੰ ਚਪੇੜ ਮਾਰ ਕੇ ਕੌੜਾ ਦਾਰੂ ਪਿਲਾਈਦਾ ਹੈ, ਬੱਚਾ ਚਪੇੜ ਤੇ ਕੁੜੱਤਣ ਦੀ ਪੀੜ ਵਿਚ ਦੁਖੀ ਹੁੰਦਾ ਹੈ। ਪਰ ਨਹੀਂ ਸਮਝ ਸਕਦਾ ਕਿ ਇਸ ਦਾਰੂ ਦਾ ਗੁਣ ਕੀ ਹੈ। ਤਿਵੇਂ ਹੀ ਅਸੀਂ ਪਿਆਰੇ ਵਾਹਿਗੁਰੂ ਦੇ ਕਰਨਿਆਂ ਨੂੰ ਸਮਝ ਨਾ ਸਕਦੇ। ਉਹ ਪ੍ਰੇਮ ਦਾ ਚਸ਼ਮਾ ਸਦਾ ਪ੍ਰੇਮ ਕਰਦਾ ਹੈ। ਪਰ ਅਸੀਂ ਸਮਝ ਨਾ ਹੋਣ ਦੇ ਕਾਰਨ (ਦਰਦ) ਵਿਚ ਪੈ ਜਾਂਦੇ ਹਾਂ ਅਰ ਸਾਡੇ ਮਿਤ੍ਰ ਪਿਆਰੇ ਸਾਡਾ ਦਰਦ ਦੂਰ ਕਰਨ ਦੀ ਥਾਂ ਆਪ ਸਾਡੇ ਨਾਲ ਹਮਦਰਦ ਬਣ ਜਾਂਦੇ ਹਨ। ਇੱਕਰ ਦੁਖ ਦੇ ਘੁੰਮਣਘੇਰ ਵਿਚੋਂ ਨਿਕਲਣਾ ਕਠਨ ਹੋ ਜਾਂਦਾ ਹੈ। ਸਮਾਂ ਹੀ ਸਹਿਜੇ ਸਹਿਜੇ ਭੁਲਾਂਦਾ ਤੇ ਦਾਰੂ ਕਰਦਾ ਹੈ ਜੋ ਕਿ ਸਾਡੇ ਸੁਰਤ ਨੂੰ ਕੋਈ ਲਾਭ ਨਹੀਂ ਹੁੰਦਾ। ਸਗੋਂ ਗਿਰਾਉ ਹੁੰਦਾ ਜਾਂਦਾ ਹੈ ਜ਼ਰਾ ਉੱਚੀ ਨਜ਼ਰ ਕਰ ਕੇ ਦੇਖੀਏ :

"ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ ॥"

(ਬਿਲਾਵਲ ਮ: 5—31)

ਸਦੀਆਂ ਵਿਚ ਕ੍ਰੋੜਹਾਂ ਜੀਵ ਚਲੇ ਗਏ, ਤੇ ਚਲੇ ਜਾ ਰਹੇ ਹਨ। ਸੰਸਾਰ ਵਿਚ ਤਬਦੀਲੀ ਹਰ ਛਿਨ ਜਾਰੀ ਹੈ। ਜੇ ਤਬਦੀਲੀ ਨਾ ਹੋਵੇ ਤਦ ਸੰਸਾਰ ਕਾਇਮ ਨਹੀਂ ਰਹਿ ਸਕਦਾ। ਏਹ ਮੌਤ ਬੀ ਇਕ ਤਬਦੀਲੀ ਹੈ। ਇਸ ਨਾਲ ਨਸ਼ਟ ਕੁਛ ਨਹੀਂ ਹੁੰਦਾ, ਜਿੰਦ ਦੀ ਤਰੱਕੀ ਵਿਚ ਮੌਤ ਇਕ ਸਰਾਯਾ ਅਟਕਾਉ ਹੈ। ਜਿਸ ਤਰਹ ਜ਼ਿੰਦਗੀ ਦਾ ਵਕਤ ਮੁੱਕ ਕੇ ਮੌਤ ਆਉਂਦੀ ਹੈ ਤਿਵੇਂ ਮੌਤ ਦਾ ਵਕਤ ਬੀਤ ਕੇ ਫੇਰ ਐਸੀ ਜ਼ਿੰਦਗੀ ਆਉਂਦੀ ਹੈ। ਅਰ ਇਹ ਚੱਕਰ ਜੋ ਦੁਖਦਾਈ ਹੈ ਤਦ ਤਕ ਜਾਰੀ ਹੈ। ਜਦ ਤਕ ਸੁਰਤ ਪੱਕ ਨਹੀਂ ਗਈ, ਸੋ ਜੋ ਇਸ ਦੁਖ ਤੋਂ ਡਰੇ ਉਹ ਅਪਨੀ ਸੁਰਤ ਨੂੰ ਪਕਾਵੇ। 'ਜੇ ਕੋ ਜਨਮ ਮਰਣ ਤੇ ਡਰੇ। ਸਾਧ ਜਨਾਂ ਕੀ ਸਰਨੀ ਪਰੇ।'

ਸਾਧ ਜਨ ਸਾਧਨ ਦਸਦੇ ਹਨ। ਓਹ ਸਾਧਨ ਜ਼ਿੰਦਗੀ ਨੂੰ ਅਮਰ ਕਰ ਦੇਣ ਵਾਲਾ ਹੁੰਦਾ ਹੈ। ਏਹ ਮੌਤ ਸਾਡਾ ਆਪਣਾ ਸਹੇੜ ਹੈ। ਦੁਖ ਬੀ ਸਾਡੇ ਆਪਣੇ ਸਹੇੜ ਹਨ। ਵਾਹਿਗੁਰੂ ਸਦਾ ਜਾਗਤੀ ਜੋਤਿ ਹੈ। ਓਹ ਮੌਤ ਨਹੀਂ ਬਨਾ ਸਕਦਾ। ਵਾਹਿਗੁਰੂ ਸਦਾ ਅਰੋਗ ਹੈ। ਓਹ ਰੋਗ ਨਹੀਂ ਬਨਾ ਸਕਦਾ। ਵਾਹਿਗੁਰੂ ਸਦਾ ਕਲਯਾਣ ਸਰੂਪ ਹੈ। ਓਹ ਕਦੇ ਦੁਖ ਤੇ ਪੀੜਾ ਨਹੀਂ ਬਣ ਸਕਦਾ। ਤਦੇ ਭਗਤ ਜੀ ਫੁਰਮਾਂਦੇ ਹਨ :

'ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥ ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ।'

ਜੇ ਸੁਰਤ ਮਜ਼ਬੂਤ ਹੋ ਜਾਵੇ। ਤਦ ਗੁਰੂ ਜੀ ਆਖਦੇ ਹਨ :—

"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥"

ਏਹ ਸੰਸਾਰ ਸਾਗਰ ਸੁਰਤ ਹੀ ਤਰ ਸਕਦੀ ਹੈ। ਸੁਰਤ ਦੀ ਪਕਿਆਈ ਵਿਚ ਇਤਨਾ ਬਲ ਹੈ ਕਿ ਸਰੀਰ ਦੀ ਮੌਤ ਤੇ ਰੋਗਾਂ ਨੂੰ ਭੀ ਝੱਲ੍ਹ ਸਕਦੀ ਹੈ। ਆਪ ਨੇ ਪੜ੍ਹਿਆ ਹੋਵੇਗਾ ਕਿ ਸ੍ਰੀ ਗੁਰੂ ਕਲਗੀਧਰ ਜੀ ਸਰੀਰ ਸਮੇਤ ਹੀ ਚਲੇ ਗਏ ਸੇ। ਅਰ ਇਕ ਪਠਾਣ ਨੂੰ ਕੈਦ ਤੋਂ ਕੱਢਿਆ ਸੀ। ਸੋ ਹੈ ਤਾਂ ਏਹ ਕਿ ਸਾਨੂੰ ਆਪਣੇ ਆਤਮਾ ਦੇ ਬਲ ਦਾ ਪਤਾ ਨਹੀਂ ਹੈ। ਅਸੀਂ ਉਸ ਪਾਤਸ਼ਾਹ ਅਕਾਲ ਪੁਰਖ ਦੀ ਅੰਸ਼ ਹਾਂ :

ਕਹੁ ਕਬੀਰ ਇਹੁ ਰਾਮ ਦੀ ਅੰਸੁ। ਜਸ ਕਾਗਦ ਪਰ ਮਿਟੈ ਨ ਮੰਸੁ ॥

ਸ਼ਹਨਸ਼ਾਹ ਦੇ ਪੁਤ੍ਰ ਸ਼ਾਹਜ਼ਾਦੇ ਹੋਇਆ ਕਰਦੇ ਹਨ। ਪਰ ਹਾਇ ਸ਼ੋਕ ਅਸੀਂ ਸੁਰਤ ਕਮਜ਼ੋਰ ਕਰਕੇ ਕੰਗਲੇ ਹੋ ਰਹੇ ਹਾਂ।

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥

ਸੋ ਜਦ ਅਸੀਂ ਸ਼ਹਨਸ਼ਾਹ ਦੇ ਪੁਤ੍ਰ ਹਾਂ, ਤਾਂ ਸ਼ਾਹਜ਼ਾਦੇ ਹਾਂ। ਦੁਨੀਆਂ ਦੀਆਂ ਤਾਕਤਾਂ ਪਰ ਸਾਡਾ ਹੁਕਮ ਹੈ। ਪਰ ਹਾਇ ਸ਼ੋਕ ਕਿ ਅਸੀਂ ਕੰਗਾਲ ਹੋ ਰਹੇ ਹਾਂ। ਅਸੀਂ ਨਿਰਬਲ ਹੋ ਰਹੇ ਹਾਂ, ਸੁਪਨੇ ਵਿਚ ਭਿਖਾਰੀ ਹੋ ਗਏ ਰਾਜਾ ਵਾਂਙੂ ਦੁਖੀ ਹਾਂ, ਕਿਉਂਕਿ ਸੁਰਤ ਨਿਰਬਲ ਹੋ ਰਹੀ ਹੈ। ਗਿਰ ਰਹੀ ਹੈ, ਅਰ ਹਰ ਸੱਟ ਦਾ ਨਿਸ਼ਾਨਾ ਬਣ ਰਹੀ ਹੈ। ਇਸ ਲਈ ਹਰ ਦੁਖ ਦੇ ਆਯਾਂ ਦੁਖ ਵਿਚ ਗਿਰਨਾਂ, ਦੁਖ ਵਿਚ ਦੁਖੀ ਹੋਣਾ ਅਰ ਨਿਕਲਣ ਦੀ ਕੋਸ਼ਸ਼ ਨਾ ਕਰਨੀ, ਆਪ ਆਪਣੇ ਬਲ ਤੇ ਪ੍ਰਤਾਪ ਨੂੰ ਗਵਾਨਾ ਹੈ। ਦੁਖ ਨੂੰ ਦੁਖ ਨਾ ਸਮਝਣਾ, ਸੁਰਤ ਨੂੰ ਉਚੇਰੇ ਰਖਣਾ, ਅਰ ਜਿਸ ਤਰਹ ਇਕ ਉਡਦਾ ਪੰਖੀ ਕਿਸੇ ਹੇਠਲੇ ਮੈਦਾਨ ਨੂੰ ਤੱਕਦਾ ਹੈ, ਇਸ ਤਰਹ ਸੰਸਾਰ ਤੇ ਇਸ ਦੇ ਬਖੇੜਿਆਂ ਨੂੰ ਉਚੇ ਹੋ ਕੇ ਵੇਖਣਾ, ਹਰਖ ਸ਼ੋਕ ਤੋਂ ਅਤੀਤ ਕਰਦਾ ਹੈ। ਕਿਉਂਕਿ ਸਾਡੇ ਜਨਮ ਦਾ ਪ੍ਰਯੋਜਨ ਇਹ ਹੈ ਕਿ ਸੁਰਤ ਪੱਕੇ। ਇਸ ਲਈ ਹਰ ਦੁਖ ਜੋ ਆਉਂਦਾ ਹੈ ਸਾਨੂੰ ਪਕਾਣ ਲਈ ਆਉਂਦਾ ਹੈ, ਆਵੇ ਵਿਚ ਪਈਆਂ ਇਟਾਂ ਦੁਖ ਸਹਿੰਦੀਆਂ ਹਨ ਪਰ ਮਿਟੀ ਤੋਂ ਪੱਥਰ ਬਣ ਜਾਂਦੀਆਂ ਹਨ। ਇਸੇ ਤਰ੍ਹਾਂ ਦੁਖ ਦੀ ਭਠੀ ਸਾਨੂੰ ਪਕਾਂਦੀ ਹੈ :

"ਦੁਖ ਦਾਰੂ ਸੁਖੁ ਰੋਗੁ ਭਇਆ ॥" ਗੁਰੂ ਜੀ ਦਾ ਵਾਕ ਹੈ।

ਜੇ ਅਸੀਂ ਸੁਰਤ ਦੇ ਪਕਾਣ ਦੇ ਪੰਧ ਤੇ ਤੁਰਨ ਵਾਲੇ ਹਾਂ, ਤਦ ਹਰ ਦੁਖ ਸਾਨੂੰ ਪਕਾ ਜਾਂਦਾ ਹੈ, ਅਸੀਂ ਦੁਨੀਆਂ ਵਿਚ ਗਰਕ ਹਾਂ, ਤਦ ਹਰ ਦੁਖ ਸਾਨੂੰ ਗਿਰਾਂਦਾ ਹੈ। ਗੁਰੂ ਜੀ ਨੇ 'ਦੀਵਾ ਮੇਰਾ ਏਕੁ ਨਾਮ' ਕਹਿ ਕੇ 'ਦੁਖੁ ਵਿਚ ਪਾਇਆ ਤੇਲੁ' ਦਸਿਆ ਹੈ ਅਤੇ ਫਲ ਇਹ ਦਸਿਆ ਹੈ "ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੋ ॥" ਸੋ ਸਿੱਖੀ ਦੀ ਰਸਦ ਏਹ ਹੈ। ਅਰ ਅਸੀਂ ਸਿਖੀ ਦੇ ਦਰ ਦੇ ਭਿਖਾਰੀ ਹਾਂ। ਸਾਡਾ ਫ਼ਰਜ਼

ਏਹ ਹੈ ਕਿ ਅਸੀਂ ਅਪਨੇ ਆਪ ਨੂੰ ਰੋਕ-ਰੋਕ ਕੇ ਇਸ ਪਾਸੇ ਲਿਆਵੀਏ। ਵਿਗੋਚੇ ਤੇ ਘਾਟੇ ਸਾਡੇ ਜ਼ਖ਼ਮ ਨੂੰ ਰਾਜ਼ੀ ਨਹੀਂ ਹੋਣ ਦੇਂਦੇ। ਪਿਆਰ ਦੀਆ ਯਾਦਾਂ ਤੇ ਮੋਹ ਦੇ ਵਲਵਲੇ ਸਾਨੂੰ ਠੰਢ ਨਹੀਂ ਪੈਣ ਦੇਂਦੇ। ਅਰ ਇਸ ਸਾਰੇ ਨੂੰ ਗੁਰੂ ਜੀ ਕਹਿੰਦੇ ਹਨ :—

ਜੇਤਾ ਮੋਹੁ ਪਰੀਤਿ ਸੁਆਦ ਸਭਾ ਕਾਲਖ ਦਾਗਾ ਦਾਗ ॥ (ਧਨਾ: ਮ: 1-5)
ਸਿਰ ਊਪਰਿ ਠਾਢਾ ਗੁਰੂ ਸੂਰਾ। ਨਾਨਕ ਤਾਕੇ ਕਾਰਜ ਪੂਰਾ ॥ (ਸੁਖਮਨੀ)

ਸੋ ਪਿਆਰੇ ਜੀ ਆਪ ਗਿਆਨਵਾਨ ਹੋ, ਸਭ ਕੁਝ ਸਮਝਦੇ ਹੋ। ਮੇਰਾ ਲਿਖਣਾ ਕੇਵਲ ਚੇਤਾ ਕਰਾਣ ਲਈ ਹੈ। ਹੋਰ ਏਹ ਮਤਲਬ ਨਹੀਂ ਕਿ ਆਪ ਸਭ ਕੁਝ ਨਹੀਂ ਜਾਣਦੇ ਕੇਵਲ ਦੁਖ ਪਏ ਤੇ ਆਪਣੀ ਸੁਖ ਭਰੀ ਸ਼ਾਹਨਸ਼ਾਹੀ ਦਾ ਚੇਤਾ ਕਰਾਣਾ ਸਜਨਾਂ ਦਾ ਧਰਮ ਹੁੰਦਾ ਹੈ। ਅਸੀਂ ਸਾਰੇ ਕਲਗੀਧਰ ਦੇ ਦੁਲਾਰੇ ਹਾਂ ਅਰ ਉਸ ਦੇ ਦੁਲਾਰਿਆਂ ਦੇ ਗੁਣ ਪੈਦਾ ਕਰਨੇ ਏਹ ਸਾਡਾ ਧਰਮ ਹੈ। ਦੁਖਾਂ ਕਲੇਸ਼ਾਂ ਥੀਂ ਛੁਟਕਾਰਾ ਗੁਰੂ ਦੀ ਆਰਾਧਨਾ ਵਿਚ ਹੈ। ਸਾਰੇ ਰੋਗਾਂ ਦੇ ਦੁਖਾਂ ਦਾ ਕਾਰਨ ਭੈ ਤੇ ਭਰਮ ਹਨ। ਗੁਰੂ ਜੀ ਸੁਖਮਨੀ ਦੇ ਪਾਠ ਦਾ ਮਹਾਤਮ ਏਹ ਦਸਦੇ ਹਨ :—

'ਦੂਖ ਰੋਗ ਬਿਨਸੇ ਭੈ ਭਰਮ ॥'

ਭੈ ਤੇ ਭਰਮ ਦੋ ਕਾਰਣ ਹਨ, ਜਿਨ੍ਹਾਂ ਦਾ ਫਲ ਦੁਖ ਤੇ ਰੋਗ ਹਨ, ਸੋ ਜੋ ਪਿਆਰੇ ਸਤਿਗੁਰੂ ਦੀ ਬਾਣੀ ਨਾਲ ਪਿਆਰ ਤੇ ਉਸ ਦਾ ਵੀਚਾਰ ਕਰਦਾ ਹੈ, ਉਸ ਦੇ ਭੈ ਤੇ ਭਰਮ ਦੂਰ ਹੋ ਜਾਂਦੇ ਹਨ। ਭੈ ਤੇ ਭਰਮ ਦੇ ਨਾਸ਼ ਹੋਯਾਂ ਦੁਖ ਰੋਗ ਦਾ ਮੁਸ਼ਕ ਨਹੀਂ ਰਹਿੰਦਾ। ਵਾਹਿਗੁਰੂ ਆਪ ਦੇ ਅੰਗ ਸੰਗ ਹੈ ਤੇ ਓਹ ਆਪਣੇ ਦਰੋਂ ਘਰੋਂ ਆਪ ਨੂੰ ਭੈ ਭਰਮ ਤੋਂ ਦੂਰ ਰਖੇ, ਅਤੇ ਆਪ ਵਿਚ ਸਿਦਕ ਭਰੋਸਾ ਦਾਨ ਕਰਕੇ ਚੜ੍ਹਦੀਆਂ ਕਲਾਂ ਵਿਚ ਰਖੇ।

'ਅਸਥਿਰੁ ਚੀਤੁ ਸਮਾਧਿ ਸਗੋਨੀ ॥

ਸਦਾ ਬਨੀ ਰਹੇ।

ਪਿਆਰੇ ਵੀਰ ਦੇ ਗੁਣ ਸਾਨੂੰ ਗੁਣ ਦਾਨ ਕਰਨਾ। ਪਿਆਰੇ ਦਾ ਵਿਛੋੜਾ ਸਾਨੂੰ ਵਧੀਕ ਨੇਕ ਦਿਆਲੂ ਤੇ ਪ੍ਰਮੇਸ਼ਰ ਨਾਲ ਪਿਆਰ ਕਰਨ ਵਾਲਾ ਬਨਾਵੇ ਅਰ ਸਾਨੂੰ ਮਾਯਾ ਵਿਚ ਖਚਤ ਹੋ ਜਾਣ ਤੋਂ ਰੋਕੇ।

—ਵੀਰ ਸਿੰਘ

੪੧

4-11-09

ਪਿਆਰੇ ਜੀ,

ਆਪ ਸਭ ਕੁਛ ਸਮਝਦੇ ਹੋ, ਮੇਰਾ ਲਿਖਣਾ ਕੇਵਲ ਚੇਤਾ ਕਰਾਣ ਲਈ ਹੈ ।

ਦੁਖ ਪਏ ਤੇ ਅਪਣੀ ਸੁਖ ਭਰੀ ਸ਼ਾਹਨਸ਼ਾਹੀ ਦਾ ਚੇਤਾ ਕਰਾਉਣਾ ਸੱਜਣਾਂ ਦਾ ਧਰਮ ਹੁੰਦਾ ਹੈ ।

ਅਸੀਂ ਸਾਰੇ ਕਲਗੀਧਰ ਦੇ ਦੁਲਾਰੇ ਹਾਂ, ਅਰ ਉਸ ਦੇ ਦੁਲਾਰਿਆਂ ਦੇ ਗੁਣ ਪੈਦਾ ਕਰਨੇ ਏਹ ਸਾਡਾ ਧਰਮ ਹੈ । ਦੁੱਖਾਂ ਕਲੇਸ਼ ਦਾ ਛੁਟਕਾਰਾ ਗੁਰੂ ਦੀ ਆਰਾਧਨਾ ਵਿਚ ਹੈ । ਸਾਰੇ ਰੋਗਾਂ ਤੇ ਦੁਖਾਂ ਦਾ ਕਾਰਣ ਭੈਯ ਤੇ ਭਰਮ ਹਨ । ਗੁਰੂ ਜੀ ਸੁਖਮਨੀ ਦੇ ਪਾਠ ਦਾ ਮਹਾਤਮ ਏਹ ਦਸਦੇ ਹਨ :—

"ਦੂਖ ਰੋਗ ਬਿਨਸੇ ਭੈ ਭਰਮ ॥

ਭੈ ਤੇ ਭਰਮ ਦੋ ਕਾਰਣ ਹਨ, ਜਿਨ੍ਹਾਂ ਦਾ ਫਲ ਦੁਖ ਤੇ ਰੋਗ ਹਨ । ਸੋ ਜੋ ਪਿਆਰੇ ਸਤਿਗੁਰੂ ਦੀ ਬਾਣੀ ਨਾਲ ਪਿਆਰ ਤੇ ਉਸ ਦਾ ਵੀਚਾਰ ਕਰਦਾ ਹੈ, ਉਸਦੇ ਭੈ ਤੇ ਭਰਮ ਦੂਰ ਹੋ ਜਾਂਦੇ ਹਨ । ਭੈ ਤੇ ਭਰਮ ਦੇ ਨਾਸ਼ ਹੋਯਾਂ ਦੂਖ ਰੋਗ ਦਾ ਮੁਸ਼ਕ ਨਹੀਂ ਰਹਿੰਦਾ । ਵਾਹਿਗੁਰੂ ਆਪਦੇ ਅੰਗ-ਸੰਗ ਹੈ ਅਤੇ ਓਹ ਆਪਣੇ ਦਰੋਂ-ਘਰੋਂ ਆਪ ਨੂੰ ਭੈ ਭਰਮ ਤੋਂ ਦੂਰ ਰਖੇ ਅਤੇ ਆਪ ਵਿਚ ਸਿਦਕ ਤੇ ਭਰੋਸਾ ਦਾਨ ਕਰਕੇ ਚੜ੍ਹਦੀਆਂ ਕਲਾਂ ਵਿਚ ਰਖੇ ।

"ਅਸਥਿਰੁ ਚੀਤ ਸਮਾਧਿ ਸਗੋਨੀ ॥"

ਸਦਾ ਬਨੀ ਰਹੇ ।

ਪਿਆਰੇ ਵੀਰ ਦਾ ਵਿਛੋੜਾ ਸਾਨੂੰ ਵਧੀਕ ਨੇਕ ਦਿਆਲੂ ਤੇ ਪਰਮੇਸੁਰ ਨਾਲ ਪਿਆਰ ਕਰਨ ਵਾਲਾ ਬਨਾਵੇ, ਅਰ ਸਾਨੂੰ ਮਾਯਾ ਵਿਚ ਖਚਿਤ ਹੋ ਜਾਣ ਤੋਂ ਰੋਕੇ ।

—ਵੀਰ ਸਿੰਘ

੪੨

24-11-09

ਕ੍ਰਿਪਾਲੂ ਸਜਨ ਜੀ,

ਆਪ ਦਾ ਪਤ੍ਰ ਪਹੁੰਚਾ। ਆਪ ਦੇ ਪਿਆਰੇ ਵੀਰ ਦੇ ਵਿਯੋਗ ਦਾ ਸਮਾਚਾਰ ਬੇਸ਼ਕ ਐਸੀਆਂ ਖਿਚੀਆਂ ਤਣਾਵਾਂ ਦਾ ਤੁਨਕਾ ਹੈ ਕਿ ਜੋ ਬਿਹਬਲ ਕਰ ਦੇਵਣ ਵਾਲਾ ਹੈ। ਪਰ ਸਿੱਖ ਦੀ ਸਿੱਖੀ ਏਹ ਹੈ ਕਿ ਯਤਨ ਨਹੀਂ ਛੱਡਣਾ। ਅਰ ਅਖੀਰ ਫਤਹਿ ਪਾਣੀ ਹੈ। ਵਾਹਿਗੁਰੂ ਜੀ ਦਾ ਖਾਲਸਾ ਰੋਜ਼ ਆਖੀਦਾ ਹੈ ਤੇ ਨਾਲ ਹੀ ਵਾਹਿਗੁਰੂ ਜੀ ਦੀ ਫਤਹਿ ਕਹੀਦੀ ਹੈ। ਦੁਹਾਂ ਨੂੰ ਮਿਲਾ ਕੇ ਵਿਧ ਮੇਲੀਏ ਤਾਂ ਅਰਥ ਇਹ ਨਿਕਲਦਾ ਹੈ ਕਿ ਖਾਲਸੇ ਦੀ ਫਤਹ ਹੈ। ਗੋਯਾ ਖਾਲਸਾ ਤੇ ਫਤਹ ਦੋਵੇਂ ਚੀਜ਼ਾਂ ਵਾਹਿਗੁਰੂ ਦੀਆਂ ਹਨ। ਤਾਂ ਦੋਹਾਂ ਦਾ ਇਕ ਮਾਲਕ ਦੀ ਸ਼ੈ ਹੋਣ ਕਰਕੇ ਪਰਸਪਰ ਸੰਹਚਾਰ ਹੋ ਗਿਆ। ਖਾਲਸਾ ਵਾਹਿਗੁਰੂ ਦੇ ਘਰ ਵਸਦਾ ਹੈ, ਅੱਠੇ ਪਹਿਰ ਉਸ ਦੇ ਮੰਡਲ ਮਾਯਾ ਦੇ ਵੇਹੜੇ ਵਿਚ ਖੇਡਦਾ ਹੈ, ਤਦ ਖਾਲਸਾ ਮਾਯਾ ਦਾ ਹੈ। ਵਾਹਿਗੁਰੂ ਜੀ ਦਾ ਖਾਲਸਾ ਨਹੀਂ ਹੈ ਤੇ ਫਤਹਿ ਸਦਾ ਵਾਹਿਗੁਰੂ ਦੇ ਘਰ ਹੈ, ਕਿਉਂਕਿ ਸਰਬ-ਸ਼ਕਤੀਮਾਨ ਕੇਵਲ ਵਾਹਿਗੁਰੂ ਹੈ। ਸੋ ਪੂਰਨ ਰੂਪ ਕਰਕੇ ਨਿਰਸੰਸੇ ਫਤਹ ਉਸ ਦੇ ਘਰ ਹੋ ਸਕਦੀ ਹੈ, ਜੋ ਸਭ ਤੋਂ ਬਲੀ ਹੈ। ਇਸੇ ਕਰਕੇ ਵਾਹਿਗੁਰੂ ਜੀ ਦੀ ਫਤਿਹ ਰੋਜ਼ ਕਹੀਦੀ ਹੈ। ਹੁਣ ਜੇ ਅਸੀਂ ਉਸੇ ਦੇ ਘਰ ਵਸੀਏ, ਜਿਸ ਦੇ ਘਰ ਫਤਿਹ ਨਿਸਚੇ ਵਸਦੀ ਹੈ, ਤਾਂ ਸਚ ਜਾਣੋ ਕਿ ਮਨ ਹਾਰੇਗਾ, ਅਰ ਤੁਸੀਂ ਜਿੱਤੋਗੇ, ਪਰ ਜੇਕਰ ਅਸੀਂ ਤੁਸੀਂ ਵਾਹਿਗੁਰੂ ਜੀ ਕਾ ਖਾਲਸਾ ਹੀ ਨਾ ਬਣੀਏ ਤਦ ਫੇਰ ਫਤਿਹ ਦੀ ਮਰਜ਼ੀ ਹੈ ਕਿ ਸਾਡੇ ਘਰ ਆ ਜਾਵੇ ਕਿ ਨਾ ਆਵੇ।

ਇਹ ਵਿਯੋਗ ਇਸ ਲਈ ਨਹੀਂ ਹੁੰਦਾ ਕਿ ਅਸੀਂ ਰੁੜ੍ਹ ਜਾਈਏ ; ਏਹ ਸਾਨੂੰ ਗ਼ਫ਼ਲਤ ਦੀ ਨੀਂਦ ਤੋਂ ਜਗਾਉਣ ਲਈ ਗੁਲਾਬ ਦੇ ਛੱਟੇ ਮਿਲਦੇ ਹਨ ਕਿ ਹੋਸ਼ ਕਰੀਏ ਤੇ ਆਪਣੇ ਪਿਤਾ ਦੇ ਰਾਜ ਨੂੰ ਸੰਭਾਲੀਏ। ਸੋ ਕ੍ਰਿਪਾਲੂ ਜੀ ਆਪਣੇ ਆਪ ਨੂੰ ਉਸ ਯਾਦ ਵਿਚ ਲੈ ਆਓ ਜਿਸ ਨੂੰ ਇਸ ਹੋਸ਼ ਨੇ, ਜਿਸ ਵਿਚ ਕੰਮ ਕਾਜ ਕਰ ਰਹੇ ਹੋ, ਲੁਕਾਇਆ ਹੋਇਆ ਹੈ। ਏਹ ਸਾਡੀ ਹੋਸ਼ ਯਾ ਜਾਗ ਯਾ ਜ਼ਾਹਰੀ ਅਕਲ ਹੀ ਪਰਦਾ ਬਣ ਕੇ ਆਪਣੇ ਅਗੇ ਖਲੋ ਰਹੀ ਹੈ। ਇਸ ਤੋਂ ਛੁਟਕਾਰਾ ਉਸੇ ਗੱਲ ਵਿਚ ਹੈ, ਜੋ ਆਪ ਕਰ ਰਹੇ ਹੋ ਕਿ ਘੰਟਿਆਂ ਬੱਧੀ ਪਿਆਰੇ ਦੇ ਨਾਮ ਵਿਚ ਲਗਦੇ ਹੋ।

ਇਹ ਗੱਲ ਜੋ ਆਪਨੇ ਲਿਖੀ ਹੈ ਕਿ ਸੁਰਤ ਤੇ ਸ਼ਬਦ ਦੀ ਅਭਿਲਾਖਾ ਵਿਚ ਰਾਧਾ ਸਵਾਮੀਆਂ ਦੇ ਮਗਰ ਪਏ ਫਿਰਦੇ ਹੋ, ਚੰਗੀ ਨਹੀਂ ਲੱਗਦੀ। ਬੇਸ਼ਕ ਸੋਨਾ ਜਿਥੋਂ ਚਾਹੇ

ਖਰੀਦੋ, ਪਰ ਕਸਰੇ ਸੋਨਾ ਨਹੀਂ ਵੇਚਿਆ ਕਰਦੇ। ਮੈਨੂੰ ਕਿਸੇ ਨਾਲ ਦਵੈਖ ਨਹੀਂ ਹੈ ; ਪ੍ਰੰਤੂ ਆਤਮ ਤਲਾਸ਼ ਵਿਚ ਧੋਖਾ ਖਾ ਬੈਠਣਾ ਬੜਾ ਭਾਰੀ ਨੁਕਸਾਨ ਹੈ। ਜਿਸ ਮਤ ਦੇ ਆਚਾਰਜ ਕੰਨਾਂ ਦੀ ਘੂੰ-ਘੂੰ ਨੂੰ ਅਨਾਹਦ ਸ਼ਬਦ ਸਮਝਦੇ ਤੇ ਸਿਖਾਂਦੇ ਹਨ, ਉਥੇ ਮੇਰੇ ਵਰਗੇ ਤਾਂ ਡਰ ਕੇ ਪੈਰ ਧਰਨ ਲਈ ਨਹੀਂ ਤਿਆਰ ਹੋਨਗੇ।

ਸ਼ਬਦ ਦੋ ਪ੍ਰਕਾਰ ਹੈ, ਇਕ ਆਹਤ ਤੇ ਇਕ ਅਨਾਹਤ। ਆਹਤ ਓਹ ਹੈ ਜੋ ਪਦਾਰਥਾਂ ਦੇ ਆਪੋ ਵਿਚ ਵੱਜਣ ਜਾਂ ਜੁਦਾ ਹੋਣ ਤੋਂ ਹੋਵੇ, ਜੈਸੇ ਹੱਥ ਤੇ ਹੱਥ ਮਾਰਿਆਂ ਯਾ ਵਾਜੇ ਵਜਾਇਆਂ ਅਤੇ ਕਿਸੇ ਵਾਂਸ ਨੂੰ ਪਾੜਿਆਂ ਸ਼ਬਦ ਹੁੰਦਾ ਹੈ। ਅਨਾਹਤ ਸ਼ਬਦ ਓਹ ਹੈ ਜੋ ਦੋ ਪਦਾਰਥਾਂ ਦੇ ਮੇਲਣ ਯਾ ਪਾਟਣ ਦੀ ਲੋੜ ਨਾ ਰਖੇ ਪਰ ਇਕੱਲਾ ਪਦਾਰਥ ਸ਼ਬਦ ਕਰ ਨਹੀਂ ਸਕਦਾ, ਤਾਂ ਤੇ ਅਨਾਹਤ ਸ਼ਬਦ ਆਤਮ ਖੇਡ ਹੈ, ਸਰੀਰਕ ਨਹੀਂ ਹੈ। ਹੁਣ ਕੰਨਾਂ ਦੀ ਘੂੰ-ਘੂੰ ਕੰਨਾਂ ਦੇ ਪਰਦਿਆਂ ਨਾਲ (ਆਵਾਜ਼ ਦੀਆਂ ਲਹਿਰਾਂ) ਤੋਂ ਪੈਦਾ ਹੁੰਦੀ ਹੈ। ਏਹ ਪ੍ਰਤੱਖ ਆਹਤ ਹੈ। ਇਸ ਨੂੰ ਜੋ ਆਚਾਰਜ ਅਨਾਹਤ ਕਹੇ ਉਸ ਦੀ ਰਹਿਨੁਮਾਈ ਡਰ ਹੈ ਕਿ ਸਾਨੂੰ ਮੰਜ਼ਲ ਤੇ ਨਹੀਂ ਲੈ ਜਾਇਗੀ। ਜੇਕਰ ਦਸ ਗ੍ਰੇਨ ਕੁਨੀਨ ਖਾ ਲਈ ਜਾਵੇ ਤਦ ਪਏ ਅਨਾਹਤ ਵਾਜੇ ਵਜਦੇ ਹਨ। ਸੋ ਜੋ ਅਵਸਥਾ ਕੁਨੈਨ ਪੈਦਾ ਕਰ ਸਕਦਾ ਹੈ ਓਹ ਸਰੀਰਕ ਹੈ, ਆਤਮਕ ਨਹੀਂ ਹੈ। ਸ੍ਰੀ ਗੁਰੂ ਜੀ ਦਸਦੇ ਹਨ : ਕਿ ਅਨਾਹਤ ਸ਼ਬਦ ਕੰਨਾਂ ਦੀ ਖੇਡ ਨਹੀਂ ਹੈ, ਪਰ ਓਹ ਹਿਰਦੇ ਦੇ ਸਾਧਨ ਤੋਂ ਪੈਦਾ ਹੁੰਦੀ ਹੈ, ਯਥਾ ; 'ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ'। ਇਹ ਝੁਨਕਾਰ ਸ਼ਬਦ ਸਿਮਰਨ ਦੇ ਨਤੀਜੇ ਵਿਚ ਪੈਦਾ ਹੁੰਦੀ ਹੈ, ਜੋ ਮਨ ਦਾ ਕੰਮ ਅਰ ਜਦ ਸਿਮਰਨ ਅਜਪਾ ਹੋ ਜਾਂਦਾ ਹੈ ਪਸਿਤੀ ਅਵਸਥਾ ਲੰਘਕੇ ਪਰਾ ਤੇ ਪਹੁੰਚਾਂਦਾ ਹੈ, ਜਿਸਦੇ ਅਗੇ ਸ਼ਬਦ ਬ੍ਰਹਮ ਦਾ ਅਸਥਾਨ ਹੈ, ਉਥੇ ਅਨਾਹਤ ਹੈ, ਤਿਸਤੇ ਅਗੇ ਏਕੇ ਦੀ ਅਵਸਥਾ ਹੈ ਤੇ ਫੇਰ ਸਥਾਰਥ ਹੈ। ਸੋ ਮਿਤ੍ਰ ਜੀ, ਜਿਸ ਮਤ ਦੇ ਆਚਾਰਯ ਇਸ ਤਰ੍ਹਾਂ ਟਪਲੇ ਵਿਚ ਹਨ ਉਥੋਂ ਆਪ ਕੀਹ ਲਓਗੇ, ਸਿਵਾ ਮੁਗ਼ਾਲਤੇ ਦੇ। ਜੇਕਰ ਆਪ ਗੁਰੂ ਘਰ ਦੇ ਤ੍ਰੀਕੇ ਨਾਲ ਸ਼ਬਦ ਸੁਰਤ ਦਾ ਸਾਧਨ ਕਰਨਾ ਲੋਚਦੇ ਹੋ, ਤਦ ਏਹ ਅਲੂਣੀ ਸਿਲਾ ਹੈ, ਇਥੇ ਹੋਰਨਾ ਮਤਾਂ ਵਾਂਙੂ ਕਿਸੇ ਨੇ ਆਪੇ ਵਾਹ-ਵਾਹ ਨਹੀਂ ਕਰਨੀ, ਕਿਸੇ ਨੇ ਖਾਈ-ਟੱਪਣਾ ਰਾਹ ਨਹੀਂ ਦੱਸਣਾ, ਕਿਸੇ ਨੇ ਕਿਸੇ ਵੇਲੇ ਆਪ ਦੀ ਨਾਵਾਕਫੀ ਦਾ ਫਾਇਦਾ ਨਹੀਂ ਉਠਾਣਾ। ਇਸ ਘਰ ਵਿਚ ਸੱਚ ਹੈ, ਅਰ ਨੰਗਾ ਸੱਚ, ਤੇ ਨੰਗਾ ਸੱਚ ਸੁਆਦੀਕ ਨਹੀਂ ਹੋਯਾ ਕਰਦਾ। ਕੀ ਆਪ ਚਾਹੁੰਦੇ ਹੋ ਕਿ ਉਸ ਮਾਰਗ ਪਰ ਕਦਮ ਧਰੋ ਜਿਸ ਦੀ ਮਹਿਮਾ ਹੈ ਕਿ ਪ੍ਰਮਾਨੰਦ ਪ੍ਰਦਾਨ ਕਰੇ, ਤਦ ਓਹ ਸਾਰਾ ਕੁਛ ਜੋ ਉਸ ਰਸਤੇ ਦਾ ਰੋਕੂ ਹੋਵੇਗਾ, ਅਰ ਚਿਤ ਨੂੰ ਪਿਆਰਾ ਹੋਵੇਗਾ ਚਿਤ ਨੂੰ ਛੱਡਣਾ ਪਵੇਗਾ। ਮਸਲਨ :—

(1) ਅੰਮ੍ਰਿਤ ਵੇਲੇ ਦੀ ਨੀਂਦ।
(2) ਸੰਝ ਵੇਲੇ ਦੀ ਗੱਪ ਸ਼ੜੱਪ।
(3) ਸੰਸਾਰ ਨੂੰ ਸੁਖ ਜਾਣਨਾ।
(4) ਅਪਣੇ ਅਜੋਗ ਆਰਾਮ ਰਸ ਤੇ ਖ਼ਾਹਸ਼ਾਂ।

ਫਿਰ ਗੁਰੂ ਘਰ ਵਿਚ ਸਾਧਨ ਕੋਈ ਮਸ਼ੀਨ ਦੇ ਪੁਰਜ਼ਿਆਂ ਵਾਂਙੂ ਚਲਣ ਵਾਲੇ ਨਹੀਂ, ਜਿਵੇਂ ਹਠ ਯੋਗ ਦੇ ਅਮਲ ਹਨ, ਪ੍ਰੰਤੂ ਏਹ ਤੇ ਭਗਤੀ ਦਾ ਰਸਤਾ ਹੈ। ਕਿਵੇਂ ਵਾਹਿਗੁਰੂ

ਸਾਨੂੰ ਪੁਤਾਂ ਵਾਂਙ ਪਿਆਰ ਕਰੋ, ਇਹ ਗੱਲ ਸਿਖ ਲਭਦੇ ਹਨ । ਪਿਆਰੇ ਨਾਲ ਪਿਆਰ ਪੈ ਜਾਣਾ ਇਹ ਸਿਖੀ ਹੈ, ਸੁਰਤ ਸ਼ਬਦ ਇਕ ਇਸ ਪਿਆਰ ਦਾ ਵਸੀਲਾ ਹੈ। ਮੈਂ ਜੋ ਜੋ ਕੁਛ ਲਿਖਿਆ ਹੈ, ਆਪ ਨੂੰ ਅਨਜਾਣ ਜਾਣਕੇ ਨਹੀਂ ਸਗੋਂ ਇਸ ਲਈ ਕਿ ਸਾਫ ਲਿਖ ਦਿਤਿਆਂ ਅਪਨੀ ਭੁਲ ਦੂਰ ਹੋ ਜਾਯਾ ਕਰਦੀ ਹੈ ਪਰ ਇਹੋ ਹੀ ਬਿਨਤੀ ਹੈ ਕਿ ਸਤਿਸੰਗ ਕਰੋ । ਬਿਨਾਂ ਸਤਿਸੰਗ ਦੇ ਕਾਰਜ ਰਾਸ ਹੋਣਾ ਕਠਨ ਹੈ । ਸਤਿਸੰਗ ਲਈ ਸੰਤ ਅਤਰ ਸਿੰਘ ਜੀ, ਸੰਤ ਸ਼ਾਮ ਸਿੰਘ ਜੀ, ਸਿੰਧ ਵਿਚ ਸੰਤ ਬਾਰਿਆ ਸਿੰਘ ਜੀ ਆਦਿ ਤਯਾਰ ਬਰ ਤਯਾਰ ਹਨ।

ਕਰਨੀ ਵਾਲੇ ਦੀ ਸੁਹਬਤ ਬਿਨਾ ਠੰਢ ਕਠਨ ਪੈਂਦੀ ਹੈ । ਬਾਕੀ ਰਹੀ ਦਲੀਲ ਤੇ ਆਲਮਾਨਾਂ ਤਸੱਲੀ। ਸੋ ਪੁਸਤਕ ਭਰੇ ਪਏ ਹਨ ਜੋ ਦਸਾਂ ਦਿਨਾਂ ਵਿਚ ਬ੍ਰਹਮ ਬਨਾ ਦੇਂਦੇ ਹਨ। ਤੇ ਜੇਕਰ ਟੁਟ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਲਈਏ ਤਦ ਉਥੇ ਸੜਕ ਸਾਫ ਹੈ। ਭਰੋਸਾ ਕਰੀਏ ਕਿ ਸਾਖਯਾਤ ਗੁਰੂ ਹੈ, ਤਦ ਗੁਰੂ ਕਹਿ ਰਹਿਆ ਹੈ :—

'ਬਾਣੀ ਤਾਂ ਗਾਵਹੁ ਗੁਰੂ ਕੇਰੀ ਬਾਣੀਆਂ ਸਿਰਿ ਬਾਣੀ' ਤੇ ਫੇਰ ਕਿਕੂੰ ਪੜ੍ਹੋ। ਐਦਾਂ ਕਿ ਬਾਣੀ ਰੂਪ ਹੋ ਜਾਓ। ਆਖਦੇ ਹਨ ਕਿ

"ਜੈ ਤਨਿ ਬਾਣੀ ਵਿਸਰਿ ਜਾਇ। ਜਿਉ ਪਕਾ ਰੋਗੀ ਵਿਲਲਾਇ ॥"

(ਧਨਾ: ਮ: 9—5)

ਐਸਾ ਪਿਆਰ ਬਾਨੀ ਨਾਲ ਪਵੇ ਕਿ ਜੇ ਬਾਣੀ ਵਿਸਰੇ ਤਾਂ ਰੋਗੀ ਦੀ ਤਰਹ ਪੀੜਾ ਹੋਣ ਲਗ ਜਾਵੇ । ਅਸੀਂ ਗੁਰੂ ਕੀ ਬਾਣੀ ਇਸ ਪਿਆਰ ਨਾਲ ਤੇ ਇਸ ਭਰੋਸੇ ਨਾਲ ਨਹੀਂ ਪੜ੍ਹਦੇ ਹਾਂ ਬਾਣੀ ਗੁਰੂ ਹੈ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

(ਨਟ ਮਹਲਾ 4—ਅਸਟ :—4)

ਜਦ ਬਾਣੀ ਵਿਚ ਰਸ ਪੈ ਜਾਵੇ ਤਦ ਕਾਰਜ ਰਾਸ ਹੋ ਗਿਆ। ਰਾਸ ਪਿਆ ਤੇ ਅਗਲੇ ਰਸਤੇ ਬਾਣੀ ਆਪੇ ਖੁਹਲਦੀ ਜਾਂਦੀ ਹੈ, ਇਹ ਗਾਡੀ ਰਾਹ ਹੈ, ਕਿਤੇ ਵੀ ਕੁਛ ਖੇਚਲ ਨਹੀਂ ਪੈਂਦੀ, ਪਰ ਬਾਣੀ ਪਿਆਰ ਨਾਲ ਪੜ੍ਹੀਏ ਤੇ ਭਰੋਸੇ ਨਾਲ ਪੜ੍ਹੀਏ। ਵਾਹਿਗੁਰੂ ਅੰਗ ਸੰਗ ਵਿਆਪਕ ਹੈ, ਅੱਠੇ ਪਹਿਰ ਸਾਡੇ ਨਾਲ ਹੈ । ਪਰ ਸਾਨੂੰ 24 ਘੰਟੇ ਵਿਚ ਕਿੰਨਾ ਕੁ ਚੇਤਾ ਆਉਂਦਾ ਹੈ ਕਿ ਵਾਹਿਗੁਰੂ ਹੈਗਾ ਹੈ। ਸਾਰਾ ਦਿਨ ਹੀ ਭੁੱਲ ਵਿਚ ਲੰਘਦਾ ਹੈ, ਹੁਣ ਜੇ ਕਦੇ ਬਾਣੀ ਹੀ ਪੜ੍ਹਨ ਵੇਲੇ ਚੇਤਾ ਰਹਵੇ ਕਿ ਅਸੀਂ ਵਾਹਿਗੁਰੂ ਦੇ ਜਸ ਦੀ ਬਾਣੀ ਪੜ੍ਹ ਰਹੇ ਹਾਂ ਤੇ ਵਾਹਿਗੁਰੂ ਸੁਣ ਰਹਿਆ ਹੈ ਤਦ ਕਾਰਜ ਰਾਸ ਹੋਣ ਵਾਲਾ ਬਣੇ। ਅਸੀਂ ਜਦ ਬਾਣੀ ਪੜ੍ਹਦੇ ਹਾਂ ਤਾਂ ਨਾਮ ਤਕ ਜਿਸ ਦਾ ਜਸ ਬਾਣੀ ਕਰਦੀ ਹੈ, ਉਸ ਨੂੰ ਯਾਦ ਨਹੀਂ ਰਖਦੇ । ਬਾਣੀ ਪੜ੍ਹਦਿਆਂ ਹਰ ਸੁਆਸ ਇਹ ਚੇਤਾ ਨਾ ਭੁੱਲੇ ਕਿ ਵਾਹਿਗੁਰੂ ਪਿਆਰਾ ਸਾਡੀ ਬਾਣੀ ਸੁਣ ਰਹਿਆ ਹੈ ਅਸੀਂ ਅੰਨ੍ਹੇ ਖੂਹ ਵਿਚ ਵਟੇ ਨਹੀਂ ਪਾ ਰਹੇ। ਪਰ ਆਪਣੇ ਮਾਲਕ ਨੂੰ, ਪਿਤਾ ਨੂੰ ਸੁਣਾ ਰਹੇ ਹਾਂ । ਇਹ ਹਿਰਦੇ ਵਿਚ ਉਸ ਪਿਆਰੇ ਨਾਲ

ਪ੍ਰੇਮ ਪੈਦਾ ਕਰੇਗਾ ਕਿ ਉਸ ਦੀ ਕਿਰਪਾ ਨੂੰ ਆਪਣੇ ਵਲ ਖਿੱਚੇਗਾ। ਇਹ ਸੁਰਤ ਲਗਣ ਦੀ ਵਾਦੀ ਤੇ ਪ੍ਰੇਮ ਦੇ ਆਸਰੇ ਚੜ੍ਹਨ ਦੀ ਵਾਦੀ ਪੈਦਾ ਕਰੇਗਾ । ਇਹ ਸੁਰਤ ਵਿਚ ਸ਼ਬਦ ਦਾ ਘਰ ਬਨਾਵੇਗਾ । ਬਾਣੀ ਏਕਾਂਤ ਬੈਠ ਕੇ ਪੜ੍ਹੀ ਜਾਵੇ, ਇਸ ਚੋਤੇ ਨਾਲ ਪੜ੍ਹੀ ਜਾਵੇ ਕਿ ਬਾਣੀ ਦਾ ਮੁਦਆ ਯਾ ਮਾਅਬੂਦ ਵਾਹਿਗੁਰੂ ਸੁਣ ਰਿਹਾ ਹੈ ਅਸੀਂ ਉਸ ਦੀ ਹਜ਼ੂਰੀ ਵਿਚ ਪਾਠ ਕਰ ਰਹੇ ਹਾਂ, ਤਦ ਹੀ ਆਤਮ ਰਸ ਦੇ ਦਰਵਾਜ਼ੇ ਤੇ ਦਸਤਕ ਜਾ ਵਜਦੀ ਹੈ ਉਸ ਵੇਲੇ ਮਨ ਵਿਚ ਵਾਹਿਗੁਰੂ ਦਾ ਭੈ ਅਦਬ ਤੇ ਪਿਆਰ ਹੋ ਜਾਂਦੇ ਹਨ। ਮਨ ਦਾ ਉਡਣਾ ਰੁਕ ਜ ਦਾ ਹੈ। ਵਧੀਕ ਸੁਆਦ ਲੈਣਾ ਹੋਵੇ, ਅਰ ਛੇਤੀ ਸੁਖੀ ਹੋਣਾ ਹੋਵੇ ਤਦ ਬਾਣੀ ਦਾ ਕੁਛ ਹਿੱਸਾ ਐਸਾ ਪੜਿਆ ਜਾਵੇ ਕਿ ਜੀਭ ਪਾਠ ਕਰੇ ਤੇ ਕੰਨ ਸੁਣਨ ਤੇ ਕੁਛ ਅਰਸੇ ਬਾਹਦ ਜੀਭ ਕਰੇ ਤੇ ਜੀਭ ਮਾਨ ਨ ਕਰੇ ਕਿ ਮੈਂ ਕਰਦੀ ਹਾਂ ਤੇ ਫੇਰ ਹਿਰਦਾ ਹੀ ਪਿਆ ਬਾਣੀ ਪੜ੍ਹੇ ਤੇ ਜੀਭ ਅਡੋਲ ਬਿਰਾਜੀ ਰਹੇ । ਜੇ ਕੁਛ ਸਮਾਂ ਐਉਂ ਅਭਯਾਸ ਪੱਕ ਜਾਵੇ ਤੇ ਮਨ ਵਿਚ ਖਾਸ ਲੱਛਣ ਪੈਦਾ ਹੋਣ ਤਾਂ ਅਗੇ ਵਲ ਸੁਰਤ ਦਾ ਰੁਖ ਪੈ ਕੇ ਹੋਰ ਸਾਧਨ ਵਿਚ ਲਗ ਜਾਂਦੀ ਹੈ। ਭਾਵੇਂ ਇਹ ਗੱਲ ਤੁਛ ਜੇਹੀ ਹੈ ਤੇ ਵਿਦਵਾਨਾਂ ਦੀ ਹਜ਼ੂਰੀ ਵਿਚ ਜਿਨ੍ਹਾਂ ਨੇ ਦਸੀਂ ਦਿਨੀਂ (ਅਹੰ ਬ੍ਰਹਮ) ਦੀ ਮੰਜ਼ਲ ਪਹੁੰਚ ਜਾਣਾ ਹੁੰਦਾ ਹੈ, ਕੁਛ ਕੀਮਤ ਨਹੀਂ ਰਖਦੀ ਯਾ ਡੋਲੀ ਦੀ ਰਿਪ ਰਿਪ ਦੀ ਲੋੜ ਪਹਿਲੀ ਮਨਜ਼ਲੇ ਹੀ ਪੈ ਜਾਣੀ ਹੈ । ਮੈਂ ਜੋ ਕੁਛ ਲਿਖ ਰਹਿਆ ਹਾਂ ਮੈਨੂੰ ਪਤਾ ਨਹੀਂ ਕਿ ਆਪ ਨੇ ਕਿਸ ਰੋਸ਼ਨੀ ਵਿਚ ਲੈਣਾ ਹੈ ਪਰ ਜਿਸ ਵਿਚ ਲਓ ਲਿਖ ਦੇਣਾ। ਆਪ ਦੀ ਪੁੱਛ ਐਸੀ ਵਸੀਹ ਹੈ ਕਿ ਜਿਸ ਦਾ ਪੂਰਾ ਉਤਰ ਕਠਨ ਹੈ ਜੇ ਕਦੀ ਉਸ ਦੇ ਹਿੱਸੇ ਦਾ ਉਤਰ ਆ ਗਿਆ ਹੋਵੇ ਤਾਂ ਸ਼ੁਕਰ ਹੈ, ਨਹੀਂ ਤਾਂ ਜੋ ਕੁਛ ਹੋਰ ਪੁਛਣਾ ਹੋਵੇ ਤਾਂ ਪੁੱਛ ਲੈਣਾ। ਉਹ ਜੋ ਮੈਨੂੰ ਪਤਾ ਹੈ ਤਾਂ ਦਸੋ ਉਜਰ ਨਹੀਂ ਹੈ ਤੇ ਜੋ ਪਤਾ ਨਹੀਂ ਹੈ ਅਪਨੀ ਨਾਵਾਕਫੀ ਨੂੰ ਲੁਕਾਣ ਦੀ ਲੋੜ ਨਹੀਂ ਹੈ।

—ਵੀਰ ਸਿੰਘ

੪੩

23—3—10

ਪਿਆਰੇ ਜੀ,

ਆਪਦੀ ਪਿਆਰੀ ਸੁਪਤਨੀ ਜੀ ਦੇ ਵਿਛੋੜੇ ਦੀ ਖਬਰ ਸੁਣ ਕੇ ਵਾਹਿਗੁਰੂ ਦੇ ਕੌਤਕਾਂ ਦੀ ਵਚਿੱਤ੍ਰਤਾ ਚਿਤ ਨੂੰ ਉਸਦੇ ਗੁਹਯ ਭੇਦਾਂ ਦੇ ਆਸਚਰਜ ਵਿਚ ਲੈ ਜਾਂਦੀ ਹੈ।

ਭਾਵੇਂ ਤਬੀਅਤ ਨਾ ਮੰਨੇ, ਗਲ ਅਸਲ ਇਹੋ ਹੈ ਕਿ ਵਾਹਿਗੁਰੂ ਅਪਣੇ ਹਰ ਸਲੂਕ ਵਿਚ ਚਾਹੇ ਭਾਸਣ ਨੂੰ ਮਿਠਾ ਹੋਵੇ ਚਾਹੇ ਕੌੜਾ, ਸਾਨੂੰ ਪਿਆਰ ਹੀ ਕਰਦਾ ਹੈ।

ਦੂਸਰਾ ਜੋ ਕਿਸੇ ਪਿਆਰੇ ਦਾ ਮਰ ਜਾਣਾ ਹੈ, ਜਿਸ ਨਾ ਰਹਿਣ ਦਾ ਖਿਆਲ ਨਿਰਾਸ਼ ਕਰਨ ਵਾਲਾ ਭਰਿਆ ਹੁੰਦਾ ਹੈ। ਓਹ ਆਪ ਜਾਣਦੇ ਹੀ ਹੋ ਕਿ ਇਕ ਗ਼ਲਤ ਖਿਆਲ ਹੈ। ਜੋ ਮਾਲਕ ਵਾਹਿਗੁਰੂ ਸਿਮਰਨ ਵਿਚ ਹੈ ਓਹ ਸਦਾ ਜੀਉਂਦਾ ਹੈ।

'ਸੋ ਜੀਵਤ ਜਿਹ ਜੀਵਤ ਜਪਿਆ ॥' ਤੇ ਜੋ ਭੁੱਲਾ ਪਿਆ ਹੈ ਓਹ ਜੀਉਂਦਾ ਹੀ ਮੁਰਦਾ ਹੈ। 'ਨਾਮ ਬਿਹੂਨ ਜੀਵਨ ਕਉਨ ਕਾਮ' ॥

ਸੋ ਸੱਜਨ ਜੀ, ਬੀਬੀ ਜੀ ਸਿਮਰਨ ਵਿਚ ਸਨ, ਜੋ ਆਪਦੇ ਸਤਿਸੰਗ ਕਰਕੇ ਜ਼ਰੂਰੀ ਅਮਰ ਹੈ, ਤਦ ਓਹ ਮਰੇ ਹੀ ਨਹੀਂ। ਓਹ ਜੀਉਂਦੇ ਹਨ । ਇਸ ਲਈ ਉਹਨਾਂ ਦੇ ਵਜੂਦ ਲਈ ਮੌਤ ਦਾ ਖਿਆਲ ਕਰਕੇ ਦੁਖਿਤ ਹੋਣਾ ਯੋਗ ਹੀ ਨਹੀਂ ਤੇ ਜੇ ਵਾਹਿਗੁਰੂ ਨਾ ਕਰੇ ਭੁੱਲ ਸੀ, ਤਦ ਮੌਤ ਕੋਈ ਮੌਤ ਹੀ ਨਹੀਂ । ਇਸ ਲਈ ਮੌਤ ਦਾ ਖਿਯਾਲ ਸ਼ੋਕਦਾਈ ਹੈ ਹੀ ਨਹੀਂ।

'ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥
(ਗਉੜੀ ਮ: 1—4)

ਭਰਮ ਇਹੋ ਹੈ ਕਿ ਜਨਮ ਬਿਹੂਨ ਇਉਂ ਹਨ, ਜਿਹੂੰ

'ਜਿਉ ਸਾਸ ਬਿਨਾਂ ਮਿਰਤਕ ਕੀ ਲੋਥਾ ॥' ਜੀਵਤ ਮੰਨਣਾ ਹੀ ਕੀ ਹੈ । ਯਾਦ ਜੀਵਨ ਹੈ, ਭੁੱਲ ਮੌਤ ਹੈ, ਜਿਕੂੰ ਬਨਾਸਪਤੀ ਦੇ ਭਾਣੇ ਧਾਤਵੀ ਪਦਾਰਥ ਮੁਰਦੇ ਹਨ। ਜਿਕੂੰ ਜਾਨਵਰਾਂ ਦੇ ਭਾਣੇ ਬਨਸਪਤੀ ਮੁਰਦਾ ਹੈ, ਜਿਕੂੰ ਮਨੁਖ ਦੇ ਭਾਣੇ ਜੀਵ ਮੁਰਦਾ ਹੈ ਤਿਕੂੰ ਯਾਦ ਵਾਲੇ ਦੇ ਮੁਕਾਬਲੇ ਤੇ 'ਭੁਲ' ਵਾਲੇ ਮੁਰਦਾ ਹਨ । ਬਸ ਇਹ ਜੀਵਨ ਹੈ ਇਹ ਮੌਤ ਹੈ। ਹੋਰ ਮੌਤ ਜੀਵਨ ਤਾਂ ਇੱਕ ਨਾ ਰਹਣ ਵਾਲੇ ਨਜ਼ਾਰੇ ਹਨ। ਇਕ ਤਬਦੀਲੀ ਦੇ ਆਸਰੇ ਕਾਇਮ ਸੰਸਾਰ ਵਿਚ ਇਕ ਛੋਟੀ ਜਿਹੀ ਤਬਦੀਲੀ ਹੈ । ਜੇਕਰ ਵਿਛੜ ਗਿਆਂ ਦਾ ਵਿਛੋੜਾ

ਪਿਆਰ ਦੀ ਖਿਚ ਮਾਰੇ । ਤਦ ਸਾਡਾ ਅਸਲ ਪਿਆਰ ਇਹ ਹੈ ਕਿ ਅਸੀਂ ਉਨਹਾਂ ਦੀ ਆਤਮਾ ਲਈ ਪ੍ਰਾਰਥਨਾ ਕਰੀਏ ਤੇ ਇਕ ਚਿਤ ਹੋ ਕੇ ਬਾਣੀ ਪੜ੍ਹੀਏ । ਨਹੀਂ ਤਾਂ ਹੋਰ ਕਾਰਜ ਸਾਡੇ ਅਪਨੇ ਲਈ ਭਾਵੇਂ ਹੋਣ । ਵਿਛੜੇ ਸਜਣ ਨੂੰ ਠੰਢਕ ਨਹੀਂ ਪਹੁੰਚਾਦੇ, ਇਨ੍ਹਾਂ ਵੀਚਾਰ ਪਰ ਸ੍ਰੀ ਜੀ ਆਸ ਨਹੀਂ ਕਿ ਦੁਖ ਵਿਚ ਹੋਵੋ । ਬੜੀ ਬਹਾਦਰੀ ਨਾਲ ਭਾਣੇ ਵਿਚ ਹੋਵੋਗੇ । ਪਰ ਸਜਣਾਂ ਦਾ ਧਰਮ ਬੀ ਕੇਵਲ ਇਹੋ ਹੌਕਰਾ ਦੇਣਾ ਹੀ ਹੈ ਕਿ ਸਭ ਤੋਂ ਚੰਗੀ ਢਾਲ ਭਾਣਾ ਹੈ । ਸਭ ਤੋਂ ਚੰਗਾ ਸੁਖ ਭਾਣਾ ਹੈ ।

> 'ਹੁਕਮਿ ਮੰਨਿਐ ਹੋਵੈ ਪਰਵਾਣੁ ।
> ਤਾਂ ਖਸਮੈ ਕਾ ਮਹਲੁ ਪਾਇਸੀ ।' (ਵਾਰ ਆਸਾ ਮ: 1—15)

ਵਾਹਿਗੁਰੂ ਆਪ ਪਰ ਤੇ ਪਰਵਾਰ ਪਰ ਫਜ਼ਲ ਕਰੇ ਤੇ ਬੀਬੀ ਜੀ ਨੂੰ ਗੁਰਪੁਰੀ ਵਿਚ ਨਿਵਾਸ ਬਖਸ਼ੇ ਤੇ ਆਪ ਨੂੰ ਭਾਣੇ ਦੇ ਤਾਉ ਵਿਚੋਂ ਸਾਬਤ ਕਢ ਕੇ ਆਪਣੇ ਹੋਰ ਨੇੜੇ ਕਰੇ ।

—ਵੀਰ ਸਿੰਘ

੪੪

15—4—1910

ਪਵਿੱਤ੍ਰ ਆਤਮਾ ਜੀਓ,

ਸਾਡੇ ਪਿਆਰੇ ਮਿਤ੍ਰ ਤੇ ਤੁਸਾਡੇ ਪ੍ਰਾਣ ਪਤੀ ਜੀ ਦੇ ਵਿਯੋਗ ਦੀ ਵਿਥਿਆ ਬੜੀ ਦਰਦਨਾਕ ਹੈ, ਪਰ ਹੈ ਇਹ ਸਾਡੇ ਮਾਲਕ, ਸਾਡੇ ਰੱਬ ਦੇ ਹੁਕਮ ਵਿਚ, ਜਿਸਦੇ ਪਾਸ ਅਸਾਂ ਸਭਨਾਂ ਨੇ ਜਾਣਾ ਹੈ ਤੇ ਜਿਥੇ ਸਾਡੇ ਸਭਨਾਂ ਦਾ ਸਦਾ ਤੇ ਸੱਚਾ ਘਰ ਹੈ । ਕੁੱਝ ਸ਼ੱਕ ਨਹੀਂ ਕਿ ਤੁਸਾਡੇ ਲਈ ਬੜੀ ਕਠਨਾਈਆਂ ਦਾ ਸਾਹਮਣਾ ਹੈ ਅਰ ਸੰਸਾਰ—ਯਾਤਰਾ ਵਿਚ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਹੈ, ਦਾਰੂ ਇਕੋ ਹੈ ਕਿ ਉਸ ਮਾਲਕ ਤੇ ਮੌਲਾ ਨੂੰ ਉਸ ਰੱਬ ਤੇ ਵਾਹਿਗੁਰੂ ਦੀ ਯਾਦ ਨੂੰ ਘੁੱਟ ਕੇ ਫੜੋ, ਉਸਦਾ ਨਾਮ ਜਪੋ । ਓਹ ਸਹਾਈ ਹੋਵੇ ਤੇ ਆਪਣੇ ਛਾਏ ਹੇਠ ਆਪਣੇ ਪਿਆਰ ਵਿਚ ਜੀਵਨ ਲੰਘਾਏ । ਸਿਖ ਕਦੇ ਨਹੀਂ ਮਰਦਾ । ਸਿਖ ਓਹੋ ਹੈ ਜੋ ਨਾਮ ਜਪਦਾ ਹੈ । ਸਿਖ 'ਜਨ' ਹੈ ਤੇ ਸਿਖ 'ਬੰਦਾ' ਹੈ, 'ਜਨ' ਤੇ 'ਬੰਦਾ', 'ਸੇਵਕ' ਤੇ 'ਸਿਖ' ਅਮਰ ਹਨ । ਸਰਦਾਰ ਜੀ ਨੂੰ ਨਾ ਸਮਝੋ ਕਿ ਮਰ ਗਿਆ ਹੈ । ਉਹ ਜੀਂਦਾ ਹੈ, ਉਹ ਨਾਮ ਵਿਚ ਜੀਂਦਾ ਹੈ, ਕੇਵਲ ਚੋਲਾ ਵਟਾ ਗਿਆ ਹੈ । ਨਾਮ ਜਪੋ, ਤਕੜੇ ਹੋਵੋ ਤੇ ਉਨ੍ਹਾਂ ਨੂੰ ਸਤਿਗੁਰਾਂ ਦੇ ਚਰਨਾਂ ਵਿਚ ਜੀਂਦਾ ਸਮਝੋ । ਆਪ ਨਾਮ ਜਪੋ ਤੇ ਲਿਵ ਵਿਚ ਆਓ, ਜੋ ਚੋਲਾ ਛੋੜਕੇ ਤੁਸੀਂ ਵੀ ਓਥੇ ਅੱਪੜੋ । ਸੰਸਾਰ ਦਿਨਾਂ ਦੀ ਖੇਡ ਹੈ, ਏਹ ਲੰਘ ਜਾਣੇ ਹਨ । ਇਨ੍ਹਾਂ ਨੂੰ ਸਫਲ ਲੰਘਾਓ । ਮਾਲਕ ਦੇ ਹੁਕਮ ਵਿਚ ਮਨ ਨੂੰ ਮਿਲਾਉਣ ਦਾ ਉਪਰਾਲਾ ਕਰੋ । ਬੜਾ ਕਠਨ ਹੈ, ਭਾਣਾ ਖਰਾ ਕਠਨ ਹੈ, ਅਰ ਅਸੀਂ ਨੌਕਰ ਹਾਂ । ਰੱਬ ਮਾਲਕ ਹੈ, ਨੌਕਰਾਂ ਦਾ ਕੰਮ ਹੁਕਮ ਰਜ਼ਾ ਨਾਲ ਮਰਜ਼ੀ ਮੇਲਣਾ ਹੈ । ਓਹ ਮਾਤਾ ਹੈ । ਅਸੀਂ ਓਸਦੀ ਅਉਲਾਦ ਹਾਂ, ਅਉਲਾਦ ਦਾ ਕੰਮ ਹੈ ਮਾਂ ਦੀ ਚਪੇੜ ਨੂੰ ਪਿਆਰ ਭਰੀ ਲਾਡੀ ਸਮਝਣਾ । ਕਾਕੀ ਜੀ, ਸਿੱਖੀ ਇਹੋ ਹੈ । ਇਹ ਖੰਡੇ ਧਾਰ ਇਸੇ ਕਰਕੇ ਹੈ ਕਿ ਵਿਯੋਗ ਤੇ ਅਸਹਿ ਦੁਖਾਂ ਵਿਚ ਸਤਿਗੁਰਾਂ ਦੇ ਭਾਣੇ ਵਿਚ ਖੁਸ਼ੀ ਹੋਣਾ, ਸਿਰ ਧਰ ਹੁਕਮ ਮੰਨਣਾ ਤੇ ਨਾਮ ਵਧੀਕ ਜਪਣਾ । ਅਸਲ ਵਿਚ ਦੁਕ੍ਰਿਤ ਸੁਕ੍ਰਿਤ ਸਾਡੇ ਕਰਮਾਂ ਦੇ ਫਲ ਹਨ, ਪਰ ਓਹ ਦਾਤ ਜੇ ਅਸੀਂ ਸਿਮਰਨ ਕਰੀਏ ਤਾਂ ਸਾਨੂੰ ਮਿਹਰਾਂ ਨਾਲ ਢੱਕਦਾ ਹੈ, ਦੁਖਾਂ ਦੇ ਸੰਤਾਪ ਨੂੰ ਮੇਟ ਦਿੰਦਾ ਹੈ । ਜੇ ਟੁੱਟਕੇ ਨਾਮ ਜਪੋਗੇ, ਸੰਤਾਪ ਮਿਟੇਗਾ । ਬਾਕੀ ਜੀਵ ਨਿਰੋਲ ਰਬ ਅਰਪਨ ਕਰੋ, ਤੁਸੀਂ ਅਗੇ ਹੀ ਗੁਰਮੁਖ ਹੋ । ਗੁਰੂ ਦੀ ਰਜ਼ਾ ਸਿਰ ਧਰ ਮੰਨੋ ਤੇ ਗੁਰੂ ਨੂੰ ਵਧੀਕ ਚੰਬੜੋ । ਮਾਂ ਚੁਪੇੜ ਮਾਰੇ ਤਾਂ ਬੱਚਾ ਮਾਂ ਦੇ ਵਧੀਕ ਗਲ ਲਗਦਾ ਹੈ, ਸੋ ਸ਼ੇਰ ਹੋ ਕੇ ਨਾਮ ਜਪੋ ।

ਪਿਆਰੇ ਜੀਓ

ਨਾਮੀ ਪਤੀ ਨਾਲ ਵਿਛੋੜਾ ਸਦਾ ਦਾ ਨਹੀਂ ਹੈ, ਕੁਛ ਕਾਲ ਦਾ ਹੈ, ਫਿਰ ਦਾਸ ਅਮਰ ਜੀਵਨ ਵਿਚ ਕੱਠੇ ਰਹਿਣਾ ਹੈ, ਸੋ ਨਾਮ ਜਪੋ, ਲਿਵ ਲਾਓ, ਤਕੜੇ ਹੋਵੋ, ਪਤੀ ਵਰਗਾ ਜੀਵਨ ਬਨਾਓ ਤਾਂ ਜੋ ਇਹ ਚੋਲਾ ਛੋੜਕੇ ਤੁਸੀਂ ਪਤੀ ਪਾਸ ਜਾਓ। ਅਸੀਂ ਆਪਣੇ ਵਿਗੋਚਿਆਂ ਨੂੰ ਰੋਂਦੇ ਹਾਂ, ਉਂਞ ਨਾਮੀ ਪੁਰਖਾਂ ਨੂੰ ਮੌਤ ਕੋਈ ਦੁੱਖ ਨਹੀਂ ਹੈ, ਓਹ ਤਾਂ ਆਪਣੇ ਘਰ ਜਾਂਦੇ ਹਨ। ਸੋ, ਕਾਕੀ, ਸ਼ੇਰ ਹੋ ਜਾ ਤੇ ਨਾਮ ਜਪ, ਪਤੀ ਨੂੰ ਨਾਮ ਬਾਣੀ ਦੀ ਸੁਗਾਤ ਘੱਲ ਨਾਂ ਸਮਝ ਕਿ ਮੈਂ ਇਕੱਲੀ ਹਾਂ। ਨਾਮ ਜਪ, ਫਿਰ ਤੇਰੇ ਸਿਰ ਤੇ ਗੁਰੂ ਹੈ, ਸੂਰਾ ਸਤਿਗੁਰੂ, ਜੋ ਆਪਣੇ ਸਿਖਾਂ ਨੂੰ ਆਪਣੇ ਘਰ ਜੰਮੇ ਪੁੱਤਾਂ ਤੋਂ ਵਧੀਕ ਪਿਆਰ ਕਰਦਾ ਹੈ। ਮੇਰੀ ਅਰਦਾਸ ਤੇਰੇ ਨਾਲ ਹੈ, ਮੈਂ ਇਕੋ ਅਰਦਾਸ ਤੇਰੇ ਪਤੀ ਲਈ ਕਰ ਸਕਦਾ ਹਾਂ, ਮੈਂ ਸਤਿਗੁਰੂ ਮੂਹਰੇ ਬੇਨਤੀ ਕਰਦਾ ਹਾਂ ਜੋ ਤੇਰਾ ਸਹਾਈ ਹੋਵੇ ਅਰ ਤੇਰੇ ਪਤੀ ਤੇ ਮੇਰੇ ਸਜਣ ਨੂੰ ਅਰਸ਼ਾਂ ਵਿਚ ਆਪਣੇ ਚਰਨਾਂ ਵਿਚ ਰਖੇ।

ਮਾਤਾ ਜੀ ਨੂੰ ਇਹ ਪੱਤ੍ਰ ਸੁਨਾ ਕੇ ਆਖਣਾ ਕਿ ਭਜਨ ਕਰੇ ਤੇ ਜਨਮ ਸਵਾਰੇ, ਅਸੀਂ ਕੇਵਲ ਭਜਨ ਲਈ ਹੀ ਆਏ ਸਾਂ। ਵਾਹਿਗੁਰੂ ਤੁਹਾਡੇ ਤੇ ਮਿਹਰ ਕਰੇ, ਵਾਹਿਗੁਰੂ ਤੁਸਾਡਾ ਬੇਲੀ ਹੋਵੇ, ਵਾਹਿਗੁਰੂ ਦਾ ਨਾਮ ਤੁਸਾਡੇ ਹਿਰਦੇ ਵਸੇ। ਵਾਹਿਗੁਰੂ ਆਪਣੇ ਪਿਆਰ ਵਿਚ, ਪਵਿਤ੍ਰਤਾ, ਪ੍ਰੇਮ, ਨੇਮ, ਸਿਮਰਨ ਭਜਨ ਵਿਚ ਆਪ ਦਾ ਜੀਵਨ ਬਿਤਾਵੇ :—

"ਫਨਿ ਘਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥"

ਅਰੋਗਤਾ ਲਈ ਜੋ ਪਾਠ ਇਥੇ ਰਖਿਆ ਸੀ ਉਸਦਾ ਅੱਜ ਭੋਗ ਪਵੇਗਾ। ਉਨ੍ਹਾਂ ਦੀ ਆਤਮਾ ਦੇ ਸੁਖ ਵਾਸਤੇ, ਫਿਰ ਹੋਰ ਪਾਠ ਰਖਿਆ ਜਾਵੇਗਾ। ਗੁਰੂ ਅੰਗ ਸੰਗ।

—ਵੀਰ ਸਿੰਘ

੪੫

1910

ਸ੍ਰੀ ਮਾਨ ਡਾਕਟਰ ਸਾਹਿਬ ਜੀ,

ਆਪਦਾ ਪਤ੍ਰ ਪੁੱਜਾ, ਆਪਦੇ ਪੁਤ੍ਰ ਵਿਛੋੜੇ ਦੀ ਖਬਰ ਪੜ੍ਹ ਕੇ ਦਿਲ ਨੂੰ ਦਰਦ ਹੋਇਆ। ਵਾਹਿਗੁਰੂ ਜੀ ਦੇ ਕੌਤਕ ਚੋਜਾਂ ਵਾਲੇ ਹਨ : ਆਪਣਿਆਂ ਰੰਗਾਂ ਵਿਚ ਓਹ ਘੱਲਦੇ ਹਨ, ਸੱਦਦੇ ਹਨ, ਅਸੀਂ ਆਪਣੇ ਪਿਆਰਾਂ ਦੇ ਕਾਰਨ ਸੁਖੀ ਦੁਖੀ ਹੁੰਦੇ ਹਾਂ।

ਭਾਣਾ ਮਿੱਠਾ ਕਰਕੇ ਮੰਨਣ ਦਾ ਹੁਕਮ ਹੈ, ਪਰ ਮੰਨਣਾ ਬੜਾ ਕਠਨ ਹੈ : "ਬਿਖਮੁ ਤੇਰਾ ਹੈ ਭਾਣਾ" ਪਰ ਗੁਰਮੁਖਾਂ ਲਈ ਰਾਹ ਇਹੋ ਹੈ : ਭਾਣਾ ਮਿੱਠਾ ਤਾਂ ਹੀ ਲਗਦਾ ਹੈ ਜੇ ਨਾਮ ਨਾਲ ਪਿਆਰ ਹੋਵੇ, ਸਾਂਈ ਜੀ ਅੰਦਰ ਵੱਸਦੇ ਹੋਣ, ਫਿਰ ਦਿਸਦੇ ਪਦਾਰਥਾਂ ਤੋਂ ਉਹ ਮਿਠੇ ਲਗਦੇ ਹਨ, ਨੇੜੇ ਲਗਦੇ ਹਨ।

ਬੱਚਿਆਂ ਦਾ ਆਨਾ ਜਾਣਾ ਗੁਰਸਿਖਾਂ ਦੇ ਆਣ ਜਾਣ ਵਾਂਙੂ ਹੈ, ਸਤਿਗੁਰ ਦੇ ਘੱਲੇ ਪ੍ਰਾਹੁਣੇ ਗੁਰਸਿਖ ਘਰ ਆਏ ਤੇ ਉਸਦੇ ਸੱਦੇ ਉਠ ਗਏ : ਆਪਣਾ ਮੋਹ ਮਾਯਾ ਜਿੰਨਾਂ ਪਏਗਾ ਉਨਾ ਦੁਖ ਹੋਏਗਾ। ਜਿੰਨਾ ਨਾਮ ਨਾਲ ਪਿਆਰ ਤੇ ਬਾਕੀ ਸੇਵਾ ਮਾਤ੍ਰ ਦਾ ਭਾਵ ਰਹਿ ਜਾਏਗਾ ਉਨਾ ਸੁਖ ਰਹੇਗਾ :—

"ਬਾਰੰਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥
ਜੋ ਹੋਆ ਹੋਵਤ ਸੋ ਜਾਨੈ ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥

(ਸੁਖਮਨੀ 1,—6, 7)

ਇਹ ਮਾਰਗ ਸਿੱਖੀ ਦਾ ਹੈ। ਨਾਮ ਚਿਤ ਰਹੇ।

—ਵੀਰ ਸਿੰਘ

੪੬

ਪਿਆਰੇ ਜੀ,

3—2—1912

ਰਾਜੁ ਮਾਲੁ ਜੋਬਨੁ ਸਭੁ ਛਾਂਵ ॥ ਰਥਿ ਫਿਰੰਦੈ ਦੀਸਹਿ ਥਾਵ ॥
ਦੇਹ ਨ ਨਾਉ ਨ ਹੋਵੈ ਜਾਤਿ ॥ ਓਥੈ ਦਿਹੁ ਐਥੈ ਸਭ ਰਾਤਿ ॥

ਇਸ ਸੰਸਾਰ ਵਿਚ ਜਦ ਕੋਈ ਮਰਦਾ ਹੈ ਤਾਂ ਅਸੀਂ ਕਹਿੰਦੇ ਹਾਂ : 'ਫਲਾਣਾ ਮਰ ਗਿਆ' ਅਸਲ ਵਿਚ ਉਹ ਮੁਰਦਿਆਂ ਦੇ ਦੇਸ਼ ਵਿਚੋਂ ਨਿਕਲ ਕੇ 'ਜੀਉਂਦਿਆਂ ਦੇ ਮੰਡਲ' ਵਿਚ ਜਾਂਦਾ ਹੈ । ਜਦ ਸਾਨੂੰ ਅਗਲੇ ਜੀਉਂਦਿਆਂ ਦੇ ਮੰਡਲ' ਦੇ ਦੇਸ ਦਾ ਥਹੁ ਨਹੀਂ ਪੈਂਦਾ, ਗੱਲਾਂ ਸੁਣਦੇ ਹਾਂ ਤਾਂ ਅਮੰਨੇ ਵਿਚ ਨਹੀਂ ਆਉਂਦੀਆਂ । ਪੁਸਤਕਾਂ ਪੜ੍ਹਦੇ ਹਾਂ ਤਾਂ ਸਮਝ ਪੈਂਦੀ ਹੈ ਪਰ ਅਣਡਿਠਾ ਦੇਸ਼ ਦਿੱਸਦਾ ਨਹੀਂ । ਜੇ ਸਾਧਨ ਕਰਦੇ ਹਾਂ ਤਾਂ ਪ੍ਰਤੱਖ ਨਜ਼ਰ ਕੁਛ ਨਹੀਂ ਪੈਂਦਾ, ਤਦੋਂ ਅਸੀਂ ਘਬਰਾ ਕੇ ਆਖਦੇ ਹਾਂ ਕਿ "ਪਰਮੇਸ਼ਰ ਜੀ ਨੇ ਆਪਣੇ ਆਪ ਨੂੰ ਕਿਉਂ ਐਨਾ ਲੁਕਾਇਆ ਹੈ ਕਿ ਕੋਈ ਗੱਲ ਸਾਫ ਪਤਾ ਨਹੀਂ ਲੱਗਦੀ ? ਪਰਮੇਸ਼ਰ ਜੀ ਦੇ ਮਿਲਣ ਦਾ ਰਸਤਾ ਔਖਾ ਹੈ, ਜਿਸ ਦਾ ਥਹੁ ਨਹੀਂ ਪੈਂਦਾ, ਕਿਵੇਂ ਬੀ ਰਾਹ ਨਹੀਂ ਖੁੱਲ੍ਹਦਾ ।" ਐਸੇ ਐਸੇ ਵਾਕ ਘਬਰਾ ਕੇ ਆਖਦੇ ਹਾਂ । ਅਸੀਂ ਕੀਹ ਸਮਝਦੇ ਹਾਂ ਕਿ ਇਹ ਸੰਸਾਰ ਤੇ ਇਹ ਸਾਡੀ ਦਸ਼ਾ (1) ਜੀਉਂਦੀ ਹੈ, (2) ਜਾਗਣ ਦੀ ਹੈ, (3) ਤੇ ਥਹੁ ਵਾਲੀ ਹੈ । ਪਰ ਭੁਲੇਖਾ ਏਥੇ ਹੈ । ਇਹ (1) ਜੀਉਣ ਦੀ ਥਾਂ ਨਹੀਂ, ਰੂਹ ਏਥੇ ਰਸਾਂ ਕਸਾਂ ਵਿਚ ਲਗੀ ਸਾਈਂ ਸੁਰਤ ਤੋਂ ਵਿਛੁੜੀ ਆਤਮ ਜੀਵਨ ਤੋਂ ਮੁਰਦਾ ਹੈ । (2) ਅਸੀਂ ਮੋਹ ਤੇ ਮਾਇਆ ਦੀ ਨੀਂਦ ਵਿਚ ਸੁੱਤੇ ਪਏ ਹਾਂ, ਜਾਗਦੇ ਨਹੀਂ ਹਾਂ । (3) ਅਸੀਂ ਸੰਸੇ ਭਰਮ ਤੇ ਤੌਖਲੇ ਦੇ ਕਾਰਨ ਹਰ ਵੇਲੇ ਬੇ-ਥਹਵੇ ਤੇ ਖਿੰਡੇ ਹੋਏ ਹਾਂ । ਉਪਰਲੇ ਸ਼ਬਦ ਵਿਚ ਸਤਿਗੁਰ ਜੀ ਦੱਸਦੇ ਹਨ ਕਿ ਜੋ ਕੁਛ ਦਿੱਸ ਰਿਹਾ ਹੈ ਇਹ ਫਿਰਦੇ ਰਥ ਦੀ ਛਾਇਆ ਹੈ । ਇਹ ਨਿੱਗਰ ਤੇ ਪੱਕਾ ਨਹੀਂ ਹੈ । ਅਸਲ ਵਿਚ ਇਹ ਜੱਗ ਸਾਰੀ ਰਾਤ ਹੈ ਤੇ ਅਗਲਾ ਸਾਰਾ ਦਿਨ ਹੈ । ਅਸੀਂ ਜਾਣਦੇ ਹਾਂ ਕਿ ਅਸੀਂ ਅਕਲ ਵਿਚ, ਜਾਗ ਵਿਚ ਤੇ ਸੁਰਤ ਵਿਚ ਹਾਂ, ਪਰ ਅਸੀਂ ਰਾਤ ਵਿਚ ਤੇ ਨੀਂਦ ਵਿਚ ਹਾਂ । ਜਿਸਨੂੰ ਅੱਗਾ ਕਿਹਾ ਜਾਂਦਾ ਹੈ ਓਥੇ ਦਿਨ ਹੈ । ਅਸੀਂ ਸਮਝਦੇ ਹਾਂ ਅਸੀਂ ਜਾਗ ਰਹੇ ਹਾਂ, ਪਰ ਅਸੀਂ ਸੁੱਤੇ ਪਏ ਹਾਂ । ਜਿਸ ਨੂੰ "ਅੱਗਾ" ਕਹਿੰਦੇ ਹਾਂ ਤੇ ਹਨੇਰਾ ਥਾਂ ਸਮਝਦੇ ਹਾਂ ਓਥੇ ਚਾਨਣਾ ਚਰਾਗ਼ ਦਿਨ ਹੈ । ਤਾਂ ਤੇ ਸਿਦਕ ਧਾਰ ਕੇ ਸਿਮਰਨ ਅਭਯਾਸ ਕਰਨਾ ਚਾਹੀਏ ਜੋ ਨੀਂਦ ਖੁੱਲ੍ਹੇ । ਸਤਿਗੁਰ ਆਖਦੇ ਹਨ : 'ਮੋਹੁ ਮਾਇਆ ਵੈ ਸਭ ਕਾਲ ਖਾਇਨਿ' । ਅਣਡਿੱਠਾ ਸੱਚਾ ਹੈ, ਜਾਗਦਾ ਦੇਸ਼ ਹੈ ਤੇ ਚਾਨਣਾ ਚਰਾਗ ਹੈ । ਤੇ ਇਹ ਜਿਸ ਨੂੰ ਅਸੀਂ ਦੇਖ ਰਹੇ ਹਾਂ ਤੇ ਪ੍ਰਤੱਖ ਸਮਝ ਰਹੇ ਹਾਂ, ਇਹ ਸੁਪਨੇ ਦਾ ਦ੍ਰਿਸ਼ਯ ਹੈ । ਨੀਂਦ ਵਿਚ ਤਾਂ ਅਸੀਂ ਤੇ ਸਾਰਾ ਜੱਗ ਹੈ ਤੇ ਜਾਗਦਾ ਕੇਵਲ ਉਹ ਹੈ ਜਿਸ ਦੀ ਆਤਮਾ ਅਣਡਿੱਠੇ ਦੇਸ਼ ਵਿਚ ਝਾਤੀਆਂ ਮਾਰਦੀ ਤੇ ਸਾਂਈਂ ਦੀ ਲਿਵ ਵਿਚ ਵਸਦੀ ਹੈ ।

—ਵੀਰ ਸਿੰਘ

੪੭

17-3-1912

ਪਿਆਰੇ ਜੀ,

ਪਰਮਾਰਥ ਦਾ ਰਸਤਾ 'ਖੰਡੇ ਧਾਰ ਗਲੀ ਅਤਿ ਭੀੜੀ' ਹੈ । ਇਸ ਵਿਚ ਮੌਤ ਦਾ ਖਿਆਲ ਪੈਦਾ ਹੁੰਦਾ ਹੈ । ਫੇਰ ਵਿਛੋੜੇ ਦੀ ਤੋਟ ਪੈਕੇ ਘਬਰਾ ਪੈਂਦਾ ਹੈ । 'ਸਫਾ ਤੇ ਨਿਰੋਲ' ਵਿਤ ਮੂਜਬ ਚੜ੍ਹੀ ਸੁਰਤ ਵਿਚ ਨਿਰਭੈਤਾ ਹੁੰਦੀ ਹੈ । ਤੌਖਲਾ ਨਹੀਂ ਹੁੰਦਾ । ਮੌਤ ਕੀ ਚੀਜ਼ ਹੈ ? ਮਰਦਾ ਕੁਛ ਨਹੀਂ, ਮਰਕੇ ਬਿਗੜਦਾ ਕੁਛ ਨਹੀਂ ਪਰਮੇਸ਼ਰ ਦਾ ਰਸਤਾ ਸਖਤ ਗੁਹਜ ਤੇ ਪੇਚਦਾਰ ਵਿਦਿਆ ਹੈ । ਕਦਮ ਕਦਮ ਤੇ ਉਕਾਈ ਹੁੰਦੀ ਹੈ । ਅਸੀਂ ਸਤਿਗੁਰੂ ਦੇ ਵਿਦਯਾਰਥੀ ਹਾਂ, ਸਤਿਗੁਰ ਨੇ ਰਜ਼ਾ ਦਾ ਸਬਕ ਸਿਖਾਉਣਾ ਹੈ, ਸਿਖਾਉਂਦਾ ਹੈ । ਅਸਾਡੇ ਅੰਦਰ ਬੈਠਾ ਸਤਿਗੁਰ ਕੰਮ ਕਰ ਰਿਹਾ ਹੈ । ਦਿਲਾਂ ਦੇ ਦਾਗ਼ ਧੋਂਦਾ ਹੈ ਅਰ ਉਚਿਆਂ ਕਰ ਰਿਹਾ ਹੈ । ਫਿਰ ਸ਼ੁਕਰ ਵਿਚ ਰਹਿਣਾ ਚਾਹੀਦਾ ਹੈ ਪਰ ਖੁਸ਼ੀ ਦੇ ਮਕਾਨ ਤੋਂ ਕਦੇ ਨਹੀਂ ਹਿੱਲਣਾ ਚਾਹੀਦਾ ।

ਜਦ ਪਤਾ ਹੈ ਕਿ ਸਤਿਗੁਰ ਪਿਆਰ ਕਰਦਾ ਹੈ,

ਜਦ ਪਤਾ ਹੈ ਕਿ ਸਤਿਗੁਰ ਵਰ ਦੇਂਦਾ ਹੈ, ਘਾਲ ਨਹੀਂ ਤੱਕਦਾ, ਪਰ ਮਿਹਰ ਕਰਦਾ ਹੈ,

ਜਦ ਪਤਾ ਹੈ ਕਿ ਸਿਤਗੁਰ ਇਕਰਾਰ ਕਰਦਾ ਹੈ ਅਰ ਤਾਰਦਾ ਹੈ, ਤਾਂ

'ਕਾੜਾ ਅੰਦੇਸਾ ਕਿਉ ਕੀਜੇ ।'

ਦੁਖੀਆਂ ਨੂੰ 'ਨਾਮ' ਦਾਰੂ ਹੋ ਕੇ ਆਪ ਰਾਜ਼ੀ ਕਰੇਗਾ । ਸੁਰਤ ਜਦ ਅਰੋਗ ਹੋ ਗਈ ਤਦ ਸਰੀਰ ਸੁਰਤ ਦੇ ਮਗਰ ਟੁਰੇਗਾ ਅਰ ਅਰੋਗ ਹੋਵੇਗਾ :—'ਜਿਤ ਵੰਞੈ ਰੋਗਾਂ ਘਾਣਿ ।' ਤਦ ਆਪਣੇ ਉਚ ਦਾਰੂ ਦੀ ਟੇਕ ਲੈ ਕੇ ਇਹ ਪ੍ਰਯਤਨ ਰਹੇ ਕਿ ਅੰਦਰ ਰਸ, ਮਿਠਾਸ, ਸੁਖ ਨਾਮ ਤੇ ਪਿਆਰ ਭਰੇ ਹੁਲਾਰੇ ਵੇਗ ਵਿਚ ਰਹਿਣ । ਕੋਈ ਵਰਤੋਂ, ਕੋਈ ਹੋਣੀ, ਕੋਈ ਗੱਲ, ਸੁਰਤ ਵਿਚ ਕਲੇਸ਼ ਨਾ ਪੈਣ ਦੇਵੇ । ਨਾਮ ਅਰੋਗ ਹੈ, ਨਾਮ ਜਪਿਆਂ ਦੇਹ ਅਰੋਗ ਰਹਿੰਦੀ ਹੈ:—

ਸਦਾ ਰਹੈ ਕੰਚਨ ਸੀ ਕਾਇਆ ਕਾਲ ਨ ਕਬਹੂੰ ਬਿਆਪੈ ।'

(ਪਾ: ੧੦)

'ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥ ਤਾਹਿ ਰੋਗੁ ਸੁਪਨੈ ਨਹੀਂ ਆਵੈ । ਹਰਿ ਅਉਖਧੁ ਸਭ ਘਟ ਹੈ ਭਾਈ । ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ ਗੁਰਿ ਪੂਰੈ ਸੰਜਮੁ ਕਰਿ ਦੀਆ । ਨਾਨਕ ਤਉ ਫਿਰ ਦੂਖ ਨ ਥੀਆ ॥'

(ਗਉ: ਬਾ: ਅਖਰੀ ਮ: 5—45)

ਸਾਈਂ ਨਾਲ ਲਾਵੀਂ ਨੇਹੁ, ਹੱਸ ਕੇ ਗੁਜ਼ਾਰੀ ਦੇਹੁੰ ।

ਸ੍ਰੀ ਵਾਹਿਗੁਰੂ ਜੀ ਦੀ ਪਿਆਰ ਤੇ ਰਸ ਭਰੀ ਯਾਦ ਵਿਚ ਜੀਵੋ ।

ਹੇ ਵਾਹਿਗੁਰੂ, ਆਪਣੇ ਬੱਚਿਆਂ ਨੂੰ ਆਪਣੀ ਠੰਢੀ ਤੇ ਪਿਆਰ ਭਰੀ ਯਾਦ ਬਖਸ਼:—

ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥

(ਗਉ: ਬਾ. ਅ: ਮ: 5—25)

ਸਤਿਗੁਰੂ ਜੀ ਨੇ ਵਾਹਿਗੁਰੂ ਪਾਸੋਂ ਆਪ ਇਹ ਦਾਨ ਮੰਗਿਆ ਸੀ :—

"ਕਬਹੂ ਨ ਬਿਸਰੈ ਹੀਏ ਮੋਰੇ ਤੇ ਨਾਨਕ ਦਾਸ ਇਹੀ ਦਾਨੁ ਮੰਗਾ ॥"

(ਬਿਲਾ: ਮ: 5—101)

ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤਿ ਕਾਲਿ ਨਹ ਲਾਗੈ ਪੀਰ ॥ ਰਹਾਉ ॥
ਕਰਮ ਧਰਮ ਤੁਮ ਚਉਪੜਿ ਸਾਜਹੁ ਸਤੁ ਕਰਹੁ ਤੁਮ ਸਾਰੀ ॥
ਕਾਮ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥

ਇਉਂ ਸਤਿਗੁਰੂ ਜੀ ਦੀ ਆਗਿਆ ਮੰਨੋ ਤਾਂ ਜੋ :—

"ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ॥
ਸੁਖ ਸਹਜ ਸੇਤੀ ਘਰਿ ਜਾਤੇ ॥"

—ਵੀਰ ਸਿੰਘ

੪੮

11—7—1912.

ਪਿਆਰੇ ਜੀ,

ਬਾਣੀ ਦਾ ਪਿਆਰ ਨਾਲ ਪਾਠ ਪਿਆਰੇ ਗੁਰੂ ਨਾਨਕ ਦੇ ਸਾਹਮਣੇ ਕਰਨਾ, ਟੁਰਦੇ ਫਿਰਦੇ ਵਿਹਲੇ ਵਕਤਾਂ ਵਿਚ 'ਧੰਨ ਗੁਰੂ ਨਾਨਕ' ਉਚਾਰਨਾ ਅਰ ਮਾੜਾ ਜਿਹਾ ਖਿਆਲ ਨੁਕਤੇ ਵੱਲ ਰਖਣਾ ਕਿ ਸਾਡੇ ਸਿਰ ਤੇ ਦਾਤ ਹੈ—ਬੱਸ ਇਹ ਕਰਤਬ ਕਰੀ ਚਲੀਏ, ਮਿਹਰ ਕਰਨ ਵਾਲਾ ਸਤਿਗੁਰ ਆਪੇ ਤੁੱਠਦਾ ਰਹਿੰਦਾ ਹੈ । ਡਰਨਾ ਨਹੀਂ ਚਾਹੀਦਾ, ਨਾਮ ਇਕ ਦਿਨ ਵਿਚ ਨਹੀਂ (ਅੰਦਰ) ਵੱਸਦਾ, ਇਹ ਲੰਮੀ ਖੇਡ ਹੈ। ਬੱਚਾ ਵਿਦਵਾਨ ਤਾਂ ਕਦੇ ਹੁੰਦਾ ਹੈ ਪਰ ਸਬਕ ਪਕਾਂਦਾ ਰੋਜ਼ ਹੈ, ਅਰ ਸਬਕ ਪਕਾਣੇ ਕਰਕੇ ਮਾਪੇ ਤੇ ਉਸਤਾਦ ਖੁਸ਼ ਹੁੰਦੇ ਹਨ। ਇਹ ਸੋਚ ਨਹੀਂ ਕਰਨੀ ਚਾਹੀਦੀ ਕਿ ਮਨ ਨਹੀਂ ਲਗਦਾ, ਮਨ ਲੱਗੇ ਯਾ ਨਾ, ਸਬਕ ਪਕਾਈ ਚੱਲੀਏ । ਆਪੇ ਫਿਰ ਲੱਗਣ ਲੱਗ ਜਾਂਦਾ ਹੈ ਅਰ ਮਨ ਵਿਚ ਮਾਣ ਰਖੀਏ ਕਿ ਸਾਡੇ ਸਿਰ ਤੇ ਕਿਸੇ ਦਾ ਹੱਥ ਹੈ :—

ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾਕੈ ਕਾਰਜ ਪੂਰਾ ॥

ਸਤਿਗੁਰੂ ਕੰਮਾਂ ਪਰ ਨਹੀਂ ਰੀਝਦਾ—ਕੰਮ ਸ਼ੁਭ ਕਰੋ, ਪਰ ਸਤਿਗੁਰ ਸਿਮਰਨ ਪਰ ਰੀਝਦਾ ਹੈ। ਮੌਤ ਤੋਂ ਨਹੀਂ ਡਰਨਾ, ਮੌਤ ਕੀ ਚੀਜ਼ ਹੈ ? ਅਜਲ ਵਿਚ ਮਰਦਾ ਕੁਛ ਨਹੀਂ, ਕੇਵਲ ਚੋਲਾ ਵਟੀਂਦਾ ਹੈ ਸਤਿਗੁਰ ਦੇ ਪਿਆਰੇ ਮਰਕੇ ਸੁਖ ਪਾਂਦੇ ਹਨ । ਮਰਕੇ ਅੱਗੇ ਸੁੰਞ ਨਹੀਂ ਹੈ, ਅੱਗੇ ਸਤਿਗੁਰ ਨਾਨਕ ਦਾ ਸਤਿਸੰਗ ਹੈ । ਚੰਗੇ ਚੰਗੇ ਪਿਆਰੇ ਦੁਨੀਆਂ ਦੇ ਸਾਕਾਂ ਸੰਗਾਂ ਤੋਂ ਵੱਧ ਚੰਗੇ ਪ੍ਰੀਤਮ ਜੀ ਦੇ ਸਤਿਸੰਗੀਆਂ ਵਿਚ ਵਾਸ ਹੁੰਦਾ ਹੈ। ਪਰ ਮੌਤ ਮੰਗੀਦੀ ਬੀ ਨਹੀਂ । ਆਵੇ ਤਾਂ ਡਰੀਦਾ ਨਹੀਂ, ਨਾ ਆਵੇ ਤਾਂ ਚੇਤੇ ਨਹੀਂ ਕਰੀਦੀ ।

ਕਰੀਦਾ ਇਹ ਹੈ ਕਿ ਆਪਣੀ 'ਹੁਣ' ਸੰਭਾਲੀ ਦੀ ਹੈ । ਜੋ ਸਮਾਂ ਸਾਨੂੰ ਮਿਲਿਆ ਹੈ ਇਸ ਵਿਚ ਹਰ ਪਲ ਅਸੀਂ ਬਾਣੀ ਯਾ ਨਾਮ ਦੇ ਆਧਾਰ ਨਾਲ ਬਤੀਤ ਕਰੀਏ— ਸਤਿਗੁਰ ਸਿਰ ਤੇ ਹੈ ਅਰ ਓਹ ਸਦਾ ਸਹਾਈ ਹੈ :—

ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥

ਸਤਿਗੁਰ ਦਾਤਾ ਮਿਹਰ ਕਰਨਹਾਰਾ ਹੈ। ਕੀਰਤਨ ਕਰਨਾ ਬਹੁਤ ਚੰਗਾ ਹੈ—ਇਹ ਸਾਧਨ ਹੈ ਜੋ ਸਾਨੂੰ ਵਾਹਿਗੁਰੂ ਨਾਲ ਜੋੜਦਾ ਹੈ।

੪੯

11—12—12

ਪਰਮ ਕਿਰਪਾਲੂ ਤੇ ਸੱਚੇ ਦਰਦੀ ਜੀ,

ਮੇਰੇ ''ਸਿਮਰਨ ਦੇ ਪ੍ਰੇਮੀ'' ਵੀਰ ਜੀ ਨੂੰ ਕਲਗੀਆਂ ਵਾਲੇ ਪ੍ਰੀਤਮ ਜੀ ਦੇ ਅਕਾਲੀ ਬੇੜੇ ਵਿਚ ਪਹੁੰਚਣ ਦੇ ਝੱਟਪੱਟ ਸੱਦੇ ਪਰ ਦਾਸ ਨੂੰ ਉਸ ਸੀਤਲ ਪ੍ਰੇਮ ਵਾਲੇ ਪਿਆਰੇ ਤੋਂ ਸਰੀਰਕ ਵਿਛੋੜਾ ਹੋਇਆ, ਜਿਸ ਵਿਚ ਸ੍ਰੀ ਜੀ ਦੇ ਕੋਮਲ ਦਰਦੀ ਹਿਰਦੇ ਨੇ ਮੇਰੇ ਲਈ ਦਰਦ ਪ੍ਰਤੀਤ ਕੀਤਾ ਹੈ ਅਰ ਖਤ ਭੇਜ ਕੇ, ਪਾਠ ਰੱਖ ਕੇ ਦਰਦ ਵੰਡਾਇਆ ਹੈ। ਇਹ ਕ੍ਰਿਪਾਲਤਾ ਨਹੀਂ, ਮੈਂ ਆਪ ਦਾ ਦਿਲੋਂ ਧੰਨਵਾਦੀ ਹਾਂ । ਆਪ ਸਤਿਗੁਰ ਦੇ ਪਿਆਰੇ ਹੋ, ਅਰਦਾਸ ਕਰੋ ਕਿ ਓਹ ਅਕਾਲੀ ਝੰਡਿਆਂ ਵਾਲਾ ਪਿਆਰਾ ਸ਼ਹਿਨਸ਼ਾਹ ਆਪਣੇ ਨਵੇਂ ਸਿਪਾਹੀ ਨੂੰ ਆਪਣੀ ਹਜ਼ੂਰੀ ਦੇ ਪਹਿਰੇ ਵਿਚ ਰਖੇ ਅਰ ਅਸਾਂ ਨੂੰ ਇਹ ਮਾਣ ਪ੍ਰਦਾਨ ਕਰੇ ਕਿ ਸਾਡਾ ਪਿਆਰਾ ਭਗਤ ਸੱਚੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਹੈ।

—ਵੀਰ ਸਿੰਘ

੫੦

26-12-12

ਪਿਆਰੇ ਜੀ,

ਮੇਰੇ ਵੀਰ ਜੀ ਸਿਮਰਨ ਦੇ ਰਸੀਏ ਤੇ ਨਿਸ਼ਪਾਪ ਜੀਵਨ ਵਾਲੇ ਸਨ। ਸਤਿਗੁਰ ਨੇ ਉਨ੍ਹਾਂ ਨੂੰ ਆਪਣੇ ਅਕਾਲੀ ਬੇੜੇ ਦੀ ਸੇਵਾ ਲਈ ਸੱਦਿਆ ਹੈ, ਇਸ ਲਈ ਅਸੀਂ ਖੁਸ਼ ਹਾਂ ਕਿ ਸਾਡੇ ਘਰ ਦਾ ਇਕ ਪਰਮ ਪਿਆਰਾ ਉਚਾ ਹੋ ਗਿਆ ਹੈ, ਅਰ ਸ਼ਹਿਨਸ਼ਾਹ ਦੀ ਹਜ਼ੂਰੀ ਵਿਚ ਰਹਿੰਦਾ ਹੈ। ਉਸ ਦੇ ਵਿਯੋਗ ਕਰਕੇ ਕਈ ਕੰਮ ਤੇ ਜ਼ਿੰਮੇਵਾਰੀਆਂ ਵਧੀਆਂ ਹਨ, ਪਰ ਸਤਿਗੁਰੂ ਦਾ ਇਕਰਾਰ ਹੈ :—

ਜਿਸਕੀ ਬਸਤੁ ਤਿਸੁ ਆਗੈ ਰਾਖੈ ॥ ਪ੍ਰਭ ਕੀ ਆਗਿਆ ਮਾਨੈ ਮਾਥੈ ॥
ਉਸ ਤੇ ਚਉਗੁਨ ਕਰੈ ਨਿਹਾਲੁ ॥ ਨਾਨਕ ਸਾਹਿਬੁ ਸਦਾ ਦਇਆਲੁ ॥

ਸਾਡੇ ਮਾਤਾ ਜੀ ਨੇ ਬੱਚੇ ਨੂੰ ਇਸ਼ਨਾਨ ਕਰਾਕੇ ਸਿਪਾਹੀ ਬਾਣਾ, ਕਮਰਕੱਸਾ ਸਫੈਦ ਸਜਾਂ ਕੇ ਇਕ ਵਾਰੀ ਤੜਕੇ ਅਰਦਾਸ ਸੁਧਾ ਦਿੱਤੀ ਸੀ ਕਿ ਬੱਚੇ ਨੂੰ ਆਪਣੇ ਬੇੜੇ ਵਿਚ ਸਿਪਾਹੀ ਹੋਣ ਲਈ ਅਰਦਾਸ ਕਰਾਂਦੇ ਹਾਂ। ਬੱਸ ਫੇਰ ਜਦ ਉਦਾਸੀ ਪੈਣ ਲਗਦੀ ਹੈ ਉਹ ਸੋਚ ਕੇ ਬਚ ਜਾਂਦੇ ਹਨ ਕਿ ਮੈਂ ਤਾਂ ਸੁਖਾਂ ਨਾਲ ਟੋਰਿਆ ਸੀ ਤੇ ਅਰਦਾਸਾ ਕਰਾਇਆ ਸੀ, ਹੁਣ ਮੇਰਾ ਕਾਹਦਾ ਹੈ, ਉਹ ਤਾਂ ਸਤਿਗੁਰੂ ਦਾ ਹੈ।

ਭਾਵੇਂ ਹਿੰਦੂ ਖਿਆਲ ਦੀਆਂ ਬਰਾਦਰੀਆਂ ਬਹੁਤ ਭੈੜੇ ਸ਼ੰਕੇ ਆਕੇ ਪਾਂਦੀਆਂ ਹਨ, ਪਰ ਮਾਤਾ ਜੀ ਫੇਰ ਦਬਾਉ ਵਲੋਂ ਨਿਕਲ ਕੇ ਸ਼ੁਕਰ ਵਲ ਆ ਜਾਂਦੇ ਹਨ, ਇਸ ਤਰ੍ਹਾਂ ਆਸ ਹੈ ਕਿ ਸਾਹਿਬ ਮਿਹਰ ਕਰਸੀ ਅਰ ਸਾਡੇ ਸਿਦਕ ਦੀ ਬੇੜੀ ਨੂੰ ਅਡੋਲ ਰਖਸੀ।

ਮੇਰੇ ਲਈ ਜੋ ਕੰਮ ਵਧੇ ਹਨ,ਉਹ ਹੁਕਮ ਹੈ;ਤੇ ਕਰਨੇ ਹਨ ਤੇ ਉਹ ਨਿਭ ਜਾਸਣ। ਸਤਿਗੁਰੂ ਜੋ ਆਖਦਾ ਹੈ : "ਉਸ ਤੇ ਚਉਗੁਨ ਕਰੈ ਨਿਹਾਲ ॥ ਨਾਨਕ ਸਾਹਿਬ ਸਦਾ ਦਇਆਲੂ ॥" ਇਸ ਲਈ ਤੁਸੀਂ ਬੀ ਸ਼ੋਕ ਨਾ ਕਰੋ। ਸਾਡੇ ਵਿਚੋਂ ਇਕ ਸਜਣ ਉਚਾ ਹੋ ਗਿਆ ਹੈ। ਨਾਮ ਵਾਲੇ ਨਹੀਂ ਮਰਦੇ, ਚਉਰਾਸੀ ਮਰਦੀ ਹੈ, ਨਾਮ ਵਾਲੇ ਤਾਂ ਗੁਰੂ ਰੰਗ ਵਿਚ ਰੰਗੇ ਜਾਂਦੇ ਹਨ। ਭੈ ਨਾ ਕਰੀਏ, ਨਿਰਭੈ ਹੋ ਕੇ ਨਾਮ ਜਪੀਏ। ਸਤਿਗੁਰ ਦਾ ਸਿਮਰਨ ਕਾਇਮ ਰਹੇ। ਜਦੋਂ ਸਿਮਰਨ ਟੁੱਟੇ ਤਦੋਂ ਰੋਣ ਦੀ ਦਸ਼ਾ ਹੈ, ਉਹ ਸਾਰੇ ਕਰਮ ਪਾਪ ਹਨ ਜੋ ਸਿਮਰਨ ਤੋਂ ਤਰੋੜਦੇ ਹਨ। ਵਾਹਿਗੁਰੂ ਆਪ ਨੂੰ ਨਾਮ ਦਾਨ ਬਖਸ਼ੇ ਅਰ ਗੁਰੂ ਨਾਨਕ ਪ੍ਰੇਮ ਦਾ ਕੜਛਾ ਭਰ ਭਰ ਦੇਵੇ।

—ਵੀਰ ਸਿੰਘ

੫੧

24-9-1915

ਪਿਆਰੇ ਜੀ,

ਕੱਲ ਆਪ ਦੀ ਤਾਰ ਤੋਂ ਸ਼ੋਕਮਈ ਖਬਰ ਮਿਲੀ ਹੈ। ਜਿਸ ਤਰ੍ਹਾਂ ਅਸੀਂ ਸੰਸਾਰ ਵਿਚ ਵੱਸਦੇ ਹਾਂ ਗ੍ਰਿਹਸਤੀ ਤੇ ਲੋੜਵੰਦ ਹਾਂ, ਇਸ ਪ੍ਰਕਾਰ ਦੇ ਵਿਛੋੜੇ ਬੜੇ ਹੀ ਅਸਹਿ ਤੇ ਵੇਧਕ ਹੁੰਦੇ ਹਨ, ਪ੍ਰੰਤੂ ਇਹਨਾਂ ਦਾ ਆਉਣਾ ਤੇ ਰੁਕਣਾ ਸਾਡੇ ਵੱਸ ਤੋਂ ਬਾਹਰ ਹੈ। ਤੀਰ ਕਮਾਨਾਂ ਤੋਂ ਚਲ ਚੁਕੇ ਕਦ ਰੁਕਦੇ ਹਨ ? ਜਿਵੇਂ ਜਿਵੇਂ ਪਿਛਲੇ ਜਨਮ ਕਰਦੇ ਕਰਾਂਦੇ ਰਹੇ ਹਾਂ, ਤਿਵੇਂ ਤਿਵੇਂ ਵਾਹਿਗੁਰੂ ਨੇ ਲਿਖਤ ਪਾਈ ਹੈ ਤੇ ਪਿਆ ਹੁੰਦਾ ਹੈ। ਮੈਂ ਬੜੇ ਦਰਦ ਨਾਲ ਤੁਹਾਡੇ ਇਸ ਬਿਰਹੋਂ ਨੂੰ ਅਨੁਭਵ ਕੀਤਾ ਹੈ। ਪ੍ਰੰਤੂ ਜਦ ਇਹ ਸਭ ਕੁਛ ਸਾਡੇ ਕੀਤੇ ਪਰ ਤੇ ਸਾਡੇ ਮਾਲਕ ਵਾਹਿਗੁਰੂ ਦੇ ਹੁਕਮ ਪਰ ਹੁੰਦਾ ਹੈ ਤਾਂ ਯਤਨ ਇਹੋ ਕਰਨਾ ਉਚਿਤ ਹੁੰਦਾ ਹੈ ਕਿ ਇਕ ਤਾਂ ਵਿਛੋੜਾ ਤੇ ਖੇਚਲਾਂ ਆਈਆਂ, ਦੂਜਾ ਦਿਲੀ ਨਾ-ਸ਼ੁਕਰੀਆ, ਚਿੰਤਾ ਤੇ ਗਿਰਾਉ ਵਿਚ ਆਕੇ ਸਾਰੀ ਉਮਰ ਦੀ ਕਮਾਈ, ਦਿਲ ਦਾ ਟਿਕਾਉ ਤੇ ਨਾਮ ਦਾ ਰਤਾ ਭੋਰਾ ਕਿਣਕਾ ਬੀ ਗਵਾ ਬਹੀਦਾ ਹੈ। ਇਸ ਕਰਕੇ ਇਹਨਾਂ ਹਨੇਰੀਆਂ ਤੇ ਝੱਖੜਾਂ ਦੇ ਝੁਲਿਆਂ ਬੜੀ ਹੁਸ਼ਿਆਰੀ, ਜੇਰੇ ਤੇ ਭਰੋਸੇ ਦੀ ਲੋੜ ਪੈਂਦੀ ਹੈ ।

ਸਾਰੀ ਉਮਰ ਦੇ ਕੀਤੇ ਸਤਿਸੰਗ ਤੇ ਗੁਰੂ ਨਾਨਕ ਦੇ ਚਰਨਾਂ ਵਿਚ ਲਏ ਤਰਲੇ ਇਸ ਵੇਲੇ ਅੰਦਰੋਂ ਡਾਢ ਦੇਂਦੇ ਹਨ ।

ਦੇਸ਼ ਦਾ ਰਿਵਾਜ ਡਾਢ ਤੇ ਸਹਾਇਤਾ ਦੇਣ ਦਾ ਨਹੀਂ, ਸਗੋਂ ਸੁਰਤ ਨੂੰ ਗਿਰਾਉਣ ਦਾ ਹੈ। ਇਸ ਕਰਕੇ ਆਪਣੇ ਅੰਦਰੇ ਹੋਰ ਬੀ ਹੰਭਲਾ ਮਾਰਨ ਦੀ ਲੋੜ ਪੈਂਦੀ ਹੈ ਸੋ ਵਧੀਕ ਯਤਨ ਦਾ ਵੇਲਾ ਹੁੰਦਾ ਹੈ ।

ਇਹ ਬੀ ਸੱਚ ਹੈ ਕਿ ਇਸਤ੍ਰੀ ਤੇ ਭਰਤਾ ਨਾ ਇਕੱਠੇ ਸੰਸਾਰ ਵਿਚ ਆਉਂਦੇ ਹਨ ਤੇ ਨਾ ਇਕੱਠੇ ਟੁਰਦੇ ਹਨ। ਵਿਚਕਾਰ ਇਕੱਠੇ ਹੁੰਦੇ ਹਨ ਤੇ ਅਕਸਰ ਵਿਚਕਾਰ ਕਿਸੇ ਵੇਲੇ ਵਿਛੁੜ ਜਾਂਦੇ ਹਨ। ਇਹ ਸਮਾਂ ਕਦ ਤੇ ਕਿਸ ਵੇਲੇ ਆਉਂਦਾ ਹੈ, ਕੁਝ ਪਤਾ ਨਹੀਂ, ਮਾਲਕ ਹੀ ਜਾਣਦਾ ਹੈ, ਸਾਡਾ ਧਰਮ ਤੇ ਸਾਡਾ ਯਤਨ ਬਾਕੀ ਰਹਿ ਜਾਂਦਾ ਹੈ ਕਿ ਅੰਦਰ ਸੰਭਾਲੀਏ. ਕਿ ਨਾਮ ਦੀ ਰਾਸ ਇਸ ਹਨੇਰੀ ਵੇਲੇ ਕਿਵੇਂ ਬਚ ਜਾਵੇ। ਸਿਰ ਸਿਰ ਨਿਬੇੜੇ ਹਨ, ਜੇ ਕਦੇ ਹੁਣ ਨਾਮ—ਵੱਖਰ ਬਚਾ ਲਿਆ ਤੇ ਚੋਖਾ ਲੱਦ ਲਿਆ ਤਾਂ ਅੱਗਾ ਬੜਾ ਚੰਗਾ ਆਵੇਗਾ, ਅਰ ਸੱਲ ਨਹੀਂ ਵੇਖਣੇ ਪੈਣਗੇ। ਇਸ ਲਈ ਮੁੱਖ ਕੰਮ ਤੇ ਯਤਨ ਇਹ ਕਰੋ ਕਿ ਇਸ ਵੇਲੇ ਨਾਮ ਦੀ ਰਾਸ ਬਚੇ ਅਰ ਅੰਦਰ ਜੋ ਕਣੀ ਪਰਮੇਸ਼ਰ ਦੇ ਪਿਆਰ ਦੀ ਆਈ ਹੈ, ਉਹ ਭਾਣੇ

ਤੇ ਸ਼ੁਕਰ ਦੀ ਓਟ ਨਾਲ ਬਚਾਈ ਜਾਵੇ । ਦੂਸਰੇ ਬਿਰਹੋਂ ਦੀ ਚੋਟ ਨੂੰ ਸੀਲ ਸੰਤੋਖ ਨਾਲ ਝੱਲਿਆ ਜਾਏ ।

ਵਿਛੋੜਾ ਇਹ ਸਦਾ ਲਈ ਨਹੀਂ, ਨਾਸਤਕਾਂ, ਬੇਮੁਖਾਂ, ਗਾਫ਼ਲਾਂ ਲਈ ਸਦਾ ਦਾ ਵਿਛੋੜਾ ਹੋਊ ਪਰ ਗੁਰਮੁਖ ਹੋ ਚੁਕੇ ਤੇ ਨਾਮ ਦੇ ਤਰਲੇ ਲੈ ਰਹੇ ਗੁਰਸਿਖਾਂ ਲਈ ਇਹ ਵਿਛੋੜਾ ਕੁਝ ਕ਼ਾਲ ਦਾ ਹੈ ।

—ਵੀਰ ਸਿੰਘ

੫੨

......1926

ਪਿਆਰੇ ਜੀ,

ਪਤ੍ਰ ਮਿਲਿਆ ਹੈ । ਵਾਹਿਗੁਰੂ ਜੀ ਅਗੇ ਅਰਦਾਸ ਕਰੋ ਜੋ ਉਹ ਸਾਨੂੰ ਸਭਨਾਂ ਨੂੰ ਅਪਨੇ ਚਰਨਾਂ ਦਾ ਕੂਲਾ ਕੂਲਾ ਪਿਆਰ ਬਖਸ਼ੇ । ਅਪਨੀ ਮਿਠੀ ਮਿਠੀ ਯਾਦ ਦਾਨ ਕਰੇ, ਉਸਦਾ ਪਯਾਰਾ ਪਯਾਰਾ ਨਾਮ ਸਾਡੀ ਰਸਨਾ ਨੂੰ ਤਖਤ ਬਨਾ ਕੇ ਉਤੇ ਬਹਿ ਕੇ ਸਾਡੇ ਮਨ ਉਤੇ ਰਾਜ ਕਰੇ । ਅਸੀਂ ਦੁਨੀਆਂ ਦੇ ਓਸ ਗਬਾਰ ਵਿਚ ਨਾ ਜਾਈਏ ਜਿਸ ਦੇ ਪਰਛਾਵੇਂ ਵਿਚ ਸਾਨੂੰ ਪਰਲੋਕ, ਸਾਈਂ, ਗੁਰ ਨਾਨਕ ਦੂਰ ਦੇ ਓਪਰੇ ਦਿੱਸਣ । ਸਾਨੂੰ ਧੰਨ ਗੁਰ ਨਾਨਕ ਸਚੀ ਹਸਤੀ ਨੇੜੇ ਦੀ ਹਸਤੀ ਤੇ ਪਿਆਰੀ ਪਿਆਰੀ ਦਿਸੇ । ਅਸੀਂ ਜਗਤ ਵਿਚ ਸੁਖੀ ਵਸੀਏ, ਪਰ ਵਾਹਿਗੁਰੂ ਆਪਣਾ ਤੇ ਨੇੜੇ ਨੇੜੇ ਦਿਸੇ । ਸੋ ਉਸਦੀ ਯਾਦ ਸਾਡੇ ਮਨ ਮੰਦਰ ਵਿਚ ਵਸੇ, ਅਸੀਂ ਐਉਂ ਜੀਵੀਏ, ਮਨ ਵਸਾਕੇ ਸਾਈਂ ਨੂੰ ਜੀਵੀਏ ।

ਲਾਜਾਂ ਦਾ ਵਿਛੋੜਾ ਅਚਾਨਕ ਤੇ ਨਾ ਆਸ ਕੀਤੀ ਜਾਣ ਵਾਲੀ ਹਾਲਤ ਵਿਚ ਹੋਇਆ ਹੈ, ਦਿਲ ਨੂੰ ਕੂਲਾ ਕੂਲਾ ਬਿਰਹਾ ਝੰਝੋਲਦਾ ਦਿਸਦਾ ਹੈ, ਪਰ ਇਸ ਤੋਂ ਲਾਭ ਇਹ ਲਓ ਕਿ ਸਾਈਂ ਦੇ ਪਯਾਰ ਵਿਚ ਘੁਲ ਜਾਓ । ਲਾਜਾਂ ਜੋ ਸਾਈਂ ਰੰਗ ਵਿਚ ਜਾਂਦੀ ਤੱਕੀ ਨੇ ਤਾਂ ਸਾਈਂ ਦੀ ਰੰਗਣ ਵਿਚ ਭੋਬਾ ਲਾ ਲਓ । ਤੁਸੀਂ ਕੋਲ ਸਾਓ ਤਾਂ ਤਕਿਆਂ ਹੋਸੀ ਨੇ । ਮੇਰਾ ਖਿਆਲ ਹੈ ਕਿ ਲਾਜਾਂ ਸੁਖੀ ਹੈ । ਅਗੋਂ "ਧੰਨ ਗੁਰੂ ਨਾਨਕ" ਜਾਣੇ ਜਾਂ ਉਸਦੀ ਮਿਠੀ ਮਿਠੀ ਗੋਦ ਜਾਣੇ, ਜਿਸ ਗੋਦ ਨਾਲ ਸਾਨੂੰ ਕੁਛੜ ਦੇ ਬਾਲ ਵਾਡੂ ਸਦਾ ਇਹ ਮਾਣ ਹੋਵੇ ਕਿ ਗੁਰੂ ਨਾਨਕ ਮੇਰਾ ਹੈ, ਉਸਦੀ ਸਦਾ ਹਰੀ ਗੋਦ ਪਿਆਰ ਭਰੀ ਗੋਦ, ਸੇਰੀ ਹੈ, ਗੁਰੂ ਨਾਨਕ ਦੇ ਚਰਨਾਂ ਨਾਲ ਦਾਵਾ ਹੋਵੇ, ਕਿ ਓਹ ਅੰਮ੍ਰਿਤ ਦੇ ਸੋਮੇ, ਮੇਰੇ ਹਨ,

"ਧੰਨ ਗੁਰੂ ਨਾਨਕ ਮੇਰਾ ਹੈ"

ਇਹ ਪਯਾਰ ਝਰਨਾਟ ਸਾਡੇ ਅੰਦਰ ਛਿੜੇ, ਇਹੋ ਜੀਵਨ ਹੋਵੇ ਇਹੋ ਮੁਕਤੀ । ਇਹ ਸੁਹਣੇ ਖਿਆਲ ਨਹੀਂ, ਮੇਰੀ ਉਸ ਦਰੋਂ ਇਹੋ ਮੰਗ ਹੈ ਕਿ ਗੁਰ ਨਾਨਕ ਮੇਰਾ ਤੇ ਮਿਠਾ ਮਿਠਾ ਤੇ ਪਿਆਰਾ ਪਿਆਰਾ ਮੇਰਾ ਮੇਰਾ ਲਗੇ ।

ਭੈਣ ਆਪਣੀ ਮਰ ਗਈ ਨਾ ਜਾਣੋ, ਉਹ ਗਈ ਹੈ ਜਿਥੇ ਸਭਨਾਂ ਜਾਣਾ ਹੈ, ਪਰ ਸਫਲ ਹੈ ਜਾਣਾ ਉਨ੍ਹਾਂ ਦਾ ਹੋ ਨਾਮ ਰੰਗ ਰਤੇ ਜਾਂਦੇ ਹਨ । ਸੋ ਲਾਜ ਦਾ ਪਿਆਰ ਇਹ ਹੈ ਕਿ ਉਸ ਵਾਂਡੂ ਨਾਮ ਜਪੋ, 'ਨਾਮ' ਦੀ ਪੀਂਘ ਘੁਕਾਓ । ਜੀਵਨ ਸਫਲ ਕਰੋ ।

—ਵੀਰ ਸਿੰਘ

ਪੜ

11-7-1928

ਸ੍ਰੀ ਜੀਓ ਜੀ,

ਆਪ ਦਾ ਪੱਤ੍ਰ ਪੁੱਜਾ ਸੀ, ਮੈਂ ਕਈ ਕਾਰਨਾਂ ਕਰਕੇ ਕਈ ਦਿਨ ਡਾਕ ਤੱਕ ਨਹੀਂ ਸਕਿਆ, ਇਸ ਲਈ ਦੇਰੀ ਹੋ ਗਈ ਹੈ। ਇਹ ਪੜ੍ਹਕੇ ਕਿ ਭੁਜੰਗੀ ਨੂੰ ਆਪ ਨੇ ਟੋਰਿਆ ਹੈ ਅਸਚਰਜ ਹੋਇਆ, ਉਸ ਦਾਤੇ ਦੇ ਪਿਆਰ ਉਤੇ। ਇਕ ਪਾਸੇ ਵਿਯੋਗ ਦਿੱਤਾ ਤੇ ਦੂਜੇ ਪਾਸੇ ਆਪ ਨੂੰ ਸਬਰ ਦੀ ਦਾਤ ਬਖਸ਼ ਕੇ ਅਪਣੇ ਚਰਨਾਂ ਦਾ ਆਸਰਾ ਦਿੱਤਾ।

ਸਰੀਰਕ ਵਿਯੋਗ ਮਨ ਨੂੰ ਉਕਤਾ ਤੇ ਘਬਰਾ ਦਿਤਾ ਕਰਦੇ ਹਰ ਪਨ ਜੇ ਨਾਮ ਅਭਯਾਸ ਨਾਲ ਸੁਰਤ ਉਚੇ ਘਰਾਂ ਵਿਚ ਉਠੱਣ ਦੀ ਅਭਯਾਸੀ ਹੋਵੇ ਤਾਂ ਮਨ ਦਾ ਘਾਉ ਛੇਤੀ ਮਿਲ ਜਾਂਦਾ ਹੈ। ਅਸੀਂ ਨਾਮ ਜਪਣ ਆਏ ਹਾਂ "ਆਇਓ ਸੁਨਨ ਪੜਨ ਕਉ ਬਾਣੀ"। ਹੋਰ ਕਿੱਤੇ ਨਿਰਬਾਹ ਮਾਤ੍ਰ ਹਨ। ਜੇ ਨਜ਼ਰ ਇਸ ਗੱਲ ਉਤੇ ਰਹੇ ਤਾਂ ਏਹ ਵਿਛੋੜੇ ਦੁੱਖ ਨਹੀਂ ਦੇਂਦੇ, ਕਿਉਂਕਿ ਸਦਾ ਦੇ ਨਹੀਂ ਹਨ, "ਅਸਾਂ ਭਿ ਓਥੈ ਜਾਣਾ" ਹੁਕਮ ਹੈ। ਇਥੋਂ ਧੋਪ ਕੇ, ਸਵਰੀਜ ਕੇ, ਉਚੇ ਹੋ ਕੇ ਗਿਆਂ, ਓਥੇ ਸੁਖ ਹੈ, ਚਾਨਣਾ ਹੈ, ਰਸ ਹੈ, ਮਿਲਾਪ ਹੈ। ਇਥੋਂ ਮੈਲਿਆਂ ਗਿਆਂ ਓਥੇ ਹੁਮੱਸ ਤੇ ਵਿਛੋੜਾ ਹੈ। ਤਾਂਤੇ ਏਥੋਂ ਉਜੱਲ ਤੇ ਉਚੇ ਹੋ ਕੇ ਜਾਣਾ ਚਾਹੀਏ। ਵਿਯੋਗੀ ਸੱਟਾਂ ਵਿਚ ਮਨ ਹੇਠਾਂ ਆ ਕੇ ਬੇ-ਸਾਂਈਂ ਲੋਕਾਂ ਵਾਂਙੂ ਰੁੜ੍ਹ ਪੈਂਦਾ ਹੈ। ਚਾਹੀਦੇ ਕਿ ਮਨ ਨਾਲ ਲਗਾ ਰਹੇ: "ਏ ਮਨਾ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥ ਹਰਿ ਨਾਲ ਰਹੁ ਤੂੰ ਮੰਨ ਮੇਰੇ ਦੂਖ ਸਭਿ ਵਿਸਾਰਣਾ ॥" ਜੋ ਆਪਣੇ ਮਨ ਨੂੰ ਰੱਬ ਦੇ ਨਾਲ ਰੱਖਦਾ ਹੈ। ਭਾਵ ਨਾਮ ਚਿੰਤਨ ਵਿਚ ਰਹਿੰਦਾ ਹੈ, ਸੋ ਦੁਖ ਤੋਂ ਸੁਖ ਵਿਚ ਚੜ੍ਹਦਾ ਹੈ। ਸਦਾ ਮਨ ਨੂੰ ਨਾਮ ਵਿਚ ਰਖਣ ਦਾ ਜਤਨ ਜਾਰੀ ਰਹੇ, ਇਹ ਲੋਕ ਪ੍ਰਲੋਕ ਦਾ ਸੁਖਦਾਤਾ ਹੈ।

ਵਾਹਿਗੁਰੂ ਮੇਹਰ ਕਰੇ, ਨਾਮ ਬਖਸ਼ੇ, ਰਜ਼ਾ ਬਖ਼ਸ਼ੇ। ਬੱਚਿਆਂ ਦਾ ਆਉਣਾ ਜਾਣਾ ਗੁਰਸਿਖਾਂ ਦੇ ਆਉਣ ਵਾਂਙ ਹੈ। ਸਤਿਗੁਰ ਦੇ ਘੱਲੇ ਪ੍ਰਾਹੁਣੇ ਗੁਰਸਿਖ ਘਰ ਆਏ ਤੇ ਉਸ ਦੇ ਸੱਦੇ ਉਠ ਗਏ। ਆਪਣਾ ਮੋਹ ਮਾਇਆ ਨਾਲ ਜਿੰਨਾ ਪਏਗਾ ਉਨਾਂ ਦੁਖ ਹੋਏਗਾ। ਜਿੰਨਾ ਨਾਮ ਨਾਲ ਪਿਆਰ ਤੇ ਬਾਕੀ ਸੇਵਾ ਮਾਤ੍ਰ ਦਾ ਭਾਵ ਰਹਿ ਜਾਏਗਾ, ਉੱਨਾ ਸੁਖ ਰਹੇਗਾ।

ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤ ਇਹੁ ਮਨੁ ਤਨੁ ਧ੍ਰਪੀਐ ॥
ਜੋ ਹੋਆ ਹੋਵਤ ਸੋ ਜਾਨੈ ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥

ਇਹ ਮਾਰਗ ਸਿੱਖੀ ਦਾ ਹੈ।

—ਵੀਰ ਸਿੰਘ

੫੪

13-2-30

ਪਯਾਰੇ ਜੀਓ,

ਤੁਸਾਂ ਦਾ ਖਤ ਅੰਮ੍ਰਿਤਸਰੋਂ ਹੋ ਕੇ ਇਥੇ ਪੁਜਾ ਹੈ।

ਕਾਕੀ ਗੁਰਬਚਨ ਕੌਰ ਦੇ ਅਕਾਲ ਚਲਾਣੇ ਦੀ ਖਬਰ ਵਾਚੀ ਹੈ। ਮੈਂ ਅੰਮ੍ਰਿਤਸਰ ਹੁੰਦਿਆਂ ਬੀਬੀ ਦੀ ਬੀਮਾਰੀ ਦੀ ਕੋਈ ਖਬਰ ਨਹੀਂ ਸੁਣੀ। ਅਜ ਅਚਾਨਕ ਹੀ ਆਪ ਦੇ ਪਤ੍ਰ ਤੋਂ ਇਹ ਅਫਸੋਸਨਾਕ ਖਬਰ ਪਹੁੰਚੀ ਹੈ।

ਸਤਿਗੁਰ ਨਾਨਕ ਦੇਵ ਨੇ ਚਾਰ ਦੁਖ ਅਸਲ ਦੁਖ ਗਿਣੇ ਹਨ, ਇਨਾਂ ਵਿਚੋਂ ਇਕ ਦੁਖ ਵਿਛੋੜਾ ਹੈ। ਵਿਛੋੜਾ ਕਈ ਰੰਗਾਂ ਵਿਚ ਇਨਸਾਨ ਦੇ ਤਜਰਬੇ ਵਿਚ ਆਉਂਦਾ ਹੈ, ਪਰੰਤੂ ਔਲਾਦ ਵਿਚੋਂ ਕਿਸੇ ਦਾ ਵਿਛੋੜਾ ਬੜੀਆਂ ਕੋਮਲ ਦਿਲ-ਤਰਬਾਂ ਨੂੰ ਹਿਲਾਉਂਦਾ ਹੈ। ਮਿਤ੍ਰ ਸਜਨ, ਸੰਬੰਧੀ ਭਲਾ ਲੋਚਣ ਵਾਲੇ ਫਿਰ ਕਈ ਇਕ ਨੁਕਤਿਆਂ ਤੋਂ ਸਮਝੌਤੀਆਂ ਦੇਂਦੇ ਹਨ ਕਿ ਵਿਛੁੜੇ ਦਿਲਾਂ ਨੂੰ ਨਵੇਂ ਲਗੇ ਜਖਮ ਦੀ ਪੀੜਾ ਤੁਰਤ ਫੁਰਤ ਮਿਟ ਜਾਵੇ, ਪਰ ਥੋੜੇ ਚਿਰ ਲਈ ਕੁਛ ਕੁਛ ਠੰਡ ਜੇਹੀ ਭਾਸ ਕੇ ਫੇਰ ਉਹੋ ਦਿਲ-ਪੀੜਾ ਛਿੜ ਪੈਂਦੀ ਹੈ। ਕਾਰਣ ਇਹ ਹੁੰਦਾ ਹੈ ਕਿ ਘਾਉ ਕਿਸੇ ਹੋਰ ਥਾਂ 'ਤੇ ਲਗਦਾ ਹੈ ਤੇ ਦਾਰੂ ਓਸ ਤੋਂ ਉਰੇ ਉਰੇ ਪਹੁੰਚਦਾ ਹੈ ਓਥੇ ਦਾਰੂ ਦੇ ਪਹੁੰਚਣ ਵਿਚ ਸਮਾਂ ਲਗਦਾ ਹੈ। ਪਰੰਤੂ ਚਾਹੇ ਪਰਸਪਰ ਸਮਝਾਉਣਾ ਤਤਫਟ ਪਕਾ ਅਸਰ ਕਰਨ ਵਾਲਾ ਸਦੀਵ ਨਹੀਂ ਹੁੰਦਾ ਪਰ ਤਦ ਬੀ ਇਨਸਾਨ ਦਾ ਇਸਨਾਨ ਨਾਲ ਪੀੜਾ ਵੰਡਣ, ਠੰਡ ਪੁਚਾਉਣ ਤੇ ਰਾਹਤ ਦੇਣ ਲੈਣ ਦਾ ਵਸੀਲਾ ਬੀ ਸਿਵਾ ਲਿਖੀ ਯਾ ਬੋਲੀ ਜਾਣ ਵਾਲੀ ਸਮਝੌਤੀ ਤੇ ਖਯਾਲ-ਵਟਾਂਦਰੇ ਹੋਰ ਕੁਛ ਨਹੀਂ।

ਜੇ ਇਨਸਾਨ ਸਾਈਂ ਦੇ ਪਯਾਰ ਵਿਚ ਲਗ ਕੇ ਅੰਦਰ ਅਪਨੇ ਪਯਾਰ-ਲੂਵਾ ਬੰਨ੍ਹ ਚੁਕਾ ਹੋਵੇ ਤਾਂ ਹਰ ਸ਼ੈ ਨੂੰ ਫੇਰ ਓਸ ਨੁਕਤੇ ਤੋਂ ਵੇਖਦਾ ਹੈ ਤੇ ਆਪ ਇਕ ਉਚੇਰੇ ਟਿਕਾਣੇ ਤੇ ਹੋਣ ਕਰਕੇ ਵਿਸ਼ਾਲ ਦ੍ਰਿਸ਼ਟੀ ਵਿਚ ਸਾਰੀਆਂ ਹੋਣੀਆਂ ਨੂੰ ਵੇਖਦਾਂ ਹੈ। ਇਹ ਵਿਸ਼ਾਲ ਦ੍ਰਿਸ਼ਟੀ ਕੁਛ ਐਸੀ ਤਬਦੀਲੀ ਕਰ ਦੇਂਦੀ ਹੈ ਕਿ ਜੀਵ ਪੀੜਾ ਦੀਆਂ ਹੋਣੀਆਂ ਨੂੰ ਬੀ ਫੇਰ ਕਿਸੇ ਪਹਿਲੂ ਵਿਚ ਲੈਂਦਾ ਹੈ। ਜਿਵੇਂ ਪ੍ਰਸੂਤਾ ਆਪਣੀ ਪ੍ਰਸੂਤ ਪੀੜਾ ਨੂੰ ਕਿਸੇ ਹੋਰ ਨੁਕਤਾ ਨਿਗਾਹ ਨਾਲ ਵੇਖਦੀ ਹੈ ਤੇ ਸੂਰਮਾ ਆਪਣੇ ਘਾਂਵਾਂ ਦੀ ਦਰਦ ਨੂੰ ਕਿਸੇ ਹੋਰ ਨੁਕਤਾ ਨਿਗਾਹ ਤੋਂ ਵੇਖਦਾ ਹੈ। ਨੁਕਤਾ ਨਿਗਾਹ ਦੇ ਬਦਲਿਆਂ ਐਤਨੇ ਫਰਕ ਪੈ ਜਾਂਦੇ ਹਨ ਤੇ ਇਸਦੇ ਵਿਸ਼ਾਲ ਹੋ ਗਿਆ ਤਾਂ ਫੇਰ ਹੋਰ ਫਰਕ ਪੈ ਜਾਂਦਾ ਹੈ।

ਜ਼ਿੰਦਗੀ ਨੂੰ ਐਵੇਂ ਛਡ ਛਡਿਆਂ ਤਾਂ ਮਨ ਦੀਆਂ ਬ੍ਰਿਤੀਆਂ ਦੀ ਹਾਲਤ ਕਖਾਂ ਤੀਲਿਆਂ ਵਾਂਙੂ ਰਹਿੰਦੀ ਹੈ, ਜਿਧਰ ਦੇ ਬੁਲੇ ਆਏ ਓਧਰ ਲੈ ਗਏ ਤੇ ਜੇ ਜ਼ਿੰਦਗੀ ਨੇ ਲੁਟਾ

ਬੰਨ੍ਹ ਲਿਆ ਤੇ ਅੰਦਰ ਨਾਮ ਦਾ ਮੰਦਰ ਰਚ ਲਿਆ ਤਾਂ ਇਸ ਦੇ ਅੰਦਰ ਠਾਹਰ ਬੱਝ ਜਾਂਦੀ ਹੈ ਜਿਥੇ ਦੁਖਾਂ ਦਰਦਾਂ ਵੇਲੇ ਜਾ ਵੜਦਾ ਹੈ ਤੇ ਇਸ ਦੇ ਠੰਡਾਂ ਪਾਉਣ ਵਾਲੇ ਅਸਰਾਂ ਨਾਲ ਸ਼ਾਂਤੀ ਵਰਤਦੀ ਹੈ।

ਸਤਿਗੁਰੂ ਨੇ ਆਪਣੇ ਇਲਾਹੀ ਗਯਾਨ ਵਿਚ ਇਸ ਲੁਵੇ ਤੋਂ ਸਾਨੂੰ ਠੰਢਾਂ ਪਾਉਣ ਵਾਲੇ ਚੰਦਨ ਤੇ ਸੁਖ ਦੇਣ ਵਾਲੀਆਂ ਮਲਹਮਾਂ ਦੱਸੀਆਂ ਹਨ, ਇਸ ਜਗਤ ਨੂੰ ਕਰਤੇ ਦਾ ਖੇਲ ਦਸਿਆ ਹੈ ਤੇ ਜੀਵਾਂ ਦਾ ਏਥੇ ਹੋਣਾ ਉਨਾਂ ਦੀ ਉਨਤੀ ਹੋਣ ਅਰਥ ਆਖਿਆ ਹੈ ਤੇ ਪ੍ਰਯੋਜਨ ਇਹ ਦਸਿਆ ਹੈ ਕਿ ਅੰਤਰ ਆਤਮੇ ਅਪਣੇ ਆਪੇ ਦੇ ਨੁਕਤੇ ਤੇ ਖੜੋ ਕੇ ਜਗਤ ਦਾ ਆਧਾਰ ਜਗਤ ਦੇ ਕੇਂਦ੍ਰ ਦੀ ਦ੍ਰਿਸ਼ਟਾ ਪਖ ਵਿਚ ਟੇਕ ਲੈ ਕੇ ਟਿਕ ਜਾਣਾ ਹੈ, ਅਰਥਾਤ ਇਕ ਨੁਕਤੇ ਤੋਂ ਜੋ ਆਪੇ ਦਾ ਹੈ—ਹਉਮੈਂ ਨਹੀਂ—ਖੜੋ ਜਾਣਾ ਹੈ, ਤੇ ਵਰਤਾਰੇ ਵਿਚ ਜਗਤ ਦੇ ਜੀਵਾਂ ਨੂੰ ਕਰਤਾ ਪੁਰਖ ਦੇ ਬੱਚੇ ਬੱਚੀਆਂ ਸਮਝ ਕੇ ਸੁਹਣੀ ਬੁਧੀ ਤੇ ਦਰਯਾ ਦਿਲੀ ਨਾਲ ਦੁਖਾਂ ਦਰਦਾਂ ਵੇਲੇ ਸਹਾਯਤਾ ਦੇਣਾ ਹੈ ਇਹ ਅਮਲੀ ਧਰਮ ਜੀਵਨ ਵਿਚ ਜਿਸ ਦਾ ਇਕ ਪੱਖ ਸਾਖੀ ਪਖ ਯਾ ਦ੍ਰਿਸ਼ਟਾ ਪਹਿਲੂ ਵਿਚ (Subjective) ਹੈ ਜਿਥੇ ਕਿ ਇਸ ਦੇ ਆਪੇ ਨੂੰ ਟੇਕ ਮਿਲਦੀ ਹੈ ਇਸ ਦੇ ਟਿਕ ਕੇ ਦੂਸਰਾ ਅਮਲੀ ਪੱਖ ਇਸ ਨੂੰ ਦ੍ਰਿਸ਼ਟਮਾਨ ਵਿਚ ਉਪਕਾਰ ਤੇ ਨੇਕੀ ਦਾ ਜੀਵਨ ਬਸਰ ਕਰਨ ਦਾ ਮਿਲਦਾ ਹੈ । ਇਕ ਆਪ ਆਪੇ ਤੇ ਟਿਕਦਾ ਹੈ ਤੇ ਟਿਕਾਉ ਵੰਡਦਾ ਹੈ । ਜ਼ਖਮਾਂ ਤੇ ਮਲ੍ਹਮ ਲਾਉਂਦਾ ਹੈ ਤੇ ਪੀੜਾ ਹਰਦਾ ਹੈ ।

ਇਸ ਅਮਲੀ ਧਰਮ ਤੇ ਟੁਰਿਆਂ ਫਿਰ ਦੁਖਾਂ ਦਰਦਾਂ ਵੇਲੇ ਸਤਿਗੁਰੂ ਆਖਦੇ ਹਨ ਵਾਹਿਗੁਰੂ ਮਿਤ੍ਰ ਹੈ, ਉਸਦੇ ਘਲੇ ਦੁਖ ਸੁਖ ਤੇਰੇ ਕਿਸੇ ਭਲੇ ਲਈ ਹਨ, ਜੇ ਸਮਝ ਪੈਂਦੇ ਹਨ ਤਾ ਵਾਹ ਵਾਹ ਨਹੀਂ ਪੈਂਦੇ ਤਾਂ ਵਾਹ ਵਾਹ। ਤੂੰ ਭਾਣੇ ਤੇ ਸਾਕਾਰ ਹੋਣਾ ਹੈ ਤੇ ਚਿਤ ਨੂੰ ਡੁਲਾਉਣਾ ਨਹੀਂ, ਚਿਤ ਤਾਂ ਦੀਪ ਸ਼ਿਖਾ (ਦੀਵੇ ਦੀ ਲਾਟ) ਵਾਂਙੂ ਡੋਲਦਾ ਹੀ ਹੈ ਪਰ ਅਭਯਾਸੀ ਪੁਰਖ ਇਸ ਨੂੰ ਟਿਕਾਉਂਦਾ ਹੈ ਤੇ ਪ੍ਰਭੂ-ਪਿਆਰ ਵਿਚ ਸਿਧਿਆਂ ਕਰਦਾ ਹੈ, ਕਿਉਂਕਿ ਦੁਖਾਂ ਦਰਦਾਂ ਦੀਆਂ ਲਹਿਰ ਪਛਾੜਾਂ ਬਾਜੇ ਵੇਲੇ ਟਿਕ ਰਹੇ ਮਨਾਂ ਨੂੰ ਉਸ ਉਚੇ ਲੁਵੇ ਤੋਂ ਡੇਗ ਜਾਂਦੀਆਂ ਹਨ, ਜਿਸ ਤੇ ਫੇਰ ਚੜ੍ਹਨਾ ਕਠਨ ਹੋ ਜਾਂਦਾ ਹੈ। ਇਸ ਲਈ ਮਨ ਨੂੰ ਕਿਸੇ ਲੁਵੇ ਤੇ ਟਿਕਾ ਲੈਣ ਵਾਲੇ ਹਰ ਦੁਖ ਦਰਦ ਵੇਲੇ ਪਹਿਲੇ ਇਸ ਫਿਕਰ ਵਿਚ ਲਗਦੇ ਹਨ:—ਮਨ ਕਿਤੇ ਇਸ ਨੁਕਤੇ ਤੋਂ ਉਖੜ ਨਾ ਜਾਵੇ । ਇਸ ਜਤਨ ਵਿਚ ਗੁਰਬਾਣੀ ਸਭ ਤੋਂ ਵਧ ਕੇ ਸਹਾਯਤਾ ਕਰਦੀ ਹੈ। ਦੂਸਰੇ ਅੰਦਰ ਜੋ ਵਿਛੁੜੇ ਪਯਾਰੇ ਨਾਲ ਮੋਹ ਹੁੰਦਾ ਹੈ ਉਸ ਨੂੰ ਸੁਖਦਾਯਕ ਪੈਂਦਾ ਹੈ ਤੇ ਅੰਦਰ ਗਡੀਆਂ ਤਣਾਵਾਂ ਉਸ ਦੀ ਸ਼ਖਸੀਅਤ ਵਲ ਧੂਹ ਖਾਂਦੀਆਂ ਹਨ—ਉਸ ਵੇਲੇ ਗੁਰਮਤਿ ਦਸਦੀ ਹੈ ਕਿ ਬਿਹਬਲ ਹੋ ਕੇ ਗ਼ਮ ਦੀਆਂ ਨਸ਼ਤਰਾਂ ਨੂੰ ਤ੍ਰਿੱਖਿਆਂ ਨ ਕਰੋ, ਉਸ ਚਿਤ ਦੀ ਦ੍ਰਿਵਣਤਾ ਦਾ ਲਾਭ ਉਠਾਓ, ਇਕ ਅਪਣੇ ਲਈ ਇਕ ਵਿਛੜੇ ਪਿਆਰੇ ਲਈ। ਆਪਣੇ ਲਈ ਤਾਂ ਇਹ ਹੈ ਕਿ ਉਸ ਵੇਲੇ ਅਰਦਾਸ ਵਿਚ ਜਾਓ ਕਿ ਪਾਤਸ਼ਾਹ ਅਸਾਂ ਆਪ ਤੋਂ ਵਿਛੜ ਕੇ ਦੁਖ ਪਾਏ ਹਨ, ਅਸਾਂ ਨੂੰ ਆਪਣੇ ਨਾਲ ਪ੍ਰੋ ਲਓ, ਸਾਨੂੰ ਤੁਸੀਂ ਸਦਾ ਥਿਰ ਦਿਸ ਪਓ ਤੇ ਤੁਸਾਂ ਨਾਲ ਪ੍ਰੇਮ ਗਡ ਜਾਵੇ। ਇਸ ਤਰ੍ਹਾਂ ਦੇ ਕੋਮਲ ਹੋਏ ਚਿਤ ਦੀ ਅਰਦਾਸ ਵਧੇਰਾ ਅਸਰ ਕਰਦੀ ਹੈ। ਟੁਟ ਗਏ ਪਿਆਰੇ ਲਈ ਇਸ ਪਿਆਰ ਦੀ ਖਿਚ ਦਾ ਇਹ ਲਾਭ ਉਠਾਓ ਕਿ ਉਸ ਦੇ ਗੁਣ ਤੇ ਮਨਮੋਹਨ

ਗੱਲਾਂ ਯਾਦ ਕਰਦੇ ਨੈਣ ਫੁਹਾਰਿਆਂ ਨੂੰ ਨਦੀਆਂ ਦੇ ਸੋਮ ਨ ਬਨਾਓ ਸਗੋਂ ਇਹ ਸੋਚੋ ਕਿ ਹੁਣ ਜਿਸ ਹਾਲ, ਜਿਸ ਅਵਸਥਾ ਵਿਚ ਉਹ ਹੈ, ਅਸੀਂ ਉਸ ਲਈ ਕੀਹ ਕਰ ਸਕਦੇ ਹਾਂ, ਸੋ ਗੁਰਮਤ ਸਾਨੂੰ ਦਸਦੀ ਹੈ :

ਮੈ ਪਿਛੈ ਕੀਰਤਨੁ ਕਰਿਆਹੁ ਨਿਰਬਾਣੁ ਜੀਉ ॥ (ਰਾਮ: ਸਦ—5)

ਸੋ ਗੁਰਬਾਣੀ ਦੇ ਪਾਠ ਤੇ ਕੀਰਤਨ ਦਾ ਮੰਡਲ ਰਚ ਦੇਈਏ, ਇਹ ਇਕ ਅਰਦਾਸ ਹੋਵੇਗੀ, ਪ੍ਰਾਣੀ ਦੇ ਭਲੇ ਲਈ, ਅਰਦਾਸ ਭਾਵਪੂਰਕ ਗੈਬ ਦੀ ਵਸਤੂ ਹੈ ਜਿਸ ਨੂੰ ਪਿਆਰ ਭਾਵ ਦੀ ਤੀਖਣਤਾ ਦੇ ਖੰਭ ਲਗ ਜਾਂਦੇ ਹਨ, ਇਹ ਹਰ ਮੰਡਲ ਨੂੰ ਚੀਰ ਕੇ ਦੂਰ ਤੋਂ ਦੂਰ ਟਿਕਾਣਿਆਂ ਤੇ ਪਹੁੰਚ ਰਖਦੀ ਹੈ, ਸੋ ਇਸ ਤਰ੍ਹਾਂ ਬਿਰਹੇ ਕਰਨੇ ਦੀ ਥਾਂ ਵਿਛੁੜੇ ਪਯਾਰੇ ਨੂੰ ਉਸੀ ਤਰ੍ਹਾਂ ਪਯਾਰ ਕਰਦੇ ਹਾਂ ਜਿਸ ਤਰ੍ਹਾਂ ਕਿ ਜਿਉਂਦਿਆਂ ਕਰਦੇ ਸਾਂ ਅਰਥਾਤ ਪਾਠ ਤੇ ਅਰਦਾਸ ।

ਏਹ ਅਮਲੀ ਗੱਲਾਂ ਸਤਿਗੁਰਾਂ ਦੇ ਘਰ ਵਿਚ ਹਨ । ਤੁਸੀਂ ਗੁਰੂ ਦੀ ਟੇਕ ਵਾਲੇ ਹੋ, ਪਾਠ ਕਰ ਕਰਾ ਰਹੇ ਹੋ, ਸੁਣ ਰਹੇ ਤੇ ਲਾਭ ਉਠਾ ਰਹੇ । ਇਸ ਪਾਸੇ ਲਗੋ, ਲਛਮੀ ਜੀ ਤੇ ਸਾਰੇ ਪਰਵਾਰ ਨੂੰ ਏਸੇ ਪਾਸੇ ਲਾਓ, ਅਸਲੀ ਠੰਢਾਂ ਇਸੇ ਪਾਸੇ ਹਨ, ਸਿਦਕ ਦੇ ਬੇੜੇ ਪਾਰ ਹਨ, ਸਿਦਕ **Blind faith** ਨਹੀਂ, ਇਹ ਇਕੁਰ ਦੀ ਸ਼ੈ ਹੈ, ਜਿਕੁਰ ਯੂਕਲਿਡ ਦੇ ਪਾਠਕ ਨੂੰ ਪਹਿਲਾਂ **Axiom ਮੰਨ** ਕੇ ਟੁਰਨਾ ਪੈਂਦਾ ਹੈ, ਨਹੀਂ ਤਾਂ ਉਸ ਵਿਦਯਾ ਨੂੰ ਪ੍ਰਾਪਤ ਨਹੀਂ ਕਰ ਸਕਦਾ । 'ਵਾਹਿਗੁਰੂ' ਹੈ ਤੇ ਪਯਾਰ ਪੁੰਜ ਹੈ, ਇਹ **Axiom ਵਾਂਙੂ ਅੰਦਰ ਬੰਨ੍ਹ** ਕੇ ਟੁਰੀਏ ਤਾਂ ਫਿਰ ਅਗੇ ਚਲ ਕੇ ਨਾਮ ਅਭਯਾਸ ਦੁਆਰਾ ਦਿਲ ਨੂੰ ਆਧਾਰ ਮਿਲਦਾ ਹੈ ਤੇ ਮਨ ਤ੍ਰਿਸ਼ਾਲ ਹੋ ਜਾਂਦਾ ਹੈ, ਫਿਰ ਦ੍ਰਿਸ਼ਟਾ ਪਖ ਵਿਚ ਤਜਰਬੇ ਹੋਣ ਲਗ ਜਾਂਦੇ ਹਨ ਤੇ ਮਤ ਦੇ ਨੁਕਤਾ ਖਿਆਲ ਬਦਲਦੇ ਨਜ਼ਰ ਪੈਂਦੇ ਹਨ ਤੇ ਉਨ੍ਹਾਂ ਨਾਲ ਫੇਰ ਚਿਤ ਅਮਲੀ ਤੇ ਤਜ਼ਰਬੇ ਵਿਚ ਆ ਜਾਣ ਵਾਲਾ ਸੁਖ ਪ੍ਰਤੀਤ ਕਰਦਾ ਹੈ । ਸੋ ਹੁਣ ਉਦਾਸ ਨ ਹੋਵੋ ਜੇ ਮਨ ਦ੍ਰਵੇ ਤਾਂ ਅਪਨੀ ਕਲਯਾਨ ਲਈ ਆਪਣੇ ਆਪ ਉਚਿਆਂ ਕਰਨ ਲਈ ਅਰਦਾਸ ਵਿਚ ਲਗ ਜਾਓ ।

ਗਰਭ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਹਿ ॥

(ਕਾਨੜਾ ਮਹਲਾ 5—19)

ਫੇਰ ਅਰਦਾਸ ਕਰੋ :

ਕਹੁ ਨਾਨਕ ਸਗਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ ॥

(ਬਿਲਾਵਲ ਮ: 5—34)

ਦੇ ਫੇਰ

ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥

(ਗਉੜੀ ਬਾਵ : ਅਖਰੀ—55

ਇਹ ਦਾਨ ਮੰਗਦਿਆਂ ਮਨ ਦੀ ਦ੍ਰਵਣਤਾ ਸਫਲ ਹੋਵੇਗੀ ਤੇ ਵਾਹਿਗੁਰੂ ਦੇ ਸਿਮਰਨ ਦਾ ਰੌ ਸੁਖੈਨ ਫੁਰੇਗਾ । ਦੂਸਰੇ ਕਾਕੀ ਜੀ ਲਈ ਪਾਠ ਅਰਦਾਸ ਕੀਰਤਨ ਹੋਣ ਜਿਨ੍ਹਾਂ ਨਾਲ

ਉਸ ਨੂੰ ਸੁਖ ਮਿਲੇ ਤੇ ਸੁਣਨ ਵਾਲਿਆਂ ਨੂੰ ਲਾਭ ਅੱਪੜੇ । ਹੋ ਜੋ ਕਛ ਰਿਹਾ ਹੈ ਸਾਡੇ ਵਸੋਂ ਬਾਹਰ ਹੈ, ਅਸੀਂ ਸਾਰਾ ਮਾਨੁਖੀ ਜ਼ੋਰ ਲਾ ਲੈਂਦੇ ਹਾਂ ਫੇਰ ਭੀ ਹੋਣਹਾਰ ਹੋ ਜਾਂਦਾ ਹੈ, ਤਾਂ ਤੇ ਜੋ ਵਸੋਂ ਬਾਹਰ ਹੈ ਉਸ ਲਈ ਮਨ ਨੂੰ ਕਸ਼ਟ ਦੇਣ ਦਾ ਕੀਹ ਗੁਣ, ਮਨ ਉਚਿਆਂ ਕਰਕੇ ਆਪਣੇ ਜੀਵਨ ਨੂੰ ਸਫਲਾ ਕਰਨਾ ਚਾਹੀਏ । ਵਿਛੁੜੇ ਪਯਾਰੇ ਨੂੰ ਕੀਰਤਨ ਦੀ ਪਯਾਰ ਭਰੀ ਸੁਗਾਤ ਪਹੁਚਾਈਏ ।

ਗੁਰੂ ਆਪ ਦਾ ਤੇ ਪਰਵਾਰ ਦਾਂ ਇਸ ਵਿਛੋੜੇ ਵਿਚ ਸਹਾਈ ਹੋਵੇ । ਦਿਲ ਉਚਾ ਸੁਚਾ ਹੋਵੇ, ਸਾਈਂ ਦੀ ਯਾਦ ਨਾਲ ਪ੍ਰੋ ਹੋ ਜਾਏ । ਤੁਸਾਂ ਦੀ ਸਮਝ ਬੰਦਗੀ ਵਿਚ ਉੱਜਲ ਹੋਵੇ ਤੇ. ਇਸ ਉੱਜਲ ਪਦਾਰਥ ਤੋਂ ਜਗਤ ਪੀੜਾ ਘਟਣ ਵਿਚ ਵੱਧ ਤੋਂ ਵੱਧ ਸਹਾਯਤਾ ਮਿਲੇ ।

ਕਲਗੀਆਂ ਵਾਲੇ ਨੇ ਸਾਨੂੰ ਕਰਮ ਵਿਚ ਨਿਸ਼ਕਰਮ ਕੀਤਾ ਹੈ । ਆਖਿਆ ਹੈ ਤਯਾਗ ਵਿਚ ਨਾ ਜਾਓ, ਕਰਮ ਕਰੋ ਤੇ ਫੇਰ ਕਰਦੇ ਹੋਏ ਅੰਦਰੋਂ ਸਾਈਂ ਨਾਲ ਲਗੇ ਰਹੋ, ਇਹ ਅੰਦਰੋਂ ਲਗੇ ਰਹਿਣਾ ਨਿਸ਼ਕਰਮ ਹੋਣਾ ਹੈ ਅਕ੍ਰੈ ਹੋਣਾ ਹੈ, ਜੁੜ ਜਾਣ ਦੀ ਅਵਸਥਾਂ ਮਾਨੋ ਇਕ ਅਕ੍ਰੈ ਅਵਸਥਾ ਹੈ, ਨਾਮ ਜਪਣਾ ਇਸ ਦਾ ਸਾਧਨ ਹੈ, ਜਗਤ ਵਿਚ ਭਲਾ ਕਰਨਾ ਇਹ ਕਰਮ ਕਰਨਾ ਹੈ । ਭਲਾ ਕਰਕੇ ਇਸ ਵਿਚ ਫਲ ਦੀ ਵਾਸ਼ਨਾ ਤਯਾਗਣੀ ਇਹ ਕਰਮ ਦੀ ਸਫਲਤਾ ਹੈ ।

ਗੁਰੂ ਸਿਖੀ ਸਿਦਕ ਭਰੋਸਾ ਤੇ ਨਾਮ ਬਖਸ਼ੇ ।

—ਵੀਰ ਸਿੰਘ

੫੫

18-2-30

ਪਯਾਰੇ ਜੀਓ,

ਪਤਾ ਲਗਾ ਸੀ ਕਿ ਆਪਦੇ ਬਜ਼ੁਰਗ ਮਾਤਾ ਜੀ ਚਲਾਣਾ ਕਰ ਗਏ ਹਨ । ਆਪ ਸਿਆਣੇ ਤੇ ਗੁਰਮੁਖ ਹੋ ਪਰ ਮਾਵਾਂ ਠੰਡੀਆਂ ਛਾਵਾਂ ਦਾ ਵਿਛੋੜਾ ਕਿਸੇ ਉਮਰੇ ਬੀ ਸਹਾਰਨਾ ਉਖੇਰਾ ਹੁੰਦਾ ਹੈ । ਮਾਂ ਦਾ ਪਯਾਰ ਜਗਤ ਵਿਚ ਫੇਰ ਹੋਰ ਕਿਸੇ ਚਸ਼ਮੇ ਤੋਂ ਮਿਲ ਨਹੀਂ ਸਕਦਾ, ਪਰ ਹੁਕਮ ਅਜ਼ਲੀ ਇਹ ਹੈ ਕਿ ਉਪਜਣ ਲਈ ਬਿਨਸਨ ਤੇ ਬਿਨਸਨ ਲਈ ਉਪਜਣ ਲਾਜ਼ਮੀ ਠਹਿਰਾਏ ਗਏ ਹਨ । ਇਸ ਕਰ ਕੇ ਇਸ ਨੂੰ ਦਿਲੀ ਖੋੜੇ ਨਾਲ ਝੱਲਣਾ ਤੇ ਐਉਂ ਮਨੋ ਮਨ ਸਮਾਉਣਾ ਚਾਹੀਏ ਕਿ ਸਾਡੀ ਮਰਜ਼ੀ ਰਜ਼ਾ ਦੀ ਤਾਰ ਨਾਲੋਂ ਬੇਸੁਰੀ ਨਾ ਹੋਵੇ ਜੋ ਸਾਡੇ ਮਨ ਦਾ ਸੰਗੀਤ ਕਦੇ ਬੇਸੁਰਾ ਹੋ ਕੇ ਨਾ ਵੱਜੇ । ਸਾਈਂ ਨਾਲ ਮਨ ਦਾ ਇਕ ਸਵਰ ਹੋਏ ਰਹਿਣਾ ਹੀ ਜੀਵਨ ਦਾ ਆਧਾਰ ਹੈ । ਹਾਂ ਇਸ ਤਰ੍ਹਾਂ ਦੇ ਵਿਛੋੜਿਆਂ ਵੇਲੇ ਭੁਲ ਅਸਾਂ ਤੇ ਪਈ ਹੋਵੇ ਤਾਂ ਉਸ ਦਾ ਉਹਲਾ ਟੁਟ ਕੇ ਇਕ ਵੇਰੀ ਮਨ ਸਚਾਈ ਦੇ ਸਾਹਮਣੇ ਬੇਨਕਾਬ ਜਾ ਖੜੋਂਦਾ ਹੈ ਤੇ ਵੇਖ ਲੈਂਦਾ ਹੈ ਕਿ ਜੀਵਨ ਦਾ ਅਟਲ ਅੰਤ ਇਹ ਹੈ, ਓਹ ਵੇਲਾ ਹੀ ਹੋਂਦਾ ਹੈ ਕਿ ਜੀਵਨ ਦੇ ਪ੍ਰਯੋਜਨ ਨੂੰ ਸਮਝੇ ।

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ (ਸਿਰੀ ਰਾਗ ਮ: 5—13)

ਇਹ **ਸਮਝ** ਕੇ ਸਿਮਰਨ ਵਿਚ ਤਕੜੇ ਹੋਵੋ, ਸਿਮਰਨ ਹੈ ਜਿਸ ਨਾਲ ਵਾਹਿਗੁਰੂ ਜੀ ਦੀ ਹੋਂਦ ਅੰਦਰ ਦ੍ਰਿੜ੍ਹ ਹੁੰਦੀ ਹੈ। ਸਾਨੂੰ ਹਰ ਛਿਨ ਪਤਾ ਹੈ ਕਿ ਅਸੀਂ ਜੀਉਂਦੇ ਹਾਂ, ਅਸੀਂ ਹਾਂ, ਤਿਵੇਂ ਸਿਮਰਨ ਨਾਲ ਅਸੀਂ ਅੰਤ ਏਥੇ ਅੱਪੜਦੇ ਹਾਂ ਕਿ ਸਾਈਂ ਹੈ, ਅਰ ਸਾਡੀ ਯਾਦ ਵਿਚ ਵਸ ਕੇ ਸਾਡੇ ਨੇੜੇ ਤੋਂ ਨੇੜੇ ਹੈ, ਇਸ਼ ਪਰਥਾਇ ਦਾਤਾ ਜੀ ਦਾ ਵਾਕ ਹੈ:—

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ (ਸੁਖਮਨੀ 18—2)

ਸੋ ਵਾਹਿਗੁਰੂ ਜੀ ਦੇ ਸਿਮਰਨ ਵਿਚ ਰਹੋ, ਭੁਲ ਪਵੇ ਤਾਂ ਦੂਰ ਕਰੋ, ਸਦਾ ਯਾਦ ਵਿਚ ਵਸੋ ਜੋ ਜੀਵਨ ਦਾ ਸੰਗੀਤ ਮਨ ਨੂੰ ਸਦਾ ਰੰਗ ਵਿਚ ਰਖੇ ਤੇ ਹੁਣਹਾਰ ਤੇ ਵਾਕਿਆ ਵਾਪਰੇ ਤੇ ਇਲਾਹੀ ਤਾਰ ਨਾਲ ਮਨੁ ਇਕ ਸਦਾ ਸਵਰ ਹਹਿ ਕੇ ਸੁਖੀ ਰਹੇ । ਮੇਰੀ ਦਿਲੀ ਹਮਦਰਦੀ ਸਾਰਿਆਂ ਨਾਲ ਹੈ ਤੇ ਅਸੀਸ ਹੈ ਵਾਹਿਗੁਰੂ ਜੀ ਵਿਛੜੀ ਰੂਹ ਤੇ ਰਹਿਮਤ ਦੀ ਛਾਯਾ ਪਾਵੇ ਤੇ ਸਾਰਿਆਂ ਨੂੰ ਸਿਮਰਨ ਦੀ ਡੋਰ ਨਾਲ ਚਰਨਾਂ ਨਾਲ ਲਾਈ ਰਖੇ ।

—ਵੀਰ ਸਿੰਘ

੫੬

13-2-30

ਪਯਾਰੇ ਜੀਓ,

ਆਪ ਦਾ ਪਤ੍ਰ ਮੈਨੂੰ ਮਿਲ ਗਿਆ ਸੀ, ਉਸ ਵਿਚ ਛਪੇ ਹੋਏ ਪ੍ਰੜ੍ਹੇ ਤੋਂ ਸਗਯਾਤ ਨਾ ਹੋਣ ਕਰਕੇ ਪਹਿਲਾਂ ਤਾ ਮੈਂ ਕੁਛ ਤਅੱਜੁਬ ਵਿਚ ਰਿਹਾ ਧਰ ਫੇਰ ਭਾਈ ਸੰਤ ਸਿੰਘ ਜੀ ਆ ਗਏ ਤਾਂ ਸਾਰਾ ਥਹੁ ਪੈ ਗਿਆ ।

ਆਪ ਦੇ ਬਜ਼ੁਰਗ ਪਿਤਾ ਜੀ ਦੇ ਚਲਾਣੇ ਦਾ ਬਹੁਤ ਮੰਦਾ ਲਗਾ ਕਿ ਆਪ ਨੂੰ ਇਕ ਉਸ ਸਾਏ ਦਾ ਵਿਛੋੜਾ ਹੋਇਆ ਹੈ ਕਿ ਜਿਸ ਠੰਡੀ ਛਾਂ ਦੀ ਛਾਵੇਂ ਹੋਰ ਕੋਈ ਛਾਂ ਨਹੀਂ ਆ ਸਕਦੀ, ਤੇ ਜਿੰਨੀ ਵਡੇਰੀ ਇਹ ਛਾਂ ਹੁੰਦੀ ਹੈ ਉਤਨੀ ਹੀ ਸੰਘਣੀ ਮਿਠੀ ਤੇ ਠੰਡੀ ਹੁੰਦੀ ਹੈ । ਪਰੰਤੂ ਜਗਤ ਚਲਦੀ ਸਰਾਂ ਹੈ ਤੇ ਜੋ ਉਪਜਿਆ ਹੈ ਉਸ ਦਾ ਬਿਨਸਣਾ ਉਸ ਦੇ ਹੋਣ ਦਾ ਦੂਸਰਾ ਪਹਿਲੂ ਹੈ ਤੇ ਅਮਰ ਅਟਲ ਹੈ । ਇਸ ਕਰਕੇ ਉਸ ਨੂੰ ਖਿੜੇ ਦਿਲ ਝਲਣਾ ਸਾਡਾ ਧਰਮ ਹੈ, ਜਦ ਸਤਿਗੁਰ ਜੀ ਫੁਰਮਾਉਂਦੇ ਹਨ ਜੋ ਕੁਛ ਹੁੰਦਾ ਹੈ ਹੁਕਮ ਹੈ ਤੇ :

ਤਿਸਕਾ ਹੁਕਮੁ ਬੂਝਿ ਸੁਖੁ ਹੋਇ ॥ (ਸੁਖਮਨੀ 14—1)

ਦੀ ਤੁਕ ਵਿਚ ਸੁਖ ਦਾ ਰਸਤਾ ਦਸਦੇ ਹਨ ਐਸੇ ਵਿਛੋੜੇ ਨੂੰ ਬੀ ਰਜ਼ਾ ਸਮਝ ਕੇ ਅਪਣੀ ਮਰਜ਼ੀ ਨੂੰ ਉਸ ਨਾਲ ਇਕ ਸਵਰ ਰਖਣਾ ਚਾਹੀਏ ਜੋ ਆਪਣੇ ਜੀਵਨ ਦਾ ਸੰਗੀਤ ਕਦੇ ਬੇਸੁਰਾ ਨਾ ਹੋਵੇ, ਅਸਾਂ ਬੀ ਉਸੇ ਰਾਹੇ ਟੁਰਨਾ ਹੈ ਜਿਸ ਰਾਹੇ ਉਹ ਗਏ ਹਨ; ਤਾਂ ਤੇ ਸਾਨੂੰ ਬੀ ਆਪਣੀ 'ਨ ਤਿਆਰੀ' ਉਤੇ ਸ਼ੋਕ ਕਰਨਾ ਤਾਂ ਬਣਦਾ ਹੈ ਪਰ ਉਹ ਸ਼ੋਕ 'ਸਦਾ ਤਯਾਰ ਰਹਿਣ' ਦੀ ਹਿੰਮਤ ਵਿਚ ਬਦਲਨਾ ਚਾਹੀਦਾ ਹੈ—ਜਿਸ ਵੇਲੇ ਮੈਨੂੰ ਇਹ ਦਸਿਆ ਗਿਆ ਕਿ ਆਪਦੇ ਪਿਤਾ ਜੀ ਨੂੰ ਗੁਰਸਿਖੀ ਨਾਲ ਪਿਆਰ ਬਹੁਤ ਹੀ ਸੀ ਤਾਂ ਚਿਤ ਵਿਚ ਇਹ ਚਾਹ ਉਪਜੀ ਕਿ ਆਪ ਨੂੰ ਜਿਵੇਂ ਪੰਥ ਸੇਵਾ ਨਾਲ ਪਿਆਰ ਸਾਰੀ ਉਮਰ ਰਿਹਾ ਹੈ ਹੁਣ 'ਨਾਮ' ਨਾਲ ਨੇਹੁ ਲਗੇ, ਜੀਵਨ ਦੇ ਬਾਕੀ ਬਖਸ਼ੇ ਦਿਨ ਸਾਈਂ ਸਿਮਰਨ ਵਿਚ ਗੁਜ਼ਾਰੋ ਤਾਂ ਜੋ ਮਨੁੱਖਾ ਜਨਮ ਤੇ ਸਿੱਖ ਗ੍ਰਿਹ ਵਿਚ ਆਗਮਨ ਸਫਲ ਹੋ ਜਾਣ ।

ਮੇਰੀ ਦਿਲੀ ਹਮਦਰਦੀ ਸਾਰੇ ਪਰਵਾਰ ਨਾਲ ਹੈ ਤੇ ਅਸੀਸ ਹੈ ਕਿ ਮਿਹਰਾਂ ਦਾ ਦਾਤਾ ਤੁਸਾਂ ਨੂੰ ਨਾਮ ਦੀ ਦਾਤ ਬਖਸ਼ੇ ਤੇ ਅਪਨੇ ਹੋਰ ਨੇੜੇ ਕਰਕੇ ਲੋਕ ਵਿਚ ਗੁਰਮੁਖ ਜੀਵਨ ਦੀ ਦਾਤ ਦੇਵੇ ।

—ਵੀਰ ਸਿੰਘ

੫੭

22-2-32

ਸ੍ਰੀ ਮਾਨ ਭਾਈ ਸਾਹਿਬ ਜੀ,

ਮੈਨੂੰ ਸ੍ਰੀ ਅੰਮ੍ਰਿਤਸਰ ਜੀ ਤੋਂ ਭਾਈ ਇੰਦਰ ਸਿੰਘ ਜੀ ਦਾ ਖਤ ਆਇਆ ਹੈ ਜਿਸ ਵਿਚ ਉਨ੍ਹਾਂ ਨੇ ਬੜੀ ਅਫਸੋਸਨਾਕ ਖਬਰ ਸ੍ਰੀਮਾਨ ਭਾਈ ਰਾਮ ਸਿੰਘ ਜੀ ਦੇ ਅਕਾਲ ਚਲਾਣੇ ਦੀ ਲਿਖੀ ਹੈ। ਭਾਈ ਰਾਮ ਸਿੰਘ ਜੀ ਬੜੇ ਗੁਰਮੁਖ ਸਿੰਘ ਸੇ ਅਰ ਬੜਾ ਅੱਛਾ ਸਿਖੀ ਜੀਵਨ ਬਸਰ ਕਰਦੇ ਸੇ, ਐਸੇ ਗੁਰਮੁਖਾਂ ਦਾ ਵਿਛੋੜਾ ਬੜਾ ਦੁਖਦਾਈ ਤੇ ਪਰਵਾਰ ਤੇ ਪੰਥ ਲਈ ਦੁਖ ਦਾ ਕਾਰਣ ਹੁੰਦਾ ਹੈ। ਇਸ ਵਿਯੋਗ ਵਿਚ ਆਪ ਦੇ ਅਰ ਆਪਦੇ ਪਰਵਾਰ ਨਾਲ ਮੇਰੀ ਦਿਲੀ ਹਮਦਰਦੀ ਹੈ। ਵਾਹਿਗੁਰੂ ਜੀ ਦੀ ਮੇਹਰ ਨਾਲ ਆਪ ਗੁਰੂ ਕੇ ਪਿਆਰੇ ਹੋ, ਐਸੇ ਵਿਛੋੜੇ ਬੜੇ ਦੁਖਦਾਈ ਹੁੰਦੇ ਹਨ, ਪਰ ਏਹ ਸਾਰਾ ਕੁਛ ਹੁਕਮ ਵਿਚ ਵਰਤਦਾ ਹੈ। ਹੁਕਮ ਕਰਤਾਰ ਜੀ ਦਾ ਅਟਲ ਹੈ ਤੇ ਸਚੇ ਪਾਤਸ਼ਾਹ ਨੂੰ ਵਾਹਿਗੁਰੂ ਜੀ ਨੂੰ ਪਰਮ ਪਿਆਰਾ ਮਿਤ੍ਰ ਮੰਨ, ਮਾਤਾ ਪਿਤਾ ਰਖਵਾਲਾ ਤੇ ਆਸਰਾ ਪਰਨਾ ਲਿਖਿਆ ਹੈ, ਜੋ ਕੁਛ ਮਿਤ੍ਰ ਵਲੋਂ ਹੁੰਦਾ ਹੈ ਮਿਠਾ ਕਰਕੇ ਮੰਨਣੇ ਦੀ ਆਗਿਆ ਹੈ। ਅਸੀਂ ਭਾਣੇ ਦੀ ਝਾਲ ਨਹੀਂ ਝਲ ਸਕਦੇ, ਪਰ ਉਹ ਦਾਤਾ ਆਪ ਅੰਦਰ ਆ ਕੇ ਭਾਣੇ ਮਿੱਠੇ ਲਵਾਉਂਦਾ ਹੈ। ਨਾਮ ਦੇ ਪਿਆਰੇ ਤੇ ਗੁਰਬਾਣੀ ਦੇ ਅਭਯਾਸੀ ਗੁਰਬਾਣੀ ਵਿਚ ਆਸਰਾ ਟੋਲਦੇ ਹਨ ਕਿ ਓਥੇ ਸਚੇ ਪਾਤਸ਼ਾਹ ਹੁਕਮ ਕਰਦੇ ਹਨ :—

ਬਾਰਬਾਰ ਬਾਰ ਪ੍ਰਭ ਜਪੀਐ। ਪੀ ਅੰਮ੍ਰਿਤ ਇਹ ਮਨ ਤਨ ਧ੍ਰਪੀਐ ॥
ਜੋ ਹੋਆ ਹੋਵਤ ਸੋ ਜਾਨੈ। ਪ੍ਰਭ ਅਪਨੇ ਕਾ ਹੁਕਮ ਪਛਾਨੈ।

ਫਿਰ ਲਿਖਦੇ ਹਨ :

ਤਿਸਕਾ ਹੁਕਮ ਬੂਝ ਸੁਖ ਹੋਇ ॥

ਸੋ ਗੁਰਸਿਖੀ ਵਿਚ ਇਹੋ ਆਗਿਆ ਹੈ ਕਿ 'ਤੇਰਾ ਭਾਣਾ ਮੀਠਾ ਲਾਗੈ ॥
ਨਾਮ ਪਦਾਰਥ ਨਾਨਕ ਮਾਂਗੈ' ॥

ਗੁਰੂ ਸਚਾ ਪਾਤਸ਼ਾਹ ਆਪ ਨੂੰ ਘਰ ਸਾਰੇ ਪਰਵਾਰ ਨੂੰ ਭਾਣਾ ਮੰਨਣ ਦੀ ਦਾਤ ਤੇ ਸਿਖੀ ਸਿਦਕ ਬਖਸ਼ੇ ਤੇ ਭਾਈ ਰਾਮ ਸਿੰਘ ਜੀ ਦੀ ਆਤਮਾ ਨੂੰ ਅਪਨੇ ਚਰਨਾਂ ਕਵਲਾਂ ਦਾ ਨਿਵਾਸ ਬਖਸ਼ ਕੈ ਅਰਸ਼ਾਂ ਦੇ ਸੁਖ ਵਿਚ ਰਖੇ।

—ਵੀਰ ਸਿੰਘ

ਪ੮

1-6-32

ਪਿਆਰੇ ਜੀਓ,

ਪਯਾਰੇ ਡਾਕਟਰ ਪ੍ਰੇਮ ਸਿੰਘ ਜੀ ਦੇ ਅਕਾਲ ਵਿਛੌੜੇ ਦੀ ਤਾਰ ਆਪ ਵਲੋਂ ਪੁਜ ਗਈ ਸੀ ਤੇ ਪਤ੍ਰ ਬੀ ਮਿਲ ਗਿਆ ਸੀ, ਆਸ ਹੈ ਮੇਰੀ ਬੀ ਪੁਜ ਗਈ ਹੋਸੀ। ਰੋਜ ਚਿਤ ਚਾਂਹਦਾ ਰਿਹਾ ਹੈ ਕਿ ਆਪ ਸਜਨਾਂ ਜੋਗ ਪਤ੍ਰ ਲਿਖਾਂ ਪਰ ਸਰੀਰ ਕੁਛ ਮਸਤਾਨਾ ਜਿਹਾ ਰਹਿਣੇ ਕਰਕੇ ਲਿਖ ਨਹੀਂ ਸਕਿਆ।

ਗੁਰਮੁਖ ਸਜਣ ਡਾ: ਪ੍ਰੇਮ ਸਿੰਘ ਜੀ ਦਾ ਪਰਵਾਰ ਨੂੰ ਵਿਛੋੜਾ ਕੋਈ ਨਿੱਕੀ ਜੇਹੀ ਗਲ ਨਹੀਂ ਤੇ ਅਪਣੇ ਰਬੀ ਰੌਂ ਵਿਚ ਹੋਇਆ ਬੀ ਉਸ ਵੇਲੇ ਹੈ ਕਿ ਜਦੋਂ ਸਾਰੇ ਹੀ ਕਾਰਜ ਸਿਰੇ ਚੜ੍ਹਨ ਵਾਲੇ ਸਨ, ਸਾਰੇ ਪਰਵਾਰ ਨਾਲ ਇਸ ਦਰਦ ਭਰੇ ਹਾਲ ਵਿਚ ਮੇਰੀ ਦਿਲੀ ਹਮਦਰਦੀ ਤੇ ਪਿਆਰ ਤੁਸਾਂ ਦੇ ਨਾਲ ਹੈ। ਇਧਰ ਪੰਥ ਵਲ ਖਿਆਲ ਕੀਤਿਆਂ ਆਪ ਦਾ ਵਿਛੋੜਾ ਪੰਥ ਲਈ ਨਾ ਭਰੇ ਜਾਣ ਵਾਲਾ ਘਾਟਾ ਹੈ, ਸਤਿਸੰਗ ਦਾ ਪ੍ਰਵਾਹ ਤੇ ਗੁਰਸਿਖੀ ਦੇ ਪਰਚਾਰ ਦਾ ਸਚਾ ਤੇ ਸੁਚਾ ਰਾਹ ਜੋ ਆਪਨੇ ਮਰਦਾਨ ਵਿਚ ਪਿਛਲੇ 25 ਬਰਸ ਤੋਂ ਜਾਰੀ ਕੀਤਾ ਹੋਇਆ ਸੀ ਅਪਣੇ ਆਪ ਵਿਚ ਅਪਣੀ ਹੀ ਨਜੀਰ ਸੀ, ਇਡਾ ਪਯਾਰ ਵਾਲਾ ਦਿਲ, ਇਡਾ ਸਾਫ਼ ਤੇ ਸੱਚਾ ਦਿਲ ਤੇ ਇਡੇ ਉਮਾਹ ਵਾਲਾ ਗੁਰਸਿਖੀ ਦੇ ਚਾਉ ਵਾਲਾ ਦਿਲ ਕਦੇ ਕਦੇ ਹੀ ਕਿਤੇ ਕਿਤੇ ਪੈਦਾ ਹੁੰਦਾ ਹੈ। ਜਿਸ ਵੇਲੇ ਕਿ ਆਪ ਦੇ ਪਿਛਲੇ ਮੁਦਤਾਂ ਦੇ ਚਾਹੇ ਸੰਕਲਪ ਕਾਨਫ੍ਰੰਸ ਦੇ ਦੀਦਾਰੇ ਸਰਹਦ ਵਿਚ ਹੋਣ ਦੇ ਪੂਰੇ ਹੋ ਰਹੇ ਸੇ ਆਪ ਦੇ ਇਸ ਤਰ੍ਹਾਂ ਅਚਾਨਕ ਚਲਾਣੇ ਨੇ ਭਾਰੀ ਵਿਗੋਚੇ ਪਾਏ ਸਨ, ਜੋ ਅਕਾਲ ਪੁਰਖ ਜੀ ਆਪ ਹੀ ਪੂਰਨ ਕਰਨ ਨੂੰ ਸਮਰਥ ਹੈ। ਸਜਨ ਜੀਓ! ਜੇ ਅਸੀਂ ਪਰਵਾਰਿਕ ਤੇ ਪੰਥਕ ਘਾਟਿਆਂ ਵਲ ਤੱਕੀਏ ਤਾਂ ਨਿਰਾਸਾ ਤੇ ਉਦਾਸੀ ਹੀ ਉਦਾਸੀ ਹੈ, ਪਰੰਤੂ ਜੇ ਗੁਰਸਿਖੀ ਵਲ ਤੇ ਪਿਆਰੇ ਦੇ ਜੀਵਨ ਵਲ ਤੱਕੀਏ ਤਾਂ ਇਹ ਭਾਣਾਂ ਹੁਕਮ ਵਿਚ ਵਰਤਿਆ ਹੇ ਤੇ ਸੱਚੇ ਪਾਤਸ਼ਾਹ ਦੇ ਕਿਸੇ ਐਸੇ ਮਨਤਵ ਤੇ ਵਰਤਿਆ ਹੈ ਜਿਸਦੇ ਅਸੀਂ ਜਾਣੂ ਨਹੀਂ ਪਰ ਦਾਤਾ ਆਪ ਜਾਣੂ ਹੈ, ਪਯਾਰੇ ਦੇ ਜੀਵਨ ਦੀ ਪਵਿਤ੍ਰਤਾ ਤੇ ਗੁਰਸਿਖੀ ਪ੍ਰੇਮ ਵਲ ਤੱਕਿਆਂ ਕੋਈ ਤੌਖਲਾ ਨਹੀਂ ਪੈਂਦਾ ਕਿ ਆਪ ਦੀ ਆਤਮਾ ਇਸ ਭਾਣੇ ਪਗਰੋਂ ਗੁਰੁ ਮੇਹਰ ਦੀ ਛਤ੍ਰ ਛਾਇਆ ਤੋਂ ਕਦੇ ਪਰੇ ਗਈ ਹੋਸੀ। ਐਸੇ ਸੁਹਣੇ ਜੀਵਨ ਪਰ ਅਰਸ਼ਾ ਦੇ ਮਾਲਕ ਦੀ ਮੇਹਰ ਹੀ ਮੇਹਰ ਵੱਸਣੀ ਚਾਹੀਏ ਤੇ ਗੁਰੂ ਮੇਹਰ ਕਰੇ ਵਸ ਰਹੀ ਹੈ ਤੇ ਉਹ ਗੁਰੁ ਚਰਨਾ ਵਿਚ ਸੁਖ ਪਾ ਰਹੇ ਹਨ। ਸਾਨੂੰ ਉਨ੍ਹਾਂ ਦੇ ਸੁਹਣੇ ਜੀਵਨ ਵਲ ਤਕ ਤਕ ਗੁਰੂ ਜੀ ਦੀ ਮੇਹਰ ਤੇ ਭਾਵ ਤਕੀਆ ਦ੍ਰਿੜ ਰਖਣਾ ਚਾਹੀਦਾ ਹੈ। ਹਾਂ ਗੁਰੂ ਜੀ ਦੀ ਰਹੁ ਰੀਤੀ ਮੂਜਬ ਉਨ੍ਹਾਂ ਲਈ ਗੁਰਬਾਣੀ ਦਾ ਪਾਠ

ਕੀਰਤਨ ਜਾਪ ਜਿਤਨਾ ਹੋਵੇ ਥੋੜਾ ਹੈ। ਸਚੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਸੀ : ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ! ਇਹੋ ਪਿਆਰ ਹੈ ਜੋ ਹੁਣ ਅਸੀਂ ਕਰ ਸਕਦੇ ਹਾਂ, ਇਹੋ ਅਮਰੀ ਸੁਗਾਤ ਹੈ ਜੋ ਅਸੀਂ ਉਸ ਵਿਛੁੜੇ ਪਜਾਰੇ ਨੂੰ ਭੇਜ ਸਕਦੇ ਹਾਂ।

ਜੇਹੜੇ ਕੰਮ ਉਹ ਛੋੜ ਗਏ ਹਨ ਵਾਹਿਗੁਰੂ ਜੀ ਹੁਣ ਬਰਕਤ ਦੇਣ ਜੋ ਬਰਖੁਰਦਾਰ ਜੀ ਸੰਭਾਲ ਖੜੋਣ, ਉਨ੍ਹਾਂ ਦੇ ਸ਼ੁਭ ਪੂਰਨਿਆਂ ਪਰ ਟੁਰਨ। ਪਰਵਾਰ ਲਈ, ਮਾਤਾ ਜੀ ਲਈ, ਬੀਬੀ ਜੀ ਲਈ ਸਹਾਰਾ ਬਣਨ, ਤੁਸੀਂ ਬੱਚਿਆਂ ਦੇ ਸਿਰ ਹੱਥ ਧਰੋ ਤੇ ਗੁਰਮੁਖ ਖਾਨਦਾਨ ਗੁਰਮੁਖ ਬਣਿਆ ਰਹੇ। ਸਿਖੀ ਦਾ ਇਕ ਸੋਮਾ ਸਦਾ ਸੁਰਜੀਤ ਰਹੇ। ਵਾਹਿਗੁਰੂ ਜੀ ਸਾਡੇ ਪਰਮ ਮਿਤ੍ਰ ਹਨ, ਉਹੀ ਸਾਡੇ ਪ੍ਰਤਿਪਾਲਕ ਤੇ ਸਹਾਈ ਹਨ। ਉਨ੍ਹਾਂ ਦਾ ਹੀ ਹੁਕਮ ਵਰਤਦਾ ਹੈ ਤੇ ਉਨ੍ਹਾਂ ਤੇ ਟੇਕ ਧਾਰਨੀ ਸੁਖ ਦੇਂਦੀ ਹੈ। ਇਸ ਲਈ ਸਾਰੇ ਸਜਨ ਗੁਰੂ ਦੇ ਹੁਕਮ ਵਿਚ "ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕ ਮਾਂਗੈ॥ (ਆਸਾ ਮਹਲਾ 5—42) ਤੇ ਟੁਰੋ ਤੇ ਨਾਮ ਬਾਣੀ ਟੇਕ ਲੈ ਕੇ "ਦੇ ਲੰਮੀ ਨਦਰਿ ਨਿਹਾਲੀਐ" (ਵਾਰ ਆਸਾ ਮਹਲਾ 1—21) ਪਰ ਅਮਲ ਕਰੋ। ਇਹ ਸੰਸਾਰ ਚਲਣੀ ਸਰਾਂ ਹੈ, ਸਭ ਨੇ ਚਲਣਾ ਹੈ; ਇਥੇ ਰਹਿ ਕੇ ਇਹੋ ਵੀਚਾਰ ਚਾਹੀਏ ਕਿ ਸਾਡਾ ਹਰਦਮ ਸਾਂਈਂ ਨਾਲ ਲਗਿਆਂ ਬੀਤੇ। ਸ਼ਾਲਾ ! ਸਾਡੀ ਮਾਲਕ ਨਾਲ ਅੰਤਰ ਆਤਮੇ ਕਦੀ ਵਿਥ ਨ ਪਵੇ, ਇਹੋ ਗੁਰਸਿਖੀ ਹੈ, ਇਹੋ ਜੀਵਨ ਹੈ, ਇਹੋ ਗੁਰਮੁਖਤਾਈ ਹੈ। ਆਪ ਸਾਰੇ ਸਜਨ ਗੁਰਸਿਖੀ ਦੇ ਪ੍ਰੇਮੀ ਹੋਵੋ, ਬਾਵਾ ਪ੍ਰੇਮ ਸਿੰਘ ਜੀ ਵਰਗੇ ਸਜਨ ਤੇ ਗੁਰਬਾਣੀ ਦੀ ਵਯਾਖਯਾ ਕਰਨ ਵਾਲੇ ਮਿਤ੍ਰ ਆਪਦੇ ਪਾਸ ਹਨ, ਉਨ੍ਹਾਂ ਦਾ ਪਿਆਰ ਆਸ ਹੈ ਇਸ ਵੇਲੇ ਪਰਵਾਰ ਦਾ ਭਾਰੀ ਸਹਾਰਾ ਹੋ ਰਿਹਾ ਹੋਸੀ। ਅਰਦਾਸ ਹੈ ਕਿ ਗੁਰੂ ਮਹਾਰਾਜ ਬੱਚਿਆਂ ਦੇ ਸਿਰ ਤੇ ਹੱਥ ਧਰੇ "ਸਮਰਥ ਗੁਰੂ ਸਿਰਿ ਹਥੁ ਧਰਿਅਉ" (ਸਵ: ਮ: 4)

ਬੱਚੇ ਅਪਨੇ ਪਿਤਾ ਜੀ ਦੇ ਨਕਸ਼ੇ ਕਦਮ ਤੇ ਉਠਣ ਤੇ ਪਰਵਾਰ ਸੁਖੀ ਤੇ ਸੁਹੇਲਾ ਰਹੇ। ਸੱਚਾ ਪਾਤਸ਼ਾਹ ਡਾਕਟਰ ਪ੍ਰੇਮ ਸਿੰਘ ਜੀ ਦੀ ਆਤਮਾ ਤੇ ਮਿਹਰ ਹੀ ਮਿਹਰ ਵਰਸਾਵੇ ਤੇ ਪਰਵਾਰ ਨੂੰ ਸਿਖੀ ਸਿਦਕ ਭਰੋਸਾ ਆਰਥਕ ਤੇ ਪਰਮਾਰਥਕ ਸਾਰੇ ਸੁਖ ਦਾਨ ਕਰੇ। ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਖਿਨਾਂ ਸੰਕੋਚ ਲਿਖਣੀ।

—ਵੀਰ ਸਿੰਘ

੫੯

22-8-32

ਪਿਆਰੇ ਸਰਦਾਰ ਜੀਓ,

ਸਦਾ ਪਿਆਰ ਕਰਨ ਵਾਲੇ ਵਾਹਿਗੁਰੂ ਦੇ ਹੁਕਮ ਵਿਚ ਜੋ ਭਾਣਾ ਵਰਤਿਆ ਹੈ ਸੋ ਪੜ੍ਹ ਸੁਣ ਕੇ ਹੀ ਲੂੰ ਕੰਡੇ ਹੁੰਦੇ ਹਨ। ਦੇਖਣ ਵਾਲੇ ਤੇ ਨਿਜਦੇ ਖੂਨੀ ਸੰਬੰਧ ਨਾਲ ਸਹਿਣ ਵਾਲੇ ਸਜਨਾਂ ਲਈ ਉਹ ਕਿਤਨਾ ਕੁ ਦੁਖਦਾਈ ਹੋਇਆ ਹੋਊ ਖਿਆਲ ਨਹੀਂ ਕੀਤਾ ਜਾਂਦਾ, ਫਿਰ ਇਕੋ ਹਾਦਸੇ ਵਿਚ ਇਤਨੀਆਂ ਚੰਗੀਆਂ ਤੇ ਲੋੜੀਂਦੀਆਂ ਹਸਤੀਆਂ ਦਾ ਪ੍ਰਲੋਕ ਗਮਨ ਹੋ ਜਾਣਾ ਨਾ ਕੇਵਲ ਸ਼ਖਸ਼ੀ ਬਲਕਿ ਕੌਮੀ ਅਸਹਿ ਖੇਦ ਹੈ। ਕਈ ਵੇਰ ਆਪ ਜੋਗ ਪਿਆਰ ਤੇ ਦਰਦ ਦੀ ਵੰਡ ਲਈ ਪਤ੍ਰ ਲਿਖਣ ਦਾ ਉਦਮ ਆਇਆ, ਪਰ ਇਸ ਖਿਆਲ ਤੇ ਕਿ ਲਿਖਣਾ ਮੁੜ ਹੋਈ ਹੋਣੀ ਨੂੰ ਦੁਹਰਾ ਕੇ ਅੱਲੇ ਜ਼ਖਮਾਂ ਨੂੰ ਹਰਾ ਕਰਨਾ ਹੈ, ਇਸ ਸੋਚ ਵਿਚ ਰੁਕ ਰੁਕ ਜਾਂਦਾ ਰਿਹਾ ਹਾਂ, ਪਰ ਅੱਜ ਫੇਰ ਦਰਦ ਨੇ ਮਜਬੂਰ ਕੀਤਾ ਕਿ ਆਪ ਜੋਗ ਇਕ ਦੋ ਖਿਆਲ ਲਿਖਾਂ ਜੋ ਹਨ ਤੇ ਖਯਾਲ ਤੇ ਖਯਾਲ ਮਾਤ੍ਰ ਦਰਦ ਵਿਛੋੜਿਆਂ ਦੀਆਂ ਚਸਕਾਂ ਪਰ ਕੀ ਅਸਰ ਪਾ ਸਕਦੇ ਹਨ, ਪਰ ਇਨਸਾਨ ਪਾਸ ਇਨਸਾਨ ਨਾਲ ਪਿਆਰ ਤੇ ਹਮਦਰਦੀ ਲਈ ਸਭ ਤੋਂ ਵਡੀ ਬਰਕਤ ਵਾਹਿਗੁਰੂ ਜੀ ਨੇ 'ਖਿਆਲਾਂ' ਦਾ ਵਟਾਂਦ੍ਰਾ ਹੀ ਬਖਸ਼ੀ ਹੈ।

ਸ੍ਰੀ ਬੁਧ ਜੀ ਪਾਸ, ਜੋ ਇਸ ਵੇਲੇ 45 ਕ੍ਰੋੜ ਜੀਵਾਂ ਦੇ ਪੂਜ ਮੰਨੇ ਜਾਂਦੇ ਹਨ, ਇਕ ਮਾਈ ਨੇ ਆ ਕੇ ਕਿਹਾ ਕਿ ਮੇਰਾ ਪੁਤ੍ਰ ਜਿਵਾ ਦਿਓ ਆਪ ਸੋਚ ਵਿਚ ਪੈ ਗਏ ਕਿ ਇਸ ਦੇ ਇਸ ਮਰਮੀ ਦੁਖ ਨੂੰ ਕਿਵੇਂ ਦੂਰ ਕਰਾਂ। ਜੋ ਭਾਣੇ ਵਿਚ ਟੁਰਿਆ ਸੋ ਟੁਰ ਗਿਆ, ਉਸ ਦਾ ਜਿਵਾਉਣਾ ਕੁਦਰਤ ਤੇ ਕਾਦਰ ਦਾ ਕੰਮ ਹੈ। ਕੁਛ ਸੋਚ ਦੇ ਬਾਦ ਆਪ ਨੇ ਆਖਿਆ : ਮਾਈ ਥੋੜੇ ਚਾਵਲ ਲਿਆ, ਪਰ ਉਸ ਘਰੋਂ ਕਿ ਜਿਸ ਘਰ ਮੌਤ ਦਾ ਫਰਿਸ਼ਤਾ ਕਦੇ ਨ ਵੜਿਆ ਹੋਵੇ। ਮਾਈ ਗਿਰਾਂ ਵਿਚ ਟੋਲਨ ਗਈ ਤਾਂ ਕੋਈ ਘਰ ਐਸਾ ਨ ਮਿਲਿਆ। ਹਰ ਘਰ ਵਿਚ ਕਿਸੇ ਨ ਕਿਸੇ ਪਿਆਰੇ ਦੇ ਵਿਛੋੜੇ ਦੀ ਦਰਦ ਭਰੀ ਵਿਥਿਆ ਮੌਜੂਦ ਸੀ। ਸਭ ਦੀਆਂ ਸਿਰ ਬੀਤੀਆਂ ਸੁਣ ਸੁਣ ਕੇ ਮਾਈ ਨੂੰ ਆਪ ਹੀ ਕੁਛ ਧਰਵਾਸ ਆਣ ਲਗ ਪਈ, ਜਦ ਮੁੜਕੇ ਆਈ ਤਾਂ ਦੱਸਿਆ ਕਿ ਐਸਾ ਘਰ ਕੋਈ ਨਹੀਂ ਮਿਲਦਾ। ਤਦ ਬੁਧ ਜੀ ਨੇ ਬਾਕੀ ਕਸਰ ਉਸ ਦੀ ਦਿਲੀ ਕਸਕ ਦੀ ਇਸ ਉਪਦੇਸ਼ ਨਾਲ ਦੂਰ ਕੀਤੀ ਕਿ ਮਾਈ ਇਹ ਪਰੰਪਰਾ ਤੋਂ ਇਸੇ ਤਰ੍ਹਾਂ ਹੀ ਹੈ, ਵਿਛੋੜੇ ਦੇ ਦੁਖ ਦੇਖਣੇ ਪੈਂਦੇ ਹਨ ਤੇ ਇਹੋ ਪੀੜਾ ਇਨਸਾਨ ਨੂੰ ਸੰਸਾਰ ਦੀ ਅਨਸਥਿਰਤਾਈ ਜਾਗ ਦੇ ਕੇ ਹਿਲੋਰਦੀ ਹੈ ਕਿ ਭਾਈ ਸਮਾਂ ਬਿਰਥਾ ਜਾ ਰਿਹਾ ਹੈ, ਅਪਨੇ ਅਗੋ ਨੂੰ ਸਵਾਰ ਲੈ। ਜੀਵਨ ਸਦਾ ਨਹੀਂ ਹੈ।

ਪਿਆਰੇ ਜੀਓ

ਸੋ ਜੀਓ ! ਇਨਸਾਨੀ ਜ਼ਿੰਦਗੀ ਤੇ ਗ੍ਰਿਹਸਤ ਮਾਰਗ ਵਿਚ ਅਕਹਿ ਅਸਹਿ ਵਿਛੋੜੇ ਦੇਖਣੇ ਪੈਂਦੇ ਹਨ ਤੇ ਇਨਸਾਨ ਦੇ ਸਿਰ ਤੇ ਜੋ ਆਉਂਦੀ ਹੈ ਸੋ ਲੰਘਦੀ ਹੈ, ਪਰੰਤੂ ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਹੈ ਕਿ ਜੇ ਇਕ ਗੱਲ ਦਾ ਖਿਆਲ ਸਤਿਸੰਗ ਕਰਕੇ ਦ੍ਰਿੜ੍ਹ ਹੋ ਜਾਵੇ ਤਾਂ ਇਹ ਪੀੜਾ ਘਟਦੀ ਘਟਦੀ ਕਿਸੇ ਉਚੀ ਮਰਮੀ ਦਰਦ ਦੀ ਸ਼ਕਲ ਪਕੜ ਜਾਂਦੀ ਹੈ ਕਿ ਜਿਸ ਨਾਲ ਜੀਵਨ ਪਲਟਾ ਖਾ ਕੇ ਆਪਣੇ ਮਨੋਰਥ ਨੂੰ ਅਪੜ ਜਾਂਦਾ ਹੈ, ਉਹ ਇਹ ਅਮਰ ਵਾਕਿਆ ਹੈ ਜਿਸ ਨੂੰ ਅਸੀਂ ਸਤਿਗੁਰਾਂ ਦਾ ਵਿਸ਼ਵਾਸ ਸਮਝ ਲਈਏ ਤਾਂ ਸੁਖੈਨਤਾ ਹੋ ਜਾਂਦੀ ਹੈ ਕਿ ਮੌਤ ਸਮਾਪਤੀ ਦਾ ਨਾਮ ਨਹੀਂ ਹੈ ਇਹ ਤਾਂ ਇਕ ਨਦੀ ਵਗ ਰਹੀ ਹੈ ਕਾਲ ਦੀ । ਉਸ਼ ਦੇ ਇਸ ਕਿਨਾਰੇ ਅਸੀਂ ਵਸਦੇ ਹਾਂ, ਪਰਲੇ ਕਿਨਾਰੇ ਬੀ ਵਸਤੀ ਹੈ ਸਾਡੇ ਵਿਚੋਂ ਜੋ ਇਸ ਨਦੀ ਨੂੰ ਤਰਕੇ ਪਾਰ ਜਾ ਲਗਦੇ ਹਨ ਓਹ ਉਥੇ ਵਸਦੇ ਹਨ । ਪਿਆਰਿਆਂ ਤੋਂ ਸਰੀਰ ਛੋੜ ਕੇ ਵਿਛੜਨਾ ਇਵੇਂ ਹੈ ਜਿਵੇਂ ਤਰਦੇਸ ਜਾ ਕੇ ਵਿਛੁੜਨਾ, ਫਰਕ ਇਹ ਹੈ ਕਿ ਪਰਦੇਸ਼ ਜਾ ਕੇ ਮੁੜ ਮਿਲ ਪਈਦਾ ਹੈ ਤੇ ਇਸ ਪਰਦੇਸ਼ ਜਾ ਕੇ ਤਦ ਤਕ ਮੇਲੇ ਨਹੀਂ ਹੁੰਦੇ ਜਦ ਤਕ ਆਪ ਆਪਣੇ ਸਮੇਂ ਉਸ ਦੇਸ ਨ ਜਾਵੇ, ਜੇ ਕਦੇ ਇਹ ਵਿਸ਼ਵਾਸ ਦ੍ਰਿੜ੍ਹ ਹੋ ਜਾਵੇ ਕਿ ਮਰਦਾ ਕੁਛ ਨਹੀਂ ਕੇਵਲ ਕਾਯਾਂ ਪਲਟਦੀ ਹੈ ਤੇ ਫੇਰ ਮੇਲੇ ਹੋਣੇ ਹਨ ਤਦ ਵਿਛੋੜੇ ਦੀ ਪੀੜਾ ਬਹੁ ਹੀ ਘਟ ਜਾਂਦੀ ਹੈ । ਸਤਿਗੁਰੂ ਜੀ ਨੇ ਆਪ ਇਹ ਪ੍ਰਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੀਤਾ ਹੈ :—

ਸਭਨਾ ਮਰਣਾ ਆਇਆ ਵਿਛੋੜਾ ਸਭਨਾਹਾ ॥
ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿ ਨਾਹਿ ॥

(ਸੋਰਠਿ ਮ: ੧—੧)

ਇਸ ਪ੍ਰਸ਼ਨ ਪਰ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੂੰ ਸਾਹਿਬ ਵਿਸ਼ਰ ਰਿਹਾ ਹੈ ਉਨ੍ਹਾਂ ਨੂੰ ਵੇਦਨਾ ਹੈ, ਉਦਾਸੀ ਤੇ ਪੀੜਾ ਹੈ । ਜਿਨ੍ਹਾਂ ਨੂੰ ਸਾਹਿਬ ਚਿਤ ਹੈ ਉਨ੍ਹਾਂ ਨੂੰ ਵੇਦਨਾ ਨਹੀਂ ਹੈ, ਕਿਉਂ ? ਇਸ ਲਈ ਕਿ ਉਨ੍ਹਾਂ ਨੂੰ 'ਸਾਹਿਬ ਯਾਦ' ਨੇ ਉਚ ਸੁਰ ਤੇ ਕਰ ਦਿਤਾ ਹੈ । ਉਨ੍ਹਾਂ ਦਾ ਮਨ ਅਠੇ ਪਹਰ ਸਾਈਂ ਨਾਲ ਲਗਾ ਰਹਣ ਕਰਕੇ ਇਸ ਟਿਕਾਣੇ ਅੱਪੜ ਗਿਆ ਹੈ ਕਿ ਉਨ੍ਹਾਂ ਨੂੰ ਮੌਤ ਸਮਾਪਤ ਨਹੀਂ ਦਿਸਦੀ ਪਰ ਕਾਯਾਂ ਦਾ ਤਯਾਗ ਤੇ ਕਿਸੇ ਹੋਰ ਸੋਹਣੇ ਰੰਗ ਵਿਚ ਕਿਸੇ ਵਧੇਰੇ ਸੁਆਦਲੇ ਤੇ ਪੀੜਾ ਰਹਤ ਜੀਵਨ ਦੀ ਪ੍ਰਾਪਤੀ । ਇਸ ਕਰਕੇ ਓਹ ਜਾਣਦੇ ਹਨ ਕਿ ਪਿਆਰੇ ਜੋ ਕਾਲ ਦੀ ਨਦੀ ਤਰੇ ਹਨ ਸੋ ਨਦੀ ਨੇ ਲੋਪ ਨਹੀਂ ਕਰ ਲਏ, ਸਗੋਂ ਪਰਲੇ ਕਿਨਾਰੇ ਤੇ ਸਲਾਮਤੀ ਦੇ ਕਿਨਾਰੇ ਪੁਚਾਏ ਹਨ ਤੇ ਅਸਾਂ ਨੇ ਫਿਰ ਮਿਲਣਾ ਹੈ ਤੇ ਅਗਲੇ ਜੀਵਨ ਜੋ ਕਈ ਦਰਜਿਆਂ ਤੇ ਰੰਗਾਂ ਦੇ ਹਨ ਜੋ ਸੁਖਦਾਈ ਤੋਂ ਲੈ ਕੇ ਵਾਹਿਗੁਰੂ ਜੀ ਦੇ ਅੰਕ ਸਮਾਉਣ ਤਕ ਦੇ ਅਕਹਿ ਅਵਸਥਾ ਤਕ ਵਾਲੇ ਹਨ । ਵਿਛੋੜਾ ਫੇਰ ਕਿਤੇ ਬੀ ਨਹੀਂ । ਹਰ ਹਾਲ ਤੇ ਰੰਗ ਵਿਚ ਸੁਖ ਤੇ ਮੇਲ ਹੈ । ਇਹ ਦ੍ਰਿਸ਼ਟੀ ਉਨ੍ਹਾਂ ਨੂੰ ਡੋਲਨ ਨਹੀਂ ਦੇਂਦੀ । ਇਸ ਤੋਂ ਫੇਰ ਦੂਸਰਾ ਸਿੱਟਾ ਇਹ ਨਿਕਲਦਾ ਹੈ ਕਿ ਜੇ ਇਹ ਹਾਲਤ ਹੈ ਕਿ "ਸਾਹਿਬ ਜਿਨ੍ਹਾਂ ਨੂੰ ਵਿਸਰਿਆ ਵੇਦਨ (ਪੀੜਾ) ਉਨ੍ਹਾਂ ਲਈ ਹੈ" ਤਾਂ ਅਸੀਂ ਸਾਹਿਬ ਦੀ ਯਾਦ ਵਿਚ ਵਸੀਏ ਜੋ ਅਸੀਂ ਬੀ ਵੇਦਨਾ ਵਿਚ ਨਾ ਆਈਏ । ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੀਵ ਦੀ ਇਸ ਅਵਸਥਾ ਦੇ ਲਈ ਸ੍ਰੀ ਗੁਰੂ ਜੀ ਨੇ ਮਿਹਰ

ਕੀਤੀ ਹੈ, ਤੁਕ ਤੁਕ ਵਿਚ ਫੁਰਮਾਯਾ ਹੈ ਕਿ ਜੀਵਨ ਦਾ ਮਨੋਰਥ 'ਸਾਈਆਂ ਜੀ ਦੀ ਯਾਦ' ਯਾ ਇਉਂ ਕਹੋ ਕਿ ਸਾਈਆਂ ਜੀ ਦਾ ਪ੍ਰੇਮ ਹੈ ।

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥

(ਸਿਰੀ ਰਾਗ ਮ: 5—73)

ਇਸ ਤਰ੍ਹਾਂ ਨੀਂਦ ਤੋਂ ਹਿਲੂਣੇ ਦੇ ਕੇ ਕਹਿੰਦੇ ਹਨ :

ਪਰਦੇਸੁ ਝਾਗਿ ਸਉਦੇ ਕਉ ਆਇਆ ॥ (ਆਸਾ ਮਹਲਾ 5—6)

ਤੂੰ ਇਥੇ ਕੋਈ ਵਪਾਰ ਕਰਨ ਆਇਆ ਹੈ, ਹਰਿਨਾਮੁ ਦਾ ਵਖਰ ਏਥੇ ਵਿਹਾਝਣਾ ਹੈ ਤੇ ਇਸ ਨਾਲ ਮਾਲਾ ਮਾਲ ਹੋ ਕੇ ਚਲਣਾ ਹੈ :

ਯਾ ਜੁਗ ਮਹਿ ਏਕਹਿ ਕਉ ਆਇਆ ॥ (ਗਉ: ਬਾਵਨ: 6)

ਇਹ ਵੱਖਰ ਹੈ ਜੋ ਵਿਹਾਝਣਾ ਹੈ ਤੇ ਇਸ ਦਾ ਉਪ੍ਰਾਲਾ ਸਿਮਰਨ ਹੈ । ਵਾਹਿਗੁਰੂ ਜੀ ਨੂੰ ਮਨ ਵਿਚ ਵਸਾਉਣਾ ਹੈ :—

ਆਵਤ ਹੁਕਮਿ ਬਿਨਾਸ ਹੁਕਮਿ ਆਗਿਆ ਭਿੰਨ ਨ ਕੋਇ ॥
ਆਵਨ ਜਾਨ੍ਹਾ ਤਿਹ ਮਿਟੈ ਨਾਨਕ ਜਿਹ ਮਨਿ ਸੋਇ ॥

(ਗਉ: ਬਾਵਨ: 7)

ਤਾਂ ਤੇ ਵਿਛੋੜਿਆਂ ਵੇਲੇ, ਸੁਖਾਂ ਵੇਲੇ, ਸਾਈਂ ਦੀ ਮਿਹਰ ਵੇਲੇ ਸਦਾ ਇਹ ਵਿਚਾਰ ਸੁਖਦਾਈ ਹੁੰਦੀ ਹੈ ਕਿ ਅੰਤ ਸਰੀਰਾਂ ਚੱਲਣਾ ਹੈ, ਸੁਆਸ ਸੁਆਸ ਕਰਕੇ ਆਯੂ ਘਟ ਰਹੀ ਹੈ, ਤਾਂ ਸੁਆਸ ਸੁਆਸ ਅਸੀਂ ਸਾਈਂ ਨੂੰ ਯਾਦ ਰਖੀਏ । ਜੇ ਹਰ ਸੁਆਸ ਐਉਂ ਸਫਲ ਹੁੰਦਾ ਜਾਏ ਤਾਂ ਸਾਰੀ ਉਮਰਾ ਸਫਲ ਹੋ ਗਈ ।

ਇਉ ਰਤਨ ਜਨਮ ਕਾ ਹੋਇ ਉਧਾਰੁ ॥
ਹਰਿ ਹਰਿ ਸਿਮਰਿ ਪ੍ਰਾਨ ਆਧਾਰੁ ॥ (ਸੁਖਮਨੀ 19—24)

ਸੋ ਇਹ ਖਯਾਲ ਪਰ ਪਕ ਕਰਨਾ ਚਾਹੀਏ ਕਿ ਵਿਛੁੜੇ ਪਿਆਰੇ ਜੀਉਂਦੇ ਹਨ, ਇਥੇ ਨਾਲੋਂ ਕੁਛ ਵਧੇਰੇ ਚੰਗੇ ਜੀਵਨ ਵਿਚ ਹਨ ਅਰ ਸਾਡਾ ਬੀ ਇਥੋਂ ਜਾਣਾ ਇਕ ਦਿਨ ਨਿਸਚੇ ਹੈ ਤਾਂ ਅਸੀਂ ਗੁਰੂ ਸਾਹਿਬ ਦੇ ਦਸੇ ਤ੍ਰੀਕੇ ਤੇ ਕਮਰਬੰਦ ਰਹੀਏ ਜੋ ਅਸੀਂ ਸੁਖ ਵਾਲੀ ਅਵਸਥਾ ਵਿਚ ਹੋਈਏ ਤੇ ਸਭ ਪਯਾਰਿਆਂ ਨੂੰ ਜੇ ਮਿਲਨਾ ਚਾਹੀਏ ਤਾਂ ਠਾਕ ਸਾਡੇ ਅਗੇ ਕੋਈ ਨਾ ਹੋਵੇ ।

ਠਾਕਿ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁਪ੍ਰਸੰਨ ॥
ਜੋ ਜਨ ਪ੍ਰਭਿ ਅਪੁਣ ਕਰੇ ਨਾਨਕ ਤੇ ਧਨਿ ਧੰਨਿ ।

(ਗਉ: ਬਾਵਨ:—28)

ਇਸ ਪ੍ਰਕਾਰ ਦੇ ਖੇਦ ਖੇਚਲ ਮੇਰੇ ਸਰੀਰ ਨੇ ਬਹੁਤ ਦੁਖ ਦੇਖੇ ਤੇ ਝਲੇ ਹਨ, ਮੇਰੇ ਆਪਣੇ ਤੇ ਬੀਤਿਆ ਤਜਰਬਾ ਇਹ ਹੈ ਕਿ ਵਿਛੋੜੇ ਤੇ ਸੱਟ ਦੇ ਪਹਿਲੇ ਦਿਨ ਜਦ ਲੋਕਾਂ

ਅਵਾਜਾਈ ਪੁਛ ਗਿਛ, ਮੇਲ ਹਮਦਰਦੀ, ਪਯਾਰ ਮਿਲਦੇ ਰਹਿੰਦੇ ਹਨ ਲੰਘ ਜਾਂਦੇ ਹਨ ਤੇ ਫਿਰ ਇਕੱਲਿਆਂ ਹੋ ਕੇ ਬਹੀਦਾ ਹੈ। ਬਹੁਤੀ ਵਾਰ ਤਦੋਂ ਪੀੜਾ ਜੋ ਸਗੋਂ ਸੱਜਰੇ ਦਿਨਾਂ ਵਿਚ ਕਿਵੇਂ ਨ ਕਿਵੇਂ ਝੱਲੀ ਗਈ ਮੁੜ ਦੁਖੀ ਕਰਦੀ ਹੈ ਤੇ ਚੁਭਦੀ ਹੈ। ਉਸ ਵੇਲੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈਨ ਜੋ ਪੂਰੀ ਸਹਾਯਤਾ ਦੇਂਦੇ ਤੇ ਠੰਡੀ ਠੰਡੀ ਮਲ੍ਹਮ ਲਾ ਕੇ ਘਾਵਾਂ ਮੇਲਦੇ ਹਨ, ਮਾਯਾ ਦੀ ਨੀਂਦ ਨੂੰ ਛੱਟੇ ਮਾਰ ਮਾਰ ਕੇ ਖੁਹਲਦੇ ਹਨ ਤੇ ਪਯਾਰ ਦੀਆਂ ਲੋਰੀਆਂ ਦੇ ਦੇ ਕੇ ਸੁਖ ਦੀ ਨੀਂਦ ਬਖਸ਼ਦੇ ਹਨ, ਜੇ ਆਪਣੇ ਨੇੜੇ ਕੋਈ ਨਾਮੀ ਪੁਰਖ ਸਤਿਸੰਗ ਦਾ ਸੁਖ ਦੇਣ ਵਾਲੇ ਹੋਣ ਤਾਂ ਉਨ੍ਹਾਂ ਦੀ ਸੁਹਬਤ ਬਹੁਤ ਸੁਖੀ ਕਰਦੀ ਹੈ, ਕਿਉਂਕਿ ਉਹ ਗੁਰਬਾਨੀ ਸਮਝਾਉਂਦੇ ਤੇ ਆਪਣੇ ਜੀਵਨ ਵਿਚ ਵਰਤੀ ਹੋਈ ਦਿਖਾਲਦੇ ਹਨ। ਆਪ ਗੁਰਬਾਣੀ ਦੀ ਸ਼ਰਨ ਲਿਆਂ ਮਨ ਸੁਖੀ ਹੁੰਦਾ ਹੈ। ਗੁਰਸਿਖਾਂ ਜਿਹਾ ਸੁਭਾਗ ਕੋਈ ਨਹੀਂ ਜਿਨਾਂ ਨੂੰ ਸਚੇ ਪਾਤਸ਼ਾਹ ਨੂੰ ਐਸੀ ਕੀਮਤੀ ਦਾਤ ਗੁਰਬਾਣੀ ਦੀ ਸਿਰ ਤੇ ਛਤ੍ਰ ਛਾਯਾਂ ਬਖਸ਼ੀ ਹੈ ਤੇ ਗੁਰਬਾਣੀ ਇਹ ਸਹਾਯਤਾ ਫਿਰ ਨਾਮ ਦਾ ਉਪਦੇਸ਼ ਤੇ ਨਾਮ ਦਾ ਉੱਦਮ ਬਖਸ਼ਦੀ ਹੈ, ਜਿਸ ਦੇ ਲੜ ਲਗਿਆਂ ਸੁਖ ਹੀ ਸੁਖ ਪ੍ਰਾਪਤ ਹੁੰਦਾ ਹੈ।

ਦੂਸਰੀ ਵਿਚਾਰ ਇਹ ਹੈ ਕਿ ਆਪਣਾ ਪਿਆਰਾ ਜੋ ਵਿਛੁੜਿਆ ਹੈ ਉਸ ਦਾ ਜੀਵਨ ਕੈਸਾ ਸੀ ? ਇਸ ਗੱਲ ਨਾਲ ਸਾਡੇ ਪਿਆਰ ਨੂੰ ਰਸਤਾ ਮਿਲਦਾ ਹੈ ਹੋਰ ਪਿਆਰ ਕਰਨ। ਕਿਉਂਕਿ ਸਰੀਰ ਰਹਿਤ ਹੋ ਗਏ ਪਿਆਰੇ ਨਾਲ ਅਸਥੂਲ ਪਿਆਰ ਤਾਂ ਹੋ ਨਹੀਂ ਸਕਦਾ, ਸੂਖਮ ਪਿਆਰ ਹੀ ਕਰ ਸਕੀਦਾ ਹੈ, ਦੁਨੀਆਂ ਦੇ ਮਿਤ੍ਰ ਪਿਆਰੇ ਵਿਛੋੜੇ ਵੇਲੇ ਜਿਸ ਪਾਸੇ ਰੌ ਤਬੀਅਤ ਦਾ ਪਾ ਦੇਂਦੇ ਹਨ ਓਹ ਆਪਣੇ ਆਪ ਨੂੰ ਜੋ ਦੁਖ ਪੁਜਦਾ ਹੈ ਉਸ ਦੀ ਪੀੜਾ ਵਿਚ ਰਦ ਯਾ ਉਸ ਪੀੜਾ ਨੂੰ ਦੂਰ ਕਰਨ ਦੇ ਉਪ੍ਰਾਲੇ ਵਿਚ ਬਸ ਹੋ ਜਾਂਦਾ ਹੈ। ਪਯਾਰ ਕਿਸ ਹਾਲ ਹੈ ਤੇ ਹੁਣ ਕਿਸ ਲੋੜ ਵਿਚ ਹੈ ਇਸ ਪਾਸੇ ਸਿਵਾ ਗੁਰਮੁਖਤਾਈ ਦੇ ਮੰਡਲ ਦੇ ਖਯਾਲ ਘੱਟ ਪੈਂਦਾ ਹੈ।

ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥ (ਰਾਮ: ਸਦ—5)

ਇਸ ਤੋਂ ਪਤਾ ਲਗ ਗਿਆ ਕਿ ਕੀਰਤਨ ਕਰਨਾ ਪਿਆਰੇ ਨਾਲ ਪਿਆਰ ਕਰਨਾ ਹੈ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਿਆਰ ਲਈ ਪੁਆਉਣੇ ਤੇ ਅਰਦਾਸੇ ਕਰਾਉਣੇ ਏਹ ਕੁਛ ਹੈ ਜੋ ਉਸ ਪਾਰਲੇ ਚਲੇ ਗਏ ਸਜਣਾਂ ਨੂੰ ਅੱਪੜਦਾ ਹੈ। ਸੁਖ ਵਾਲੀ ਗਲ ਇਹ ਹੈ ਕਿ ਮੈਂ ਇਥੇ ਸੁਣਿਆ ਹੈ ਕਿ ਜਦੋਂ ਕਾਕਾ ਏਥੇ ਪੜਦਾ ਸੀ ਤਾਂ ਉਸ ਦਾ ਰੁਖ ਗੁਰੂ ਪਿਆਰ ਵਲ ਗੁਰਬਾਣੀ ਵਲ ਬਹੁਤ ਸੀ। ਅਤੇ ਉਹ ਪੜ੍ਹਨ ਜਾਣ ਤੋਂ ਪਹਿਲਾਂ ਪਾਠ ਕਰਕੇ ਯਾ ਸੁਣਕੇ ਜਾਇਆ ਕਰਦਾ ਸੀ। ਇਹ ਲੱਛਣ ਅਗੇ ਜਾ ਕੇ ਸੁਖੀ ਹੋਣ ਦੇ ਹਨ। ਐਸਿਆਂ ਲਈ ਸ਼ੋਕ ਕਰਨਾ ਵਿਹਤ ਨਹੀਂ, ਐਸਿਆਂ ਲਈ ਪਾਠ ਤੇ ਅਰਦਾਸੇ ਸੁਖਦਾਈ ਹਨ। ਜਿਨ੍ਹਾਂ ਨਾਲ ਆਪਣਾ ਮਨ ਥਾਵੇਂ ਆਉਂਦਾ ਹੈ ਤੇ ਪਾਰਲੇ ਦੇਸ਼ ਸੁਖ ਅੱੜਦਾ ਹੈ। ਪਿਆਰੇ ਇਸ ਪਿਆਰ ਨਾਲ ਵਧੇਰੇ ਸੁਖੀ ਹੁੰਦੇ ਹਨ ਤੇ ਇਹ ਐਸੀ ਕੋਈ ਅਮੋਲਕ ਵਸਤੂ ਹੈ ਕਿ ਤੀਜੇ ਪਾਤਸ਼ਾਹ ਜੀ ਜੋ ਆਪ ਗੋਬਿੰਦ ਰੂਪ ਸਨ ਉਹ ਕਹਿੰਦੇ ਹਨ ਕਿ 'ਮੈ ਪਿਛੈ ਕੀਰਤਨੁ ਨਿਰਬਾਣੁ ਜੀਉ ॥''

ਇਹ ਸੁਣ ਕੇ ਧਰਵਾਸ ਹੁੰਦਾ ਹੈ ਕਿ ਰਾਵਲਪਿੰਡੀ ਵਲ ਵਿਛੁੜਿਆਂ ਪਿਆਰਿਆਂ

ਲਈ ਇਕ ਤੋਂ ਵਧੀਕ ਭੋਗ ਪਵਾਏ ਜਾਂਦੇ ਹਨ । ਇਹ ਆਸਰਾ ਬੜਾ ਉੱਤਮ ਹੈ, ਆਸ਼ ਹੈ ਇਸ ਆਸਰੇ ਆਪ ਸੁਖੀ ਹੋ ਰਹੇ ਹੋਸੋ ਤੇ ਵਿਛੜੇ ਪਿਆਰੇ ਨੂੰ ਇਹ ਸੁਖ ਦਹਗੁਣਾਂ ਹੋ ਕੇ ਪਹੁੰਚਦਾ ਤੇ ਸੁਗਦਾਈ ਕਰ ਰਿਹਾ ਹੋਸੀ । ਮੇਰੇ ਖ਼ਿਆਲ ਵਿਚ ਭੋਗ ਪਾਠ ਹੋਰ ਪੁਆਉਣੇ ਚਾਹੀਦੇ ਹਨ । ਵਿਛੜੀਆਂ ਰੂਹਾਂ ਨੂੰ ਚਾਹੇ ਉਹ ਸੁਖ ਦੇ ਟਿਕਾਣੇ ਥੀ ਅੱਪੜ ਗਈਆਂ ਹੋਣ ਇਹ ਗਜ਼ਾ 'ਮੈ ਗੁਰਬਾਣੀ ਆਧਾਰੁ ਹੈ' ਬੜਾ ਸੁਖ ਪਹੁੰਚਾਉਂਦੀ ਹੈ । ਵਾਹਿਗੁਰੂ ਆਪ ਦਾ ਸਹਾਈ ਹੋਵੇ, ਅਪਨੇ ਪਿਆਰ ਵਿਚ ਉਚਾ ਕਰੇ, ਨਾਮ ਬਾਣੀ ਦਾ ਦਾਨ ਵੱਧ ਤੋਂ ਵੱਧ ਬਖਸ਼ੇ ਤੇ ਆਪਣਾ ਭਾਣਾ ਮੰਨਣ ਦਾ ਤਾਣ ਤਕੀਆ ਤੇ ਸਿਦਕ ਬਖਸ਼ੇ । ਵਿਛੁੜੇ ਪਿਆਰੇ ਨੂੰ ਆਪਣੀ ਮੇਹਰ ਦੀ ਛਾਵੇਂ ਟਿਕਣਾ ਬਖਸ਼ੇ । ਸਾਨੂੰ ਨਾਮ ਦੀ ਖੈਰ ਦਰੋਂ ਪਾਵੇ ।

ਦੂਖ ਸੂਖ ਪ੍ਰਭ ਦੇਵਨਹਾਰ ॥
ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥ (ਸੁਖਮਨੀ 15—4)

—ਵੀਰ ਸਿੰਘ

੬੦

8-10-32

ਪਵਿਤ੍ਰਾਤਮਾ ਜੀਓ,

ਜੋ ਨਾਮ ਜਪੇ ਸੋ ਲਿਵ ਵਿਚ ਜੀਉ ਉਠਦਾ ਹੈ, ਜੋ ਲਿਵ ਵਿਚ ਜੀਉ ਪਵੇ ਸੋ ਸਤਿ। ਸੰਤ ਬਾਬਤ ਹੁਕਮ ਲਿਖਿਆ ਹੈ :—

ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥
ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥ (ਸਲੋਕ ਕਬੀਰ—16)

ਸੰਤ ਦੇ ਟੁਰ ਜਾਣ ਦਾ ਦੁਖ ਇਹ ਜ਼ਰੂਰ ਹੋਇਆ ਕਰਦਾ ਹੈ ਕਿ ਉਹ ਬੇਵਕਤ ਟੁਰ ਜਾਂਦਾ ਹੈ। ਕਈ ਵੇਰ, ਪਰ ਉਹ ਬੇਵਕਤ ਸਾਨੂੰ ਬਿਰਹਾ ਦੇਂਦਾ ਹੈ। ਉਸ ਲਈ ਉਹ ਭਲਾ ਹੈ ਕਿਉਂਕਿ ਹੁਕਮ ਵਿਚ ਹੈ, ਉਸਦੇ ਭਲੇ ਵਿਚ ਤੇ ਸਾਈਂ ਦੇ ਕੀਤੇ ਵਿਚ ਦੁਖੀ ਹੋਣੋਂ ਆਪ ਨੂੰ ਵਰਜਣਾ ਚਾਹੀਏ, ਅਪਣੇ ਵਾਲੇਵੇ ਵਾਲੇ ਪਯਾਰ ਅਰਥਾਤ ਮੋਹ ਵਾਲੇ ਪਿਆਰ ਬੀ ਸਾਨੂੰ ਬਿਰਹੋਂ ਦੀ ਤਪਤ ਦੇਂਦੇ ਹਨ, ਉਹ ਬੀ ਵਰਜਣੇ ਹੀ ਬਣਦੇ ਹਨ, ਕਰਨਾ ਕੀਹ ਬਣਦਾ ਹੈ ? ਆਪ ਤਿਆਰ ਹੋਣਾ, ਆਪ ਸੰਤ ਦੇ ਪੂਰਨਿਆਂ ਤੇ ਟੁਰਨਾ, ਆਪ ਨਾਮ ਜਪਣਾ, ਲਿਵ ਵਿਚ ਜੀਓ ਉਠਣਾ, ਵਿਛੁੜੇ ਸੰਤ ਲਈ ਬਾਣੀ ਦੇ ਪਾਠ ਕਰਵਾਣੇ ਤੇ ਕਰਨੇ ਤੇ ਅਰਦਾਸ ਕਰਨੀ ਗੁਰੂ ਸਚੇ ਪਾਤਸ਼ਾਹ ਦਾ ਧਿਆਨ ਧਰਕੇ ਕਿ ਉਨਾਂ ਦੀ ਆਤਮਾ ਤੇ ਮੇਹਰ ਦੀ ਛਾਯਾ ਹੋਵੇ ਤਾਂ ਸਾਨੂੰ ਨਾਮ ਦਾਨ ਮਿਲੇ, ਅਸੀਂ ਜਗਤ ਜਲੰਦੇ ਤੋਂ ਉਬਰੀਏ, ਸਾਨੂੰ ਠੰਡ ਪਵੇ ਤੇ ਆਤਮ ਰਸ ਆਵੇ, ਸਾਨੂੰ ਸਾਈਂ ਮਿਠਾ ਲੱਗੇ, ਜੇ ਅਸੀਂ ਚੰਗੇ ਹੋਵੀਏ ਤਾਂ ਸਾਡੇ ਪਿਆਰੇ ਜੋ ਅਗੇ ਟੁਰ ਜਾਂਦੇ ਹਨ ਠੰਢੇ ਹੁੰਦੇ ਹਨ। ਇਸ ਕਰਕੇ ਸਾਨੂੰ ਵਾਹਿਗੁਰੂ ਤੋਂ ਭੁਲਿਆਂ ਹਾਰ ਹਾਵਾ ਨਹੀਂ ਕਰਨਾ ਬਣਦਾ, ਵੈਰਾਗ ਉਪਜੇ, ਵਿਛੁੜੇ ਪਿਆਰੇ ਦੇ ਵਿਯੋਗ ਵਿਚ ਮਨ ਨਰਮ ਹੋ ਕੇ ਵਹਿ ਤੁਰੇ ਤਾਂ ਉਸ ਆਪ ਦ੍ਰਵਣ ਵਾਲੀਆਂ ਛਿਨਾਂ ਨੂੰ ਕਿਸੇ ਖੁਸ਼ਕ ਗਯਾਨ ਨਾਲ ਦੂਰ ਨਹੀਂ ਕਰਨਾ, ਉਸ ਵੇਲੇ ਉਹ ਨਰਮੀ, ਓਹ ਪੰਘਰ, ਉਹ ਵੈਰਾਗ, ਉਹ ਦ੍ਰਵਣਤਾ ਵਾਹਿਗੁਰੂ ਦੇ ਪਯਾਰ ਵਿਚ ਪਲਟ ਲੈਣੀ, ਖਯਾਲ ਕਰਨਾ ਕਿ ਵਾਹਿਗੁਰੂ ਸਾਡੇ ਪਯਾਰ ਦਾ ਨਿਸ਼ਾਨਾ ਸਾਡਾ ਅਸਲੀ ਪ੍ਰੀਤਮ ਹੈ, ਅਸੀਂ ਉਸ ਤੋਂ ਵਿਛੁੜ ਰਹੇ ਹਾਂ, ਸਾਨੂੰ ਓਹ ਕਿਵੇਂ ਮਿਲੇ। ਇਹ ਸੋਚ ਨੂੰ ਪਲਟਾ ਦੇਂਦੇ ਹੋਏ ਅਸੀਂ ਅਰਦਾਸ ਵਿਚ ਚਲੇ ਜਾਈਏ। ਵਾਹਿਗੁਰੂ ਜੀ ਨੂੰ ਅਰਜ਼ੋਈ ਕਰੀਏ, ਸਾਨੂੰ ਮਿਲੋ, ਚਰਨੀਂ ਲਾਵੋ, ਨਾਮ ਦਾਨ ਬਖਸ਼ੋ ਤੇ ਡਾਹਡੇ ਪਿਆਰ ਵਿਚ ਗਾਵੀਏ :—

ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘ ਨਾਸ ॥
ਹੇ ਪੂਰਨ ਹੇ ਸਰਬਮੈ ਦੁਖ ਭੰਜਨ ਗੁਣਤਾਸ ॥
ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥
ਹੇ ਗੋਬਿਦ ਹੇ ਗੁਣਨਿਧਾਨ ਜਾ ਕੈ ਸਦਾ ਬਿਬੇਕ ॥
ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ ॥
ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ ॥
ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥ (ਗਉ: ਬਾਵਨ: 55)

ਹਾਂ

ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥

ਦੂਜੀ ਗਲ ਕਰਨ ਵਾਲੀ ਇਹ ਹੈ ਕਿ ਆਪ ਦੀ ਸੰਤ ਮਾਤਾ ਵਾਹਿਗੁਰੂ ਜੀ ਦਾ ਨਾਮ ਸਿਮਰਦੀ ਰਸ ਮਾਣਦੀ, ਸਹਿ੍ ਸੁਭਾ ਜਗਤ ਦਾ ਭਲਾ ਕਰਦੀ ਸੀ। ਅਨੇਕ ਦੁਖੀਆਂ ਨੂੰ, ਸੁਫੇਦ ਪੋਸ਼ ਲੋੜਵੰਦਾਂ ਨੂੰ ਉਹ ਗੁਪਤ ਮਦਦ ਦਿਤਾ ਕਰਦੀ ਸੀ ਤੇ ਦੇ ਕੇ ਜਾਣਿਆ ਨਹੀਂ ਸੀ ਕਰਦੀ। ਸੋ ਤੁਸੀਂ ਬੀ ਇਹ ਗੁਣ ਧਾਰਨ ਕਰੋ, ਉਨਾਂ ਦੇ ਵਿਛੋੜੇ ਦੇ ਵੈਰਾਗ ਤੋਂ ਇਹ ਸੁਮੱਤ ਲਵੋ ਕਿ ਅਪਨੇ ਜੀਵਨ ਨੂੰ ਉਨਾਂ ਦੇ ਨਕਸ਼ੇ ਪਰ ਢਾਲੋ।

ਬਾਣੀ ਨਾਲ ਪਿਆਰ ਅਗੇ ਨਾਲੋਂ ਵਧੇ ਪਹਿਲਾ ਕੰਮ ਹੈ ਇਹ, ਨਾਮ ਨਾਲ ਸ਼ੌਕ ਵਧੇ, ਨਾਮ ਸਿਮਰਨ ਤੇ ਸਿਮਰਨ ਲਿਵ ਦੀ ਸ਼ਕਲ ਪਕੜੇ ਦੂਸਰਾ ਕੰਮ ਇਹ ਹੈ। ਜਿਨ੍ਹਾਂ ਲੋੜ ਵੰਦਾਂ ਨੂੰ ਸੰਤ ਮਾਤਾ ਦੇ ਹਥੋਂ ਸਹਾਯਤਾ ਪਹੁੰਚਦੀ ਸੀ ਹੁਣ ਆਪ ਤੋਂ ਪਹੁੰਚੇ ਤੀਜਾ ਕੰਮ ਇਹ ਹੈ।

ਧਨ ਦਾ ਇਹ ਵਰਤਾਉ ਤਾਂ ਅਪਨਾ ਸੁਖ ਹੈ ਪਰ ਬਹੁਤੀ ਵਾਲੇ ਦੇ ਸਿਰ ਦੁਖ ਹਰਨ ਦੀ, ਦੁਖੀਆਂ ਦੇ ਦੁਖ ਦੂਰ ਕਰਨ ਦੀ ਇਕ ਤਰ੍ਹਾਂ ਇਖਲਾਕੀ ਜ਼ਿੰਮੇਵਾਰੀ ਹੁੰਦੀ। ਉਧਰ ਧਨ ਦਾ ਸਫਲ ਵਰਤਾਓ ਹੋਣਾ ਚਾਹੀਏ। ਦਾਨ ਕਰਨਾ ਬੜਾ ਕਠਨ ਕੰਮ ਹੈ। ਅਕਸਰ ਅਸੀਂ ਅਪਨੀ ਹਉਂ ਨੂੰ ਪੱਠੇ ਪਾਉਣ ਵਾਸਤੇ ਦਾਨ ਕਰਦੇ ਹਾਂ। ਜਗਤ ਨੂੰ ਲਾਭ ਘਟ ਹੁੰਦਾ ਹੈ। ਕਈ ਵੇਰ ਕੁਛ ਹਉਂ ਵਧ ਜਾਂਦੀ ਹੈ ਤੇ ਵਰਤਾਉ ਵਿਚ ਹੈਂਕੜ ਆ ਜਾਂਦਾ ਹੈ। ਦਾਨ ਇਸ ਵਾਸਤੇ ਦੇਣਾ ਚਾਹੀਏ ਕਿ ਜਗਤ ਵਿਚ ਪਦਾਰਥ ਦੀ ਵੰਡ ਇਕ ਸਾਰ ਨਹੀਂ ਹੈ, ਜਿਨ੍ਹਾਂ ਨੂੰ ਸਾਈਂ ਨੇ ਦਿੱਤਾ ਹੈ ਓਹ ਅਗੋਂ ਦੇ ਕੇ ਸੁਖ ਮਨਾਉਣ, ਉਹ ਜੋ ਬਹੁਤੇ ਵਿਰਸੇਦਾਰ ਬਣੇ ਹਨ ਤਾਂ ਉਹ ਬਹੁਤੇ ਦਾਨੀ ਹੋਣ, ਧਨ ਦਾ ਮਤਲਬ ਸੁਖ ਹੈ, ਸੋ ਇਸ ਜਗਤ ਵਿਚ ਦੁਖ ਬਹੁਤ ਹੈ ਉਸ ਵਿਚ ਦੁਖੀਆਂ ਦੇ ਦੁਖ ਹਰਨ ਵਿਚ ਧਨ ਦਾ ਖਰਚ ਹੋਣਾ ਧਨ ਦੇ ਪ੍ਰਯੋਜਨ ਦੇ ਸਿਰੇ ਚੜ੍ਹਨਾ ਹੈ ਤੇ ਇਹ ਹੀ ਧਨ ਦੀ ਸਫਲਤਾ ਹੈ, ਪਰ ਧਨ ਐਉਂ ਨ ਦੇਵੇ ਕਿ ਮੈਂ ਦਾਤਾ ਹਾਂ, ਐਉਂ ਦੇਵੇ ਕਿ ਮੈਂ ਸਾਈਂ ਦੇ ਦਰ ਦਾ ਮੰਗਤਾ ਹਾਂ, ਮੈਨੂੰ ਉਥੋਂ ਖੈਰ ਪੈਂਦੀ ਹੈ। ਮੇਰੇ ਪਾਸ ਮੇਰੀਆਂ ਲੋੜਾਂ ਤੋਂ ਵੱਧ ਹੈ ਸੋ ਮੈਂ ਇਸਨੂੰ ਸਫਲ ਕਰਾਂ। ਦੂਸਰੇ ਦੇਣਾ ਆਪਣੇ ਆਪ ਨੂੰ ਦੇਣਾ ਹੈ। ਕਿਉਂਕਿ ਉਹੋ ਜੋਤਿ ਦੂਸਰੇ ਵਿਚ ਜੋ ਅਪਨੇ ਵਿਚ ਹੈ। ਜਦ ਜੋਤਿ ਦੀ ਏਕਤਾ ਹੈ ਤਾਂ 'ਸਰੀਰ' ਦੀ ਤੇ 'ਹਉਂ' ਦੀ ਜੋ ਦੂਰੀ ਹੈ ਇਹ ਭੁਲੇਵਾ।

ਇਸ ਭੁਲੇਵੇ ਨੂੰ ਦੂਰ ਕਰੀਏ ਤਾਂ ਦੂਏ ਨੂੰ ਦੇਣਾ ਆਪਣੇ ਆਪ ਨੂੰ ਦੇਣਾ ਹੈ, ਦੁਖੀਏ ਦਾ ਦੁਖ ਹਰਨਾ ਆਪਣਾ ਦੁਖ ਹਰਨਾ ਹੈ। ਫਿਰ :

ਉਹ ਜੋਤਿ ਜੋ ਮੇਰੇ ਤੇ ਦੂਏ ਵਿਚ ਹੈ, ਸਾਂਈਂ ਦੀ ਹੈ, ਤਾਂ ਸਭ ਵਿਚ ਜੋਤਿ ਉਸਦੀ ਹੈ, ਇਸ ਤੋਂ ਐਉਂ ਸਮਝੇ ਕਿ ਮੇਰਾ ਦੂਏ ਨੂੰ ਦੇਣਾ ਉਸੇ ਜੋਤੀ ਸਰੂਪ ਅਗੇ ਭੇਟਾ ਹੈ। ਇਥੇ ਇਕ ਵਿਚਾਰ ਹੋਰ ਇਹ ਹੈ ਕਿ ਦੁਖੀਆਂ ਦੀ ਸਹਾਯਤਾ ਕਰ, ਦੇਵੇ, ਉਨਾਂ ਨੂੰ ਪਿਆਰ ਦਾਨ ਕਰੇ ਪਰ ਅਪਣੇ ਅੰਦ੍ਰਲੇ ਨੂੰ ਸਾਈ ਨਾਲ ਰਗੜ ਵਿਚ ਲਿਆਵੇ, ਮੇਲ ਵਿਚ ਲਿਆਵੇ, ਅਰਥਾਤ ਸਾਡਾ ਮਨ ਵਾਹਿਗੁਰੂ ਜੀ ਦੇ ਮਨ ਨਾਲ in rapport with ਆਵੇ, ਦੁਖੀਆਂ ਦੇ ਮਨ ਦੀ ਹੀਣੀ ਦਸ਼ਾ ਦੇ in rapport with ਨਾਂ ਆਵੇ, ਕਿਉਂਕਿ ਅਸਾਂ ਦਾਨ ਕਰਨ ਨਾਲ ਬੀ ਆਪਣੇ ਮਨ ਨੂੰ ਦ੍ਰਿਸ਼ਟਾ ਪੱਖ (Subjectivity) ਵਿਚ ਲਿਜਾ ਕੇ ਲਾਭ ਪੁਚਾਣਾ ਹੈ, ਉਸਦੀ ਤਰਕੀਬ ਇਹੋ ਹੈ ਕਿ : ਜੋ ਦੇਵੇ ਸੋ ਸਾਂਈਂ ਨੂੰ ਅਰਪਣ ਕਰੋ, ਜਿਸ ਤਰ੍ਹਾਂ ਠਾਕਰਾਂ ਦੇ ਪੂਜਕ ਮੋਹਨ ਭੋਗ ਠਾਕਰਾਂ ਅਗੇ ਰਖਦੇ ਹਨ, ਤਿਵੇਂ ਜੋ ਦਾਨ ਕਰੋ ਅਪਨੇ ਮਨ ਵਿਚ ਅਰਦਾਸ ਕਰਕੇ ਸਾਈਂ ਦੇ ਚਰਨਾਂ ਵਿਚ ਰਖੋ, ਫਿਰ ਸਾਵਧਾਨ ਹੋ ਕੇ ਜਿਥੇ ਦੇਣਾ ਹੈ ਦੇਵੇ, ਦੇ ਕੇ ਫਿਰ ਖਯਾਲ ਕਰੋ ਕਿ ਮੈਂ ਦੇਣਹਾਰ ਨਹੀਂ, ਕੋਈ ਲੈਣਹਾਰ ਨਹੀਂ, ਮੈਨੂੰ ਸਾਈਂ ਨੇ ਦਿੱਤਾ ਸੀ ਮੈਂ ਉਸਦੇ ਚਰਨਾਂ ਵਿਚ ਧਰ ਕੇ ਕਿਸੇ ਨੂੰ ਦੇ ਦਿਤਾ ਹੈ। ਏਹ ਦੇਣ ਨਹੀਂ ਜੀਵਨ ਦੀ ਸਫਲਤਾ ਹੈ, ਮੈਂ ਕਿਥੇ ਦੇਣ ਜੋਗਾ ਹਾਂ, ਤੁਕ ਪੜੋ :—

ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥

(ਧਨਾ: ਰਵਿਦਾਸ)

ਫੇਰ ਪੜ੍ਹੋ :—

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ (ਸਲੋਕ ਕਬੀਰ—203)

ਐਉਂ ਧਨ ਤੇ ਐਉਂ ਹੀ ਤਨ ਤੇ ਐਉਂ ਹੀ ਮਨ ਅਰਸ਼ਾਂ ਦੇ ਮਾਲਕ ਵਾਹਿਗੁਰੂ ਦਾ ਸਮਝੇ, ਦੁਖੀਆਂ ਨੂੰ ਦੇਣ ਵੇਲੇ ਧਨ, ਨਾਮ ਜਪਦਿਆਂ ਵਾਹਿਗੁਰੂ ਦੀ ਲਿਵ ਵਿਚ ਆਪਾ ਸਮਰਪਨ ਕਰਨ ਵੇਲੇ ਆਪਣਾ ਆਪਾ। ਐਉਂ ਜੇ ਅਪਣੇ ਅੰਦਰੋਂ ਪ੍ਰਬੁਧ ਹੋ ਕੇ ਦਾਨ ਕਰੇਗਾ ਤਾਂ ਦਾਨ ਨਾਲ ਆਪਣਾ ਆਪ ਉੱਚਾ ਹੋ ਕੇ ਦ੍ਰਿਸ਼ਟਾ ਪਦ ਵਿਚ ਆਵੇਗਾ, ਤੇ ਨਾਲ ਜੋ ਨਾਮ ਜਪ ਰਿਹਾ ਹੈ ਉਸਦੀ ਸਹਾਯਤਾ ਨਾਲ ਸਾਈਂ ਨਾਲ ਮਿਲਿਆ ਰਹੇਗਾ।

ਸੋ ਨਿਕੀਆਂ ਸੋਚਾਂ ਛੋੜ ਦਿਓ, ਵਾਹਿਗੁਰੂ ਜੀ ਤੋਂ ਭੁਲੇ ਹੋਏ ਯਾ ਅਵੇਸਲੇ ਹੋਏ ਲੋਕਾਂ ਵਾਂਙੂ ਹਾਵੇ ਤੇ ਹਾਹੁਕੇ ਵਿਚ ਨਾ ਜਾਓ। ਬੇਸ਼ਕ ਵਿਗੋਚੇ ਆਏ ਹਨ ਤੇ ਤੁਹਾਡੀਆਂ ਜ਼ਿੰਮੇਵਾਰੀਆਂ ਵਧੀਆਂ ਹਨ, ਪਰ ਸਾਈਂ ਤਾਰਨਹਾਰ ਸਿਰ ਤੇ ਹੈ, ਸਹਾਈ ਹੈ, ਉਧਰ ਮਾਤਾ ਦਾ ਫਿਕਰ ਨਾ ਕਰੋ, ਮਾਤਾ ਨਹੀਂ ਮਰੀ, ਉਹ ਜੀਵਦਿਆਂ ਦੇ ਦੇਸ਼ ਗਈ ਹੈ, ਜੇ ਉਸਨੂੰ ਖੁਸ਼ ਕਰਨਾ ਹੈ ਤਾਂ ਆਪਾ ਸੁਆਰੋ, ਉੱਚਾ ਕਰੋ, ਨਾ ਸੋਚੋ ਕਿ ਵਕਤ ਨਹੀਂ ਸੀ, ਫਲਾਣੀ ਗੱਲ ਕਰਨੀ ਸੀ, ਫਲਾਣਾ ਵਿਗੋਚਾ ਆ ਗਿਆ ਹੈ, ਹਾਂ ਇਹ ਸੋਚਾਂ ਆਉਣਗੀਆਂ, ਪਰ ਇਨਾਂ ਨੂੰ ਹਟਾਓ ਤੇ ਇਸ ਸੋਚ ਵਿਚ ਜਾਓ ਕਿ ਸੰਤ ਮਾਂ ਉੱਚੇ ਸਤਿਸੰਗ ਮੰਡਲ ਵਿਚ ਹੈ,

ਮੈਂ ਜਦੋਂ ਸੰਸਾਰ ਜਾਤ੍ਰਾ ਪੂਰੀ ਕਰਕੇ ਜਾਵਾਂ ਮੈਂ ਬੀ ਓਥ ਜਾਵਾਂ। ਇਸ ਲਈ ਮੈਂ ਆਪਣੀ ਰਾਣੀ ਅੰਮਾਂ, ਰਾਜ ਬਹਾਲੀ ਅੰਮਾਂ, ਸੁਹਣੀ ਅੰਮਾਂ ਵਰਗੇ ਸੁਹਣੇ ਅਮਲ ਕਰਾਂ। ਮਾਂ ਨੂੰ ਸੁਖ ਸਮਝ ਕੇ, ਉਚੀ ਸਮਝ ਕੇ, ਹਾਵਾ ਨਾ ਕਰੋ ਤੇ ਇਸ ਦੀ ਥਾਵੇਂ ਆਪਾ ਉਚਾ ਕਰੋ, ਨਾਮ ਵਿਚ ਲਗੇ ਰਹੋ, ਬਾਣੀ ਦਾ ਲੜ ਫੜੀ ਰਖੋ, ਨਾਮੀ ਸਤਿਸੰਗ ਮਿਲੇ ਤਾਂ ਲਾਭ ਉਠਾਓ, ਦਾਨ ਨੂੰ ਚਿਤ ਕਰੋ ਤਾਂ ਧਨ ਨੂੰ ਸਫਲ ਕਰੋ। ਐਉਂ ਸਹਜ ਸੁਭਾਵ ਜਿਵੇਂ ਖਿੜਿਆ ਗੁਲਾਬ ਸਹਜ ਸੁਭਾਵ ਖੁਸ਼ਬੂ ਦਾਨ ਕਰਦਾ ਹੈ, ਖੁਸ਼ਬੂ ਦਾਨ ਕਰਦਾਂ ਗੁਲਾਬ ਜਤਲਾਉਂਦਾ ਨਹੀਂ, ਕਿਸੇ ਤੇ ਅਹਸਾਨ ਨਹੀਂ ਕਰਦਾ, ਆਪ ਆਕੜਦਾ ਨਹੀਂ, ਆਪਣੇ ਹੁਸਨ ਵਿਚ, ਅਪਣੇ ਖੇੜੇ ਵਿਚ, ਆਪਣੇ ਰੰਗ ਵਿਚ ਅਪਣੀ ਕੋਮਲਤਾ ਵਿਚ ਖੁਸ਼ਬੂ ਦੇ ਰਿਹਾ ਹੈ ਤੇ ਆਪੇ ਵਿਚ ਮਗਨ ਖੜਾ ਹੈ। ਐਉਂ ਸਤਿਗੁਰ ਦੀ ਮੇਹਰ ਨਾਲ ਆਪਾ ਜਿਣੋ, ਆਪਾ ਸੁਆਰੋ, ਆਪਾ ਉੱਚਾ ਕਰੋ, ਆਪਾ ਸਾਈਂ ਸ਼ਰਨ ਵਿਚ ਮੇਲ ਲਓ। ਮਾਤਾ ਜੀ ਦਾ, ਸੰਤ ਮਾਤਾ ਦਾ ਸਤਸੰਗ ਮੰਡਲ ਵਾਲੀ ਮਾਤਾ ਦਾ ਵਿਯੋਗ ਐਉਂ ਤੁਸਾਡਾ ਅੱਗਾ ਸੁਆਰਨਹਾਰ ਹੋ ਜਾਵੇ। ਵਾਹਿਗੁਰੂ ਮੇਹਰ ਕਰੇ ਕਿ ਤੁਸੀਂ ਇਸ ਪਹਿਲੂ ਵਿਚ ਸੁਖ ਮਾਣੋ, ਫਕੀਰਾਂ ਵਲੋਂ ਇਹੋ ਅਰਦਾਸ ਹੈ :

ਤੈਨੂੰ ਰੱਬ ਨਾ ਭੁਲੇ ਦੁਆ ਫਕੀਰਾਂ ਦੀ ਏਹਾ।
ਗੁਰਾ ਇਕ ਦੇਹਿ ਬੁਝਾਈ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥

—ਵੀਰ ਸਿੰਘ

ਫੁਟਕਲ

੬੧

......1909

ਪਯਾਰੇ ਜੀ,

ਦਿਲ ਦਾ ਲਗਣਾ ਤੇ ਨਾ ਲਗਣਾ, ਦੁਖ ਤੇ ਸੁਖ, ਖੇਚਲਾਂ ਤੇ ਆਰਾਮ ਏਹ ਸਾਰੇ ਤੇ ਨਾਲ ਧਿਆਨ ਤੇ ਦਰਸ਼ਨ ਐਸੀਆਂ ਗੱਲਾਂ ਹਨ, ਜਿਨ੍ਹਾਂ ਕਰਕੇ ਨਾਮ ਵਿਚ ਫਰਕ ਨਹੀਂ ਪੈਣਾ ਚਾਹੀਦਾ। ਜੇ ਜਪਣ ਦੀ ਝੱਲ ਪੱਕ ਜਾਵੇ ਤਦ ਹੋਰ ਕੀ ਚਾਹੀਦਾ ਹੈ। ਧਿਆਨ ਬੀ ਇਸ ਦੇ ਮਗਰ ਹੈ ਤੇ ਦਰਸ਼ਨ ਬੀ ਮਗਰੇ ਹਨ ਤੇ ਦੁਖ ਬੀ ਆਪੇ ਦੂਰ ਹੁੰਦੇ ਤੇ ਦਿਲ ਬੀ ਆਪੇ ਲਗ ਪੈਂਦਾ ਹੈ :—

ਸਭੇ ਗਲਾਂ ਵਿਸਰਨੁ ਇਕੋ ਵਿਸਰਿ ਨ ਜਾਉ ॥ (ਸਿਰੀ ਮ: 5)
'ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥' (ਵਾਰ ਆਸਾ—8)

ਇਕ ਗੱਲ ਇਹੋ ਹੈ

"ਕਾਰਜਿ ਕਾਮਿ ਬਾਟ ਘਾਟ ਜਪੀਜੈ ॥" (ਆਸਾ ਮ: 5—61)
"ਵਿਸਰੁ ਨਹੀ ਦਾਤਾਰ ਆਪਣਾ ਨਾਮੁ ਦੇਹੁ" ॥ (ਸੂਹੀ ਮ: 5)

ਸਭ ਤੋਂ ਮੁਖ, ਜਿਕੂੰ ਦਾਇਰੇ ਦਾ (**Centre**) ਕੇਂਦ੍ਰ ਹੁੰਦਾ ਹੈ, ਆਪਣੀ ਸੁਰਤ ਦਾ ਕੇਂਦ੍ਰ ਨਾਮ ਨੂੰ ਬਣਾਓ, ਇਸੇ ਦੇ ਦੁਆਲੇ ਸੁਆਸ ਸੁਆਸ ਘੁੰਮੇ, ਧਯਾਨ ਬੀ ਇਸੇ ਘੇਰੇ (**Circumference**) ਵਿਚ ਪਏ ਦਿਸਣਗੇ ਅਤੇ ਸੁਖ ਬੀ ਸਨੇ ਆ ਜਾਣਗੇ। ਜਨਮਾਂ ਦੀਆਂ ਭੁੱਲਾਂ ਲਗਾਤਾਰ ਜਪਣ ਨਾਲ ਹਟਦੀਆਂ ਹਨ। ਜਪੋ ਅਰ ਐਦਾਂ 'ਸਾਵਧਾਨ ਏਕਾਗਾਰ ਗੀਤ'। ਜੇ ਚਿਤ ਨਾ ਲਗੇ ਤਦ ਦਬਾ ਕੇ ਲਗੋ ਹੋਰ ਸਾਵਧਾਨ ਹੋ ਕੇ ਲਗੋ। ਦੁਨੀਆਂ ਦੇ ਦੁਖ ਸੁਖ ਅਤੇ ਸਰੀਰ ਦੇ ਰੋਗ ਅਰੋਗ ਦੀ ਰਤੀ ਪਰਵਾਹ ਨਹੀਂ ਚਾਹੀਦੀ। ਸੁਰਤ ਜਦ ਸਾਫ ਹੁੰਦੀ ਹੈ ਏਹਨਾਂ ਨੂੰ ਆਪੇ ਹੀ ਦਰੁਸਤੀ ਪ੍ਰਾਪਤ ਹੋ ਜਾਂਦੀ ਹੈ। ਨੀਯਤ ਦਾ ਨਿਸ਼ਾਨਾ ਏਹ ਚਾਹੀਦਾ ਹੈ:

'ਸਹਜ ਸੁਭਾਇ ਹੋਵੈ ਜੋ ਹੋਇ ॥
ਕਰਣੈਹਾਰੁ ਪਛਾਣੈ ਸੋਇ ॥ (ਸੁਖਮਨੀ—14)

ਸਾਰਿਆਂ ਪਯਾਰਿਆਂ ਜੋਗ ਫਤਹਿ।

—ਵੀਰ ਸਿੰਘ

੬੨

.........1910

ਪਿਆਰੇ ਜੀ,!

ਆਪ ਦੇ ਪ੍ਰਸ਼ਨਾਂ ਦੇ ਉੱਤਰ ਐਉਂ ਹਨ :—

'ਸਿੱਖ' ਲਫ਼ਜ਼ ਵਿਚ ਸੰਭਾਵਨਾ ਹੈ 'ਗੁਰੂ' ਦੀ । ਜਿਸ ਤਰ੍ਹਾਂ 'ਸੁਹਾਗਣ' ਲਫ਼ਜ਼ ਵਿਚ ਸੰਭਾਵਨਾ ਹੈ 'ਪਤੀ' ਦੀ । ਇਸ ਕਰਕੇ ਸਿੱਖੀ ਦੇ ਦੋ ਮੰਡਲ ਹਨ, 'ਗੁਰੂ' ਤੇ 'ਸਿੱਖ' ।

ਗੁਰੂ ਮੰਡਲ ਦਾ ਮਾਲਕ ਅਕਾਲਪੁਰਖ ਹੈ ਤੇ ਸਿੱਖੀ ਮੰਡਲ ਵਿਚ ਦਾਸ ''ਸਿੱਖ'' ਹੈ ।

(1) ਮੇਰਾ ਮਤਲਬ ਇਹ ਹੈ ਕਿ ਮੈਂ 'ਗੁਰੂ' ਸ੍ਰੀ ਅਕਾਲਪੁਰਖ ਨੂੰ ਮੰਨਦਾ ਹਾਂ । ਵਾਸਤਵ ਵਿਚ ਅਕਾਲਪੁਰਖ ਨਿਰਾਕਾਰ, ਤ੍ਰੈਗੁਣ ਤੇ ਭਿੰਨ ਰੂਪ ਰੇਖ ਤੋਂ ਨਯਾਰਾ ਹੈ, ਉਸ ਦੇ ਇਹ ਸਰੂਪ ਤਾਂ 'ਸਤਾ ਮਾਤ੍ਰ' 'ਚੇਤਨ ਮਾਤ੍ਰ' ਤੇ ''ਪ੍ਰੇਮਾਨੰਦ'' ਮਾਤ੍ਰ ਹੈ । ਅਰਥਾਤ ਤ੍ਰੈਕਾਲ ਅਬਾਧ ਰੂਪ ਹੈ, ਪੂਰਨ ਚੈਤੰਨਯ ਹੈ ਤੇ ਪ੍ਰੇਮ ਅਨੰਦ ਰੂਪ ਹੈ ।

ਪਰ ਜਦ ਸੰਸਾਰ ਰਚਦਾ ਹੈ ਤਾਂ ਉਸ ਦੇ ਤ੍ਰੈ ਬਿਰਦ ਯਾ ਤ੍ਰੈ ਹੋਰ ਨਾਮਾਂ ਨਾਲ ਉਸ ਨੂੰ ਚੇਤੇ ਕਰੀਦਾ ਹੈ, ਸੰਸਾਰ ਰਚਦਾ ਹੈ ਇਸ ਕਰਕੇ ਕਰਤਾਪੁਰਖ ਕਹੀਦਾ ਹੈ । ਪ੍ਰੇਮ ਸਰੂਪ ਹੈ ਇਸ ਕਰਕੇ ਨਿਰਾ ਰਚਨਾ ਉਸ ਦਾ ਧਰਮ ਨਹੀਂ ਹੋ ਸਕਦਾ । ਰਚ ਕੇ ਪਾਲਨਾ ਬੀ ਉਸ ਦਾ ਧਰਮ ਹੈ, ਇਸ ਕਰਕੇ ਉਹ ਪਰਵਰਦਗਾਰ ਅਰਥਾਤ ਪਾਲਨਹਾਰ ਯਾ ਗੋਪਾਲ ਹੈ ਤੇ ਪਾਲ ਕੇ ਇਵੇਂ ਛੱਡ ਦੇਵੇ ਤਾਂ ਬੀ ਪ੍ਰੇਮ ਨਹੀਂ । ਰਚ ਕੇ ਪਾਲ ਕੇ ਮਤਿ ਦੇਣੀ ਬੀ ਉਸ ਦਾ ਧਰਮ ਹੈ, ਤੇ ਮਤਿ ਦੇ ਕੇ ਸੁਮਤਿ ਵਿਚ ਰਖਣਾ ਯਾ ਕੁਮਤਿ ਤੋਂ ਸੁਮਤਿ ਵਿਚ ਚਾ ਲੈਣਾ ਉਸ ਦਾ ਧਰਮ ਹੈ, ਇਸ ਨੂੰ ਸਿਖਾਵਨਹਾਰ ਯਾ 'ਗੁਰੂ' ਬਿਰਦ ਕਹੀਦਾ ਹੈ ।

ਸੋ ਅੱਖ ਚਕ ਕੇ ਦੇਖ ਲਵੋ ਕਿ ''ਜਿਨਿ ਜੀਉਦੀਆ ਸੁ ਰਿਜਕੁ ਅੰਬਰਾਵੈ ਪ੍ਰੀਤਮ'' ਹੋ ਰਿਹਾ ਹੈ ਤੇ ਨਾਲ ਹੀ ''ਸਭ ਘਟ ਭੀਤਰਿ ਹਾਟੁ ਚਲਾਵੈ'' ਦੀ ਗੁਰਿਆਈ ਵਾਲੀ ਮਤਿ ਦਾਨ ਬੀ ਹਰ ਘਟ ਵਿਚ ਬੈਟ ਕੇ ਦੇ ਰਿਹਾ ਹੈ । ਹਰ ਦਿਲ ਵਿਚ ਸੰਤ ਤੋਂ ਲੈ ਕੇ ਪਾਪੀ ਤਕ, ਹਾਥੀ ਤੋਂ ਲੈ ਕੇ ਕੀੜੀ ਤਕ ਸਾਂਈ ਮਤਿ ਦੇ ਰਿਹਾ ਹੈ, ਹਰ ਗਲੇ, ਹਰ ਲੋੜ ਹਰ ਵੇਲੇ ਇਲਹਾਮ ਉਤਰ ਰਿਹਾ ਹੈ । ਜਿਕੂੰ ਹਰਦਮ ਸ੍ਰਿਸ਼ਟੀ ਦੀ ਰਚਨਾ ਜਾਰੀ ਹੈ, ਹਰਦਮ ਵਿਸ਼ਵ-ਭਰਤਾ-ਸੰਸਾਰ ਦੀ ਪਾਲਨਾ ਜਾਰੀ ਹੈ, ਇਸੀ ਤਰ੍ਹਾਂ ਹਰਦਮ ਹਰ ਛਿਨ ਚਿਤਾਂ ਪਰ ਇਲਹਾਮ ਉਤਰ ਰਿਹਾ ਹੈ । 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਰੂਹ ਵਿਚ ਮੌਜੂਦ ਲੇਖ ਹੈ ।

ਪਰ ਬੰਦੇ ਨੇ ਸਾਂਈ ਦੀ ਬੰਦਸ਼ ਵਿਚ ਰਹਿਣਾ ਯਾ ਦ੍ਰਿਸ਼ਟਾ ਵਹਿਗੁਰੂ ਵਲ ਦੇਖਦੇ ਰਹਿਣਾ ਛਡ ਕੇ ਉਸ ਦੀ ਸਨਮੁਖਤਾ ਤਯਾਗ ਕੇ ਦ੍ਰਿਸ਼ਟਮਾਨ ਨਾਲ ਮੋਹ ਲਾ ਲਿਆ ਹੈ । ਇਸ

ਮੋਹ ਮਾਯਾ ਪਾਈ ਹੈ ਤੇ ਹਿਰਦੇ ਤੇ ਹਰ ਛਿਨ ਵਜਦੀਆਂ ਇਲਹਾਮ ਦੀਆਂ ਚੋਟਾਂ ਸੁਣਾਈ ਨਹੀਂ ਦਿੰਦੀਆਂ। ਮਨੁੱਖ ਭੁੱਲਦਾ ਭੁੱਲਦਾ ਜਾਂਦਾ ਇਥੋਂ ਤਕ ਗਿਰਦਾ ਹੈ ਕਿ ਸੰਸਾਰ ਵਿਚ ਗਿਲਾਨ ਉਪਜਦੀ ਹੈ, ਤਦੋਂ ਵਾਹਿਗੁਰੂ ਇਕ ਮੁਕੰਮਲ ਜੋਤਿ ਵਿਚ ਗੁਰਯਾਈ ਦਾ ਬਿਰਦ ਪਾ ਕੇ ਉਸ ਨੂੰ ਦ੍ਰਿਸ਼ਟਮਾਨ ਸੰਸਾਰ ਵਿਚ ਘੱਲਦਾ ਹੈ, ਕਿ ਜੋ ਲੋਕਾਂ ਨੂੰ ਦਿੱਸੇ, ਮਿੱਠਾ ਤੇ ਪਯਾਰਾ ਲਗੇ, ਅਰ ਕੰਨਾਂ ਬਾਣੀ ਉਪਦੇਸ਼ ਦੇਵੇ ਅਰ ਮੇਹਰ ਨਾਲ ਮਨ ਪਲਟ ਕੇ ਸਚੇ ਮਾਰਗ ਲਾ ਦੇਵੇ। ਇਸ ਦਾ ਨਾਉਂ ਗੁਰੂ ਨਾਨਕ ਹੈ, ਅਰ ਇਸ ਨੂੰ ਮੈਂ "ਗੁਰੂ" ਮੰਨਿਦਾ ਹਾਂ।

ਗੁਰੂ ਨਾਨਕ ਜਦ ਸੰਸਾਰ ਵਿਚ ਆਇਆ ਇਸ ਤੋਂ ਪਹਿਲੇ ਇਨ੍ਹਾਂ ਦੇ ਬ੍ਰਿਦ ਦਾ ਝਲਕਾ ਸਾਂਈ ਨੇ ਕਈਆਂ ਲੋਕਾਂ ਵਿਚ ਦੇ ਕੇ ਸੰਸਾਰ ਨੂੰ ਬਚਾਇਆ। ਏਹ ਲੋਕ ਗੁਰੂ ਦੀ ਥਾਵੇਂ ਕੰਮ ਕਰਦੇ ਗਏ, ਜਿਵੇਂ ਅਸਲੀ ਅਫਸਰ ਦੀ ਥਾਂ ਮੁਕਾਮ ਕਰਦੇ ਰਹੇ। ਵਿਸ਼ੇਸ਼ ਹਾਲ ਭਾਈ ਸ਼ੰਕਰ ਦਯਾਲ ਜੀ ਦੇ ਜਪ ਸਟੀਕ ਦੇ ਦੀਬਾਚੇ ਵਿਚ ਪੜ੍ਹੋ।

ਉਨਾਂ ਵਿਚ ਪੂਰਨ ਜੋਤਿ ਗੁਰਯਾਈ ਦੀ ਇਸ ਕਰਕੇ ਨਹੀਂ ਸੀ ਕਿ ਓਹ ਲੇਸ਼ਾਵਿਦਯਾ ਤੋਂ ਖਾਲੀ ਨਹੀਂ ਸੀ। ਗੁਰ ਨਾਨਕ ਦੀ ਜੋਤਿ ਲੇਸ਼ਾਵਿਦਯਾ ਤੋਂ ਬੀ ਖਾਲੀ ਸੀ 'ਹੋਂਦਾ ਫੜੀਅਗੁ ਨਾਨਕ ਜਾਣੁ ॥ ਨਾ ਹਉ ਨਾ ਮੈਂ ਜੂਨੀਪਾਣੁ'। ਇਸ ਕਰਕੇ ਇਨਾਂ ਦੀ ਜੋਤਿ ਵਿਚ 'ਗੁਰੂ' ਜਯੋਤਿ ਦਾ ਪੂਰਾ ਬਿਰਦ ਸੀ, ਇਸੇ ਕਰਕੇ ਗੁਰ ਨਾਨਕ 'ਪੂਰਨ ਅਵਤਾਰ ਸੇ'—

ਗੁਰ ਨਾਨਕ ਨੇ ਜਦ ਦ੍ਰਿਸ਼ਟਮਾਨ ਸੰਸਾਰ ਵਿਚ ਸਥੂਲ ਸਰੀਰ ਵਿਚ ਵੱਸ ਕੇ, ਸਾਡੇ ਵਾਂਙੂ ਜ਼ਮੀਨ ਤੇ ਟੁਰਕੇ ਮਾਤਾ ਪਿਤਾ ਸੰਨਬੰਧੀ, ਇਸਤ੍ਰੀ ਪੁੱਤ੍ਰ ਪਰਵਾਰ ਵਿਚ ਵੱਸ ਕੇ ਦੁਖੀਆਂ ਵਿਚ ਰਹੇ ਅਗਯਾਨੀਆਂ, ਦੁਰਚਾਰੀਆਂ, ਠੱਗਾਂ ਪਾਪੀਆਂ ਨਾਲ ਵਾਹ ਪੈ ਪੈ ਤੇ ਆਪੇ ਵਾਰ ਵਾਰ ਕੇ ਕਲਾ ਵਰਤਾਈਆਂ, 'ਸਤਿਨਾਮ' ਦੇ ਵਾਸੇ ਅੰਦਰੀਂ ਕਰਾਏ ਤਾਂ ਗਿਲਾਨ ਉਡੀ, ਕਲਿਜੁਗ ਵਿਚ ਸਤਜੁਗ ਹੋਇਆ। ਮਾਨਸ ਤੇ ਦੇਵਤੇ ਹੋ ਗਏ। ਤਦ ਸਤਿਗੁਰ ਨੇ ਮਨੁਖ ਨੂੰ ਨਿਤਾਣਾ ਜਾਣ ਕੇ ਮੁੜ ਮੁੜ ਦਸ ਜਾਮੇ ਧਾਰੇ, ਅਰ ਫੇਰ ਫੇਰ ਆਏ। ਦਸਵੇਂ ਜਾਮੇ ਮਗਰੋਂ ਫੇਰ ਆਣ ਦੀ ਨਾਂ ਠਟੀ, ਪਰ ਗੁਰੂ ਬਿਰਦ ਨੂੰ ਸੰਸਾਰ ਵਿਚ ਦ੍ਰਿਸ਼ਟਮਾਨ ਵਿਚ ਕਾਯਮ ਰਖਣਾ ਜ਼ਰੂਰੀ ਜਾਤਾ, ਤਦ ਉਸ ਸਤਿ ਉਪਦੇਸ਼ ਨੂੰ ਜਿਸ ਨਾਲ ਉਸ ਨੇ ਜਗਤ ਤਾਰਿਆ ਸੀ, ਸਥੂਲ ਅਖਰਾਂ ਦੇ ਰੂਪ ਅਰ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਵਿਚ ਧਰ ਕੇ ਦ੍ਰਿਸ਼ਟਮਾਨ ਸੰਸਾਰ ਵਿਚ ਜਾਗਤੀ ਜੋਤ ਥਾਪਿਆ, ਅਰ ਗੁਰੂ ਦੇ ਕਾਰਜ ਨੂੰ ਗੁਰੂ ਦੇ ਸਥੂਲ ਸਰੀਰ ਵਿਚ ਨਾ ਹੋਣ ਦੀ ਹਾਲਤ ਵਿਚ ਸ੍ਰੀ ਗੁਰੂ ਗ੍ਰੰਥ ਦੀ ਤਾਬਿਆ ਪੰਥ ਨੂੰ ਗੁਰੂ ਰਚ ਕੇ ਵਿਚ ਰਸੀ ਜੋਤ ਵਸਾਣ ਦਾ ਇਕਰਾਰ (ਇਕ ਸਿੱਖ, ਦੁਇ ਸਾਧ ਸੰਗ, ਪੰਜੀ ਪਰਮੇਸਰ) ਕਰਕੇ ਗੁਰੂ ਦਾ ਪਰਤਖ ਤੇ ਵਿਦਤ ਬਿਰਦ ਕਾਯਮ ਕਰ ਦਿਤਾ। ਇਥੇ ਤਕ ਮੈਂ ਗੁਰੂ ਮੰਡਲ ਸਮਝਦਾ ਹਾਂ।

(2) ਦੂਸਰੇ ਪਾਸੇ ਸਿਖੀ ਦਾ ਮੰਡਲ ਹੈ। ਜੋ ਲੋਕ ਗੁਰੂ ਵਲ ਆਏ, ਜਿਨਾਂ ਪਯਾਰ ਨਾਲ ਕਿ ਖਿੱਚ ਨਾਲ ਗੁਰੂ ਡਿਠਾ, ਜਿਨ੍ਹਾਂ ਪਰ ਮੇਹਰ ਹੋਈ ਤੇ 'ਮਾਣਸਿ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ' ਦੇ ਵਾਕ ਮੂਜਬ ਬਲਿਹਾਰੀ ਗੁਰੂ ਨੇ ਮਾਨੁਖ ਨੂੰ ਦੇਵਤਾ ਕਰ ਦਿਤਾ।

ਅਰਥਾਤ ਗੁਰਮੁਖ ਕਰ ਦਿਤਾ ਜਿਨਾਂ ਨੂੰ ਅਠੇ ਪਹਰ ਨਾਮ ਨਹੀਂ ਵਿਸਰਦਾ, ਜੋ ਨਾਮ ਮਹਾਂਰਸ ਦੇ ਰਸੀਏ ਹਨ। ਏਹ ਲੋਕ ਸਿਖੀ ਮੰਡਲ ਵਿਚ ਹਨ।

ਜਦ ਗੁਰੂ ਦੇਹ ਵਿਚ ਹੋਵੇ, ਪਰ ਜਗਾਯਾਸੂ, ਜਿਸ ਦਾ ਦਿਲ ਪਰਮੇਸੁਰ ਗੁਰੂ ਦੇ ਹਰਦਮ ਦਿਲ ਪਰ ਪੈਂਦੇ ਇਲਹਾਮ ਨੂੰ ਨਹੀਂ ਸੁਣ ਸਕਦਾ ਤੇ ਵਿਦਤ ਗੁਰੂ (ਗ੍ਰੰਥ) ਦੀ ਓਟ ਲੈਂਦਾ ਹੈ ਤਾਂ ਉਸ ਨੂੰ ਇਕ ਸਿਖ ਦੀ ਮਦਦ ਦੀ ਲੋੜ ਹੈ, ਜਿਹੜਾ ਆਏ ਨੂੰ ਸ੍ਰੀ ਗ੍ਰੰਥ ਸਾਹਿਬ ਸੁਣਾਵੇ। ਇਸ ਨੂੰ ਗ੍ਰੰਥੀ ਆਖਦੇ ਹਨ, ਤੇ ਗ੍ਰੰਥੀ ਸਿਖ ਹੁੰਦਾ ਹੈ ਗੁਰੂ ਨਹੀਂ।

ਫੇਰ ਜੇ ਦਸ ਸਿਖ ਰਲ ਬੈਠਣ ਤੇ ਗੁਰੂ ਮੁਹਰੇ ਅਰਦਾਸ ਕਰਨੀ ਹੋਵੇ ਤਾਂ ਇਕ ਅਰਦਾਸ ਕਰਦਾ ਹੈ ਉਸ ਨੂੰ ਅਰਦਾਸੀਆ ਆਖਦੇ ਹਨ ਅਰ ਉਹ ਬੀ ਸਿੱਖ ਹੁੰਦਾ ਹੈ। ਤੇ ਜੇਕਰ ਜਗਯਾਸੂ ਦਾ ਜੀ ਕਰੇ ਕਿ ਮੈਂ ਸੁਣੀ ਨਹੀਂ, ਪਰ ਆਪ ਸਤਿਗੁਰ ਨਾਲ ਗੱਲਾਂ ਕਰਾਂ ਤਾਂ ਉਸ ਨੂੰ ਐਸੇ ਬੁਧੀਮਾਨ ਦੀ ਲੋੜ ਪੈਂਦੀ ਹੈ ਕਿ ਜੋ ਉਸ ਨੂੰ 35 ਅਖਰ ਤੇ 12 ਮਾਤ੍ਰਾਂ ਦਾ ਗਯਾਨ ਕਰਾ ਦੇਵੇ। ਇਸ ਸਹਾਯਤਾ ਬਿਨਾ ਉਹ ਪੜ੍ਹ ਨਹੀਂ ਸਕਦਾ, ਪਰ ਇਹ ਬੁਧੀਮਾਨ ਹੁੰਦਾ ਸਿਖ ਹੀ ਹੈ। ਜਦ ਪਾਠ ਸਰਲ ਹੋ ਜਾਵੇ ਤਦ ਕਠਨ ਪਦ, ਪੁਰਾਣੀ ਤੇ ਅਨਯ ਦੇਸ਼ਾਂ ਦੇ ਲਫ਼ਜ਼ਾਂ ਦੇ ਅਰਥਾਂ ਪਰ ਜਗਯਾਸੂ ਅਟਕਦਾ ਹੈ, ਉਸ ਨੂੰ ਲੋੜ ਪੈਂਦੀ ਹੈ ਕਿਸੇ ਵਿਦਵਾਨ ਦੀ ਜੋ ਉਸ ਨੂੰ ਦੱਸ ਸਕੇ ਕਿ 'ਕਤੀਫਾ' ਚਕਰ ਨੂੰ ਕਹਿੰਦੇ ਹਨ, 'ਮੁਸਨਾ' ਚੋਰੀ ਨੂੰ ਕਹਿੰਦੇ ਹਨ, ''ਰੈਨਾਇਰ ਸਮੁੰਦਰ ਨੂੰ ਕਹਿੰਦੇ ਹਨ, ''ਮੇਰੁ'' ਪਰਬਤ ਨੂੰ ਕਹਿੰਦੇ ਹਨ। ਬਿਨਾ ਐਸੇ ਸਿਖ ਦੀ ਮਦਦ ਦੇ ਗੁਰੂ ਦੀਆਂ ਗੱਲਾਂ ਸਮਝਣ ਦੀ ਸਾਮਰਥ ਪੈਦਾ ਨਹੀਂ ਹੁੰਦੀ। ਪਰ ਇਹ ਅਰਥ ਦੱਸਣ ਵਾਲਾ ਵਿਦਵਾਨ ਸਿੱਖ ਹੁੰਦਾ ਹੈ। ਜਦ ਇਹ ਕਾਰਜ ਸੌਰ ਗਿਆ ਤਦ ਹੋਰ ਮੁਸ਼ਕਲ ਆਂਦੀ ਹੈ 'ਤੁਕ ਆਖਦੀ ਹੈ 'ਹਉ ਖੜੀ ਨਿਹਾਲੀ ਪੰਧੁ ਮਤੁ ਸਜਣੁ ਆਵਏ' ਤੇ ਜਗਯਾਸੂ ਘਬਰਾਂਦਾ ਹੈ ਕਿ ਇਹ ਕਿਤੇ ਹੀਰ ਰਾਂਝੇ ਨੂੰ ਤਾਂ ਨਹੀਂ ਪਈ ਆਖਦੀ, ਤਦ ਉਸ ਨੂੰ ਇਕ ਗਯਾਨੀ ਦੀ ਲੋੜ ਪੈਂਦੀ ਹੈ। ਜੋ ਉਸ ਨੂੰ ਦਸੇ ਕਿ ਇਹ ਪ੍ਰੇਮਾ ਭਗਤੀ ਹੈ ਜੋ ਗੁਰੂ ਨਾਨਕ ਸਾਈ ਨੂੰ ਏਕੋ ਠਾਕੁਰ ਦੱਸ ਕੇ, ਸਭ ਜਗਤ ਨੂੰ ਇਸਤ੍ਰੀ ਰੂਪ ਦੱਸ ਕੇ, ਆਪ ਇਸਤ੍ਰੀ ਭਾਵ ਵਿਚ ਪਤੀ ਪਰਮੇਸੁਰ ਨੂੰ ਆਖ ਰਹੇ ਹਨ। ਇਸ ਤਰ੍ਹਾਂ ਦੇ ਸਾਰੇ ਭਾਵ, ਤਾਤ ਪਰਜ, ਵਯੋਗ ਤੇ ਧਵਨੀਆਂ ਖੋਲ੍ਹਣ ਵਾਲੇ ਗਯਾਨੀ ਜੀ ਬੀ ਸਿਖ ਹੁੰਦੇ ਹਨ।

ਇਨ੍ਹਾਂ ਕੁਛ ਹੋ ਕੇ ਸਾਰੀ ਮਤ ਆ ਕੇ ਸਿਖ ਨੂੰ ਲੋੜ ਹੁੰਦੀ ਹੈ ਉਸ ਉਛਾਲੇ ਦੀ ਜੋ ਸਤਿਗੁਰ ਦੇਂਦਾ ਹੈ, ਅਰਥਾਤ ਉਸ ਰਾਸ ਦੀ ਜਿਸ ਨਾਲ ਵਨਜ ਕਰਨਾ ਹੈ। 'ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ, ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥' ਅਰਥਾਤ ਉਸ ਰਾਸ ਦੀ ਲੋੜ ਹੈ ਜੋ ਮਨੁਖ ਨੂੰ ਦੇਵ ਜਾਮਾ ਦੇਵੇ ਯਾ ਸਾਫ ਲਫਜਾਂ ਵਿਚ ਗੁਰੂ ਨੇ ਜੋ ਮਤਿ ਦਿਤੀ ਸੀ ਨਾਮ ਜਪ, ਹੁਣ ਨਾਮ ਦੀ ਪਹਿਲੀ ਰਕਮ ਰਾਸ ਰੂਪ ਜਿਸ ਨਾਲ ਉਹ ਨਾਮ ਧਨ ਦਾ ਵਪਾਰ ਸ਼ੁਰੂ ਕਰੇ, ਉਹ ਲੋੜੀਂਦੀ ਹੈ। ਇਹ ਰਾਸ ਕੇਵਲ ਗੁਰੂ ਦੇ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜ ਗੁਰਮੁਖ ਇਕੱਠੇ ਹੁੰਦੇ ਹਨ, ਹੋਰ ਸੰਗਤ ਬੀ। ਗੁਰਮੁਖ ਉਹ ਸਿਖ ਹੈ, ਜਿਸ ਦਾ ਮੂੰਹ ਅੱਠੇ ਪਹਰ ਗੁਰੂ ਵਲ ਹੈ, ਜੋ ਉਠਦਾ ਬਹਿੰਦਾ, ਟੁਰਦਾ, ਫਿਰਦਾ, ਜਾਗਦਾ ਸੁੱਤਾ ਸਦਾ ਸਨਮੁਖ ਹੈ, ਅਰਥਾਤ ਕਦੇ ਨਾਮ ਰੰਗ ਨਾਮ ਰਸ ਤੋਂ ਬਾਹਰ ਨਹੀਂ ਨਿਕਲਦਾ। ਜੋ ਗੁਰੂ ਦੇ ਹੁਕਮ ਨਾਲ ਨਾਮ ਵਿਚ ਆਇਆ

ਤੇ ਨਾਮ ਜਪਦਾ ਹੈ, ਅਰਥਾਤ 'ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਇ ॥ ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ'' ਵਿਚ ਵਸਦਾ ਹੈ। ਏਹ ਗੁਰਮੁਖ, ਸਾਧ ਸੰਗਤ ਦੇ ਦਰਬਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਯਾ ਤਯਾਰ ਕਰਦੇ ਤੇ ਛਕਾਂਦੇ ਹਨ। ਇਹ ਮੰਡਲ ਜੋ ਗੁਰੂ ਦੀ ਜੋਤਿ ਦੇ ਪ੍ਰਭਾਵ ਹੈ, ਵਿਦਤ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ, ਪੰਜਾਂ ਗੁਰਮੁਖਾਂ ਦੇ ਸਮੁਦਾਇ ਵਿਚ ਬੱਝਦਾ ਹੈ, ਇਹ ਗੁਰ ਨਾਨਕ ਦੇਵ ਜੀ ਦਾ ਸਰੂਪ ਹੈ। ਜੋ ਕੰਮ ਗੁਰੂ ਨਾਨਕ ਦੇਵ ਜੀ ਨੇ ਮਾਨਸ ਤੋਂ ਦੇਵਤੇ ਕਰਨੇ ਦਾ ਆਪ ਕੀਤਾ ਹੈ, ਉਹ ਇਸ ਮੰਡਲ ਵਿਚ ਹੋਣਾ ਹੈ, ਅਰ ਇਹ ਸਾਰਾ ਮੰਡਲ ਗੁਰੂ ਰੂਪ ਹੈ। ਜਿਸ ਵਕਤ ਏਹ ਅੰਮ੍ਰਿਤ ਕਾਰਜ ਹੋ ਰਿਹਾ ਹੁੰਦਾ ਹੈ, ਉਸ ਵਕਤ ਗੁਰੂ ਕਲਗੀਆਂ ਵਾਲਾ ਆਪ ਸਾਖਯਾਤ ਹੁੰਦਾ ਹੈ ਅਰ ਇਸ ਸੰਸਕਾਰ ਯਾ ਦਾਤ ਦਾ ਅਸਰ ਇਹ ਹੈ ਕਿ ਛਕਣੇ ਵਾਲਾ ਜੋ ਗੁਰੂ ਮੱਤ ਲੈ ਚੁੱਕਾ ਹੈ ਹੁਣ ਜਾਮਾ ਪਲਟਦਾ ਹੈ।

'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ' ਦੇ ਅਸੂਲ ਮੂਜਬ ਸਤਿਗੁਰ ਤੇ ਗ੍ਰਿਹ ਜਨਮ ਧਾਰਦਾ ਹੈ, ਉਸ ਦੀ ਰੂਹ ਜੋ ਆਦਮੀ ਦੀ ਰੂਹ ਸੀ ਆਪਣੇ ਤੋਂ ਉਚੇਰੀ ਸ੍ਰਿਸ਼ਟੀ ਅਰਥਾਤ ਦੇਵ ਰੂਹ ਹੋ ਜਾਂਦੀ ਹੈ। 'ਮਾਣਸ ਤੇ ਦੇਵਤੇ ਕੀਏ' ਦਾ ਬਿਰਦ ਆਪਣਾ ਕਾਰਜ ਕਰ ਵਿਖਾਲਦਾ ਹੈ। ਉਸ ਦਾ ਪ੍ਰਤੱਖ ਰੂਪ ਕੀਹ ਬਣਦਾ ਹੈ ਕਿ ਜਗਾਯਾਸੂ ਸਿਖ 'ਨਾਮ ਦੇ ਮੰਡਲ' ਵਿਚ ਆ ਜਾਂਦਾ ਹੈ, ਉਸ ਦੇ ਅੰਦਰ ਨਾਮ ਦਾ ਜਪ ਸ਼ੁਰੂ ਹੋ ਜਾਂਦਾ ਹੈ, ਉਸ ਨੂੰ ਇਕ ਮੱਧਮ ਵੇਗ ਦਾ ਰਸ ਪ੍ਰਾਪਤ ਹੁੰਦਾ ਹੈ। ਉਹ ਜਗਤ ਦੇ ਕੰਮ ਕਰਦਾ ਇਕ ਖੇੜੇ ਤੇ ਰਸ ਵਿਚ, ਮੱਧਮ ਜੇਹੇ ਰਸ ਵਿਚ ਤੇ ਛਿਨ ਛਿਨ ਸਿਮਰਨ ਵਿਚ ਰਹਿੰਦਾ ਹੈ। ਇਸ ਨੂੰ ਸਤਿਗੁਰ ਜੀਅਦਾਨ ਬੀ ਆਖਦੇ ਹਨ।

ਜੇ ਕਦੇ ਅੰਮ੍ਰਿਤ ਛਕ ਕੇ ਮਨ ਵਿਚ ਸਿਮਰਨ ਨਹੀਂ ਆਇਆ, ਰਸ ਨਹੀਂ ਪਿਆ, ਮਨ ਨਹੀਂ ਖਿੜਿਆ, ਤਦ ਜਗਯਾਸੂ ਦੀ ਤਯਾਰੀ ਵਿਚ ਕਸਰ ਸੀ ਉਹ ਅਜੇ ਅਧਿਕਾਰੀ ਨਹੀਂ ਸੀ, ਯਾ ਅੰਮ੍ਰਿਤ ਵੇਲੇ ਕੋਈ ਵਿਘਨ ਹੋਇਆ ਹੈ, ਯਾ ਛਕਾਉਣ ਵਾਲੇ ਗੁਰਮੁਖਾਂ ਵਿਚ ਕੋਈ ਵੈਰ ਵਾਲਾ ਸੀ। ''ਗੁਰਮੁਖਿ ਵੈਰ ਵਿਰੋਧ ਗਵਾਵੈ।''

(ਸਿਧ ਗੋਸਟਿ—3)

ਅਰ ਗੁਰਮੁਖ ਸਮਝਿਆ ਸੀ ਪਰ ਗੁਰਮੁਖ ਸੀ ਨਹੀਂ।

ਹੁਣ ਮਰਿਯਾਦ ਸਤਿਗੁਰ ਦੀ ਇਸ ਦੂਸਰੇ ਜਨਮ ਤੋਂ ਬਾਦ ਤੀਸਰੇ ਜਨਮ ਦਾ ਨਹੀਂ ਸਿਵਾ ਚਾਰ ਮਹਾਂ ਕੁਰਹਿਤਾਂ ਦੀ ਹਾਲਤ ਦੇ। ਪੰਜਵੀਂ ਕੋਈ ਸੂਰਤ ਮੁੜ ਅੰਮ੍ਰਿਤ ਛਕਣੇ ਦੀ ਨਹੀਂ।

ਤੁਸਾਂ ਜੋ ਕੁਛ ਵੀਚਾਰ ਮੇਰੇ ਨਾਲ ਕੀਤੀ ਸੀ ਉਹ ਮੈਂ ਐਸੀ ਹਾਲਤ ਦੇ ਦੁਖ ਲਈ ਦਸੀ, ਕਿ ਜੋ ਵਿਆਹੀ ਗਈ ਪਰ ਛੁਟੜ ਰਹੀ, ਪਰਨਾਈ ਗਈ ਪਰ ਸ਼ਹੁ ਨਹੀਂ ਆਇਆ। ਉਹ ਹੁਣ ਪਤੀ ਰਿਝਾਣ ਦਾ ਫਿਕਰ ਕਰੇ ਅਰ ਓਹ ਇਉਂ ਹੈ :—

ਕਿ ਸਿਖੀ ਮੰਡਲ ਵਿਚ ਢੂੰਡ ਕਰੀਏ ਕਿ ਕਿਹੜਾ ਪਯਾਰਾ ਨਾਮ ਰਸੀਆ ਹੈ, ਜੇ ਮਿਲੇ ਤਾਂ ਜੀ ਵਿਚ ਚਾ ਨਾਲ ਉਸ ਦਾ ਸਤਿਸੰਗ ਟੋਲੀਏ 'ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥'

ਐਸੇ ਸਿਖ ਦਾ ਸਤਿਸੰਗ ਕਰੀਏ, ਉਹ ਜੋ ਆਪ ਜਪਦਾ ਹੈ ਤਾਂ ਉਸ ਦੀ ਸੁਹਬਤ ਵਿਚ ਸਾਨੂੰ ਬੀ ਜਪਣ ਦਾ ਚਾ ਉਪਜੇਗਾ ।

ਸਤਿਸੰਗਤ ਆਦ ਜੁਗਾਦ ਨਿਸਤਾਰੇ ਦਾ ਕਾਰਣ ਹੈ। ਅੰਮ੍ਰਿਤ ਛਕਣ ਤੋਂ ਪਹਲੇ ਸਾਰਾ ਚੱਜ ਆਕਾਰ ਸਾਧ ਸੰਗਤ ਵਿਚ ਸਿਖਾਂ ਦੇ ਸਤਿਸੰਗ ਵਿਚ ਸਿਖੀ ਦਾ ਹੈ। ਅੰਮ੍ਰਿਤ ਦੇ ਮਗਰੋਂ ਬੀ ਸਾਧਸੰਗ ਦਾ ਨਿਵਾਸ ਕਰੀਦਾ ਹੈ

'ਸਾਧ ਸੰਗਤਿ ਪਾਈ ਪਰਮ ਗਤੇ' ॥

ਤੇ ਜੇ ਅੰਮ੍ਰਿਤ ਛਕੇ ਨਾਮ ਰਸ ਨਹੀਂ ਪਿਆ, ਆਠ ਪਰ ਨਿਰੰਤਰ ਨਾਮ ਜਾਰੀ ਨਹੀਂ ਹੋਇਆ ਤਾਂ ਬੀ ਘਾਟ ਸਾਧ ਸੰਗਤ ਵਿਚੋਂ ਪੂਰੀ ਹੋਣੀ ਹੈ ਸੋ ਕੀਹ ਕਰਦੇ :—

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥'

ਨਾਮੀ ਪੁਰਖ ਦਾ ਸਤਿਸੰਗ ਕਰੀਏ । ਇਹ ਨਾਮ ਰਸੀਆ ਜਿਸ ਨਾਲ ਭਾਈਚਾਰਾ ਪਾਣਾ ਹੈ ਕਦੇ ਗੁਰੂ ਨਹੀਂ। ਸੰਤ ਅਤਰ ਸਿੰਘ ਜੀ, ਸੰਤ ਸਵਾਇਆ ਸਿੰਘ ਜੀ, ਸੰਤ ਸ਼ਾਮ ਸਿੰਘ ਜੀ ਕਦੇ ਗੁਰੂ ਨਹੀਂ ਬਣੇ । ਹਰੇਕ ਨਾਮ ਦੇ ਪਜਾਰੇ ਨੂੰ ਪਤਾ ਹੁੰਦਾ ਹੈ ਕਿ ਗੁਰੂ ਕਿੱਥੇ ਹੈ, ਓਹ ਸਿਖੀ ਨਿੰਮ੍ਰਤਾ ਵਿਚ ਵਸਦਾ ਹੈ। ਉਸ ਦਾ ਸੰਗ ਐਉਂ ਲਾਭ ਦੇਂਦਾ ਹੈ, ਜਿਕੂੰ ਖਰਬੂਜੇ ਨੂੰ ਖਰਬੂਜ਼ਾ ਦੇਖ ਕੇ ਰੰਗ ਫੜਦਾ ਹੈ। ਸੰਸਾਰ ਵਿਚ ਐਬ ਕੁਸੰਗੀ ਦੀ ਸੁਹਬਤ ਬਿਨਾਂ ਨਹੀਂ ਲਗਦੇ। ਸਤਸੰਗ ਦੀ ਮਹਿੰਮਾ ਲੋੜ ਤੇ ਅਸਰ ਗੁਰੂ ਜੀ ਨੇ ਕਹੇ ਹਨ। ਜੇ ਅਸਾਂ ਨਾਮ ਜਪਣਾ ਹੈ, ਤੇ ਨਾਮਰਸ ਮਾਣਨਾ ਹੈ, ਤੇ ਸਾਨੂੰ ਪ੍ਰਾਪਤ ਨਹੀਂ ਹੋਇਆ ਤਾਂ ਉਸ ਸੁਹਬਤ ਵਿਚ, ਜਿਸ ਵਿਕ ਨਾਮ ਦਾ ਪਿਆਰ ਅਭਯਾਸ ਰੰਗ ਤੇ ਖੇੜਾ ਹੈ, ਉਸ ਸੁਹਬਤ ਵਿਚ ਜਾ ਕੇ 'ਸੂਤਾ ਮਨ ਜਗਾਈ'

'ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸੁ ਤਰਿਆ ॥'

—ਵੀਰ ਸਿਘ

੬੩

5-3-10

ਪਿਆਰੇ ਜੀ,

ਜੋ ਬਾਹੁਲਤਾ ਦੇ ਸਮੇਂ ਦੀ ਕਮਾਈ ਜਰ ਕੇ ਵਰਤੀ ਤੇ ਜੀਉਰੀ ਜਾਵੇ ਤਾਂ ਤੋਟੇ ਸਮਾਂ ਘਾਟ ਘਟ ਪੈਂਦੀ ਹੈ। ਤੋਟੇ ਤ੍ਰੈ ਕਾਰਨਾਂ ਕਰਕੇ ਪੈਂਦੇ ਹਨ :—

(1) ਪਿਛਲੇ ਜਨਮਾਂ ਦੇ ਕਰਮਾਂ ਦੇ ਗੇੜ ਆ ਜਾਂਦੇ ਹਨ, ਜੋ ਚੜ੍ਹੀ ਸੁਰਤ ਨੂੰ ਅਕਾਰਣ ਹੇਠਾਂ ਲੈ ਜਾਂਦੇ ਹਨ।

(2) ਪੰਜਾਂ ਵਿਸ਼ਿਆਂ ਦੇ ਵੱਸ ਹੋ ਕੇ, ਯਾ ਕਿਸੇ ਇਕ ਦੋਂਹ ਦੇ ਵੱਸ ਹੋ ਕੇ, ਆਪਣੇ ਸਹਜ ਨੂੰ ਛੱਡ ਕੇ ਉਨ੍ਹਾਂ ਦੇ ਭੜਕਾਂ (Passion) ਵਿਚ ਆ ਗਿਆ ਯਾ ਕੁਸੰਗ ਕੀਤਿਆਂ ਸੁਰਤ ਹਿਠਾਂਹਾਂ ਚਲੀ ਜਾਂਦੀ ਹੈ।

(3) ਜੇ ਕਿਸੇ ਭਾਰੀ ਤੇ ਐਬਦਾਰ ਆਦਮੀ ਦੇ ਦਿਲ ਨੂੰ ਦਿਲ ਵਿਚ ਸ਼ਮਾਈਏ to come in contact with unclean minds ਫਿਰ ਉਨ੍ਹਾਂ ਦੀ ਮੈਲ ਆਪਣੇ ਮਨ ਤੇ ਆ ਕੇ ਸੁਰਤ ਨੂੰ ਹਿਠਾਂਹਾਂ ਲੈ ਆਉਂਦੀ ਹੈ।

ਇਲਾਜ :—

(1) ਧਯਾਨ ਸਤਿਗੁਰ ਦਾ ਤੇ ਨਾਮ ਉਚਾਰ ਦਾ ਗੇੜਾ ਵਧੀਕ ਤ੍ਰਿਖਾ ਕਰਨਾ।

(2) ਇਸ਼ਨਾਨ, ਮਾਲਸ਼, ਕਪੜੇ ਬਦਲਣੇ। ਏਕਾਂਤ ਜਾ ਕੇ ਗਜ ਕੇ ਬਾਣੀ ਪੜ੍ਹਨੀ। ਪ੍ਰਾਰਥਨਾ, ਕਿਸੇ ਨਿਜਦੇ ਸਤਿਸੰਗੀ ਦੇ ਦਰਸ਼ਨ (ਕੁਸੰਗ ਦਾ ਤਯਾਗ)।

(3) ਆਪਣੇ ਦਿਲ ਨੂੰ ਅਪਣੇ ਤੋਂ ਵਧੀਕ ਉੱਜਲ ਦਿਲਾਂ ਨਾਲ ਰਗੜਨਾਂ ਪਰ ਇਸ ਤੋਂ ਪਹਿਲਾਂ ਰਟਨ ਦਾ ਗੇੜ ਅਤਿ ਤ੍ਰਿਖਾ ਕਰਨਾ ਚਾਹੀਏ। ਲਹਾ ਚੜ੍ਹਾ ਵਾਰੋਵਾਰ ਆਉਂਦੇ ਹਨ। ਜੇ ਨੀਯਤ ਰਾਸ ਤੇ ਸਤਿਸੰਗ ਹੋਵੇ ਤਦ ਹਰ ਲਹਾ ਪਹਿਲੇ ਨਾਲੋਂ ਉਚਿਆ ਕਰਦਾ ਜਾਂਦਾ ਹੈ। ਹਰ ਉਤਰਾਈ ਦੇ ਬਾਅਦ ਚੜ੍ਹਾਈ ਆਉਂਦੀ ਹੈ।

ਖੁਸ਼ੀ ਨੂੰ ਜੀਉਰਨਾ ਕਠਨ ਹੈ। ਅਜਰ ਵਸਤੂ ਜਰੀ ਨਹੀਂ ਜਾਂਦੀ। ਜਦੋਂ ਕੋਈ ਭੁੱਲ ਕੀਤੀ, ਫੇਰ ਗਿਰਾਉ ਆਉਂਦਾ ਹੈ, ਉਹ ਜਰਨ ਦੀ ਜਾਚ ਦੱਸ ਕੇ ਲੰਘ ਜਾਦਾ ਹੈ। ਐਉਂ ਆਦਮੀ ਟੁਰਦਾ, ਸਿਖਦਾ ਤੇ ਉਨਤ ਹੁੰਦਾ ਹੈ। ਕਦੇ ਕਦੇ ਦੇਵ ਜਨਾਂ ਨੂੰ ਲੋੜ ਪੈਂਦੀ ਹੈ ਕਿ ਸਾਡੀ ਮਤ ਟਿਕਾਣੇ ਰਖਣ ਲਈ ਸਾਡੇ ਵਿਤ ਅਨੁਸਾਰ ਸਹਿਜੇ ਸਹਿਜੇ ਪਚਵੀਂ ਤਰੱਕੀ ਕਰ ਦੇਣ। ਜਦੋਂ ਸੁਰਤ ਗਿਰੇ ਤਦੋਂ ਦਿਲ ਹਾਰਨਾ ਠੀਕ ਨਹੀਂ ਹੁੰਦਾ, ਉਦੋਂ ਜੁਧ ਦਾ ਵੇਲਾ ਆਉਂਦਾ ਹੈ, ਮਾਨੋਂ ਰਾਖਸ਼ ਸਾਡੇ ਅੰਦਰ ਆ ਵੜੇ ਹਨ। ਹੁਣ ਵੇਲਾ ਜੰਗ ਦਾ

ਹੈ, ਦਬਾ ਦਬ ਤੋਪਖਾਨਾ ਬੀੜ ਕੇ ਗੋਲੇ ਚਲਣ। "ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ। ਨਿਹਤੇ ਪੰਜਿ ਜੁਆਨ ਮੈ ਗੁਰਿਥਾਪੀ ਦਿਤੀ ਕੰਡਿ ਜੀਉ।" ਵਧੀਕ ਜੋਰ ਨਾਲ ਗੇੜ ਚਲੇ, ਇਸ ਵੇਲੇ ਨਾਮ ਲੈਣਾ ਆਸੁਰੀ ਸੰਪਦਾ ਉਤੇ ਗੁਲਾਬਾਰੀ ਕਰਨੀ ਹੈ। ਅਖੀਰ ਫਤਹਿ ਤੁਹਾਡੀ ਹੋਵੇਗੀ। ਏਹੋ ਰੋਜ਼ ਖਾਲਸਾ ਜੀ ਫਤਹਿ ਆਖਦਾ ਹੈ। ਜਦੋਂ ਫਤਹਿ ਪਾ ਲਈ ਰਾਖਸ਼ ਉਡ ਗਏ, ਫੇਰ ਹੌਲੇ ਫੁੱਲ, ਆਨੰਦ, ਚੜ੍ਹਦੀਆਂ ਕਲਾਂ। ਇਸ ਦਸ਼ਾ ਵਿਚ ਜੋ ਨਾਮ ਜਪਣਾ ਹੈ, ਸੋ ਨਾਮ ਦਾ ਰਸ ਲੈਣਾ ਹੈ। ਇਸ ਵੇਲੇ ਦਾ ਜਪ, ਬ੍ਰਹਮ ਆਨੰਦ ਹੈ। ਰਾਮ ਰਸ ਹੈ, ਸੁਖ ਫਲ ਹੈ, ਪਿਰਮ ਰਸ ਹੈ। ਨਿਮਖ ਏਕ ਪ੍ਰੇਮ ਮੁਸਨ ਵਾਲਾ ਹੈ। ਜਦ ਫਿਰ ਗਿਰਾਉ ਆਉਂਦਾ ਹੈ ਤਦ ਨਾਮ ਤੋਪਖਾਨਾ ਹੈ, ਜਦ ਫੇਰ ਚੜ੍ਹੇ ਤਦ ਫੇਰ ਆਨੰਦ ਦੀ ਅਟਾਰੀ ਦਾ ਮੋਲ ਹੈ, ਸੁਖ ਫਲ ਹੈ।

—ਵੀਰ ਸਿੰਘ

੬੪

24-1-11

ਪਿਆਰੇ ਜੀ,

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਸੰਗ ਕਰਨਾ ਸਭ ਤੋਂ ਸ੍ਰੇਸ਼ਟ ਕੰਮ ਹੈ।

2. ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟਾਂ ਨੂੰ ਵੀਚਾਰ ਪੂਰਬਕ ਪੜ੍ਹਿਆ ਕਰੋ ਤਾਂ ਬਹੁਤ ਲਾਭ ਪਹੁੰਚੇਗਾ।

3. ਆਪਣੇ ਨਿਤਨੇਮਾਂ ਦੇ ਪਾਠਾਂ ਨੂੰ ਪਯਾਰ ਨਾਲ ਕਰਨਾ ਚਾਹੀਦਾ ਹੈ, ਅਰ ਸਤਿਗੁਰਾਂ ਦੀ ਹਜ਼ੂਰੀ ਵਿਚ ਬੈਠ ਕੇ ਪਾਠ ਕਰਨਾ ਅਤੀ ਲਾਭਦਾਯਕ ਹੈ। ਜੇਕਰ ਸਤਿਗੁਰੂ ਜੀ ਦੇ ਚਰਨਾਂ ਕਮਲਾਂ ਦਾ ਧਿਆਨ ਰਖਣ ਲਗ ਜਾਈਏ, ਹਰ ਵੇਲੇ ਖਿਆਲ ਕਰੀਏ ਕਿ ਓਹ ਸਾਡੇ ਨਾਲ ਹਨ। ਉਨ੍ਹਾਂ ਦੇ ਹੋਣ ਦਾ 'ਹੈ' ਮਾਤਰ ਦਾ ਸੰਕਲਪ ਭੁੱਲਣ ਨਾ ਦੇਈਏ ਤਾਂ ਚਿਤ ਭਿੱਜਦਾ, ਖੁੱਭਦਾ ਤੇ ਲਗਦਾ ਹੈ। ਸੰਸਾਰ ਵਿਚ ਜਨਮ 'ਲਾਹੇ' ਵਾਸਤੇ ਹੋਇਆ ਹੈ, ਪਰ ਅਸੀਂ ਸਭ 'ਤੋਟੇ' ਵਾਲੇ ਕੰਮ ਕਰ ਰਹੇ ਹਾਂ। ਜਿਨ੍ਹਾਂ ਪਿਆਰਿਆਂ ਤੋਂ ਵਿਛੁੜ ਜਾਣਾ ਹੈ ਉਨ੍ਹਾਂ ਵਿਚ ਜਲ ਵਿਚ ਕੌਲ ਫੁਲ ਵਾਂਙੂ ਨਾ ਰਹਿਣਾ ਤੇ ਸਚਾ ਪ੍ਰੇਮ ਸਦਾ ਰਹਿਣ ਵਾਲੇ, ਸਦਾ ਖੁਸ਼ੀਆਂ ਤੇ ਸਦ ਚਾਓ ਦੇ ਦਾਤੇ ਵਾਹਿਗੁਰੂ ਵਲ ਨਾ ਲਗਾਣਾ ਤੋਟੇ ਵਿੱਚ ਜਾਣਾ ਹੈ। ਲਾਹੇ ਵਲ ਓਹ ਜਾ ਰਿਹਾ ਹੈ, ਜੋ ਅੰਦਰ ਵਾਹਿਗੁਰੂ ਦੀ ਹਜ਼ੂਰੀ ਨੂੰ ਰੱਖਦਾ ਹੈ ਤੇ ਬਾਹਰ ਸੰਸਾਰ ਦੇ ਫ਼ਰਜ਼ ਅਦਾ ਕਰਦਾ ਹੈ। ਸਤਿਸੰਗ, ਗੁਰਬਾਣੀ ਆਦਿ ਇਸ ਦੇ ਸਾਧਨ ਹਨ।

4. ਸਿਖ ਦਿਹਾੜੀ ਗ੍ਰਿਹਸਤੀ, ਰਾਤ ਨੂੰ ਸੰਨਯਾਸੀ ਹੈ। ਰਾਤ ਜਦ ਸਾਰਾ ਪਰਵਾਰ ਸੌਂ ਜਾਵੇ ਤਾਂ ਆਪ ਬੈਠ ਜਾਵੇ ਕੀਰਤਨ ਸੋਹਿਲੇ ਦਾ ਪਾਠ ਕਰਕੇ ਨਾਮ ਸ਼ੁਰੂ ਕਰੇ ਤੇ ਕਰਦਾ ਕਰਦਾ ਊਂਘਾ ਆਂਵਦੇ ਸੌਂ ਜਾਵੇ ਤੇ ਜਦ ਜਾਗੇ, ਜੇ ਨਾਮ ਜਾਰੀ ਹੋਵੇ ਤਾਂ ਸਮਝੇ ਕਿ ਨੀਂਦ ਵਿਚ ਵੀ ਨਾਮ ਜਾਰੀ ਰਿਹਾ ਹੈ। ਜਾਗਣ ਵਿਚ ਸ਼ਾਂਤ-ਸੁਖ-ਬਾਣੀ ਯਾ ਨਾਮ ਹੋਵੇ ਤਾਂ ਵੀ ਸਮਝੇ ਕਿ ਨਾਮ ਜਾਰੀ ਰਿਹਾ ਹੈ।

5. ਜਪ, ਤਪ, ਹਠ, ਕਰਾਮਾਤਾਂ ਅਰ ਸਭੋ ਕੁਛ ਲੱਝ ਜਾਂਦਾ ਹੈ, ਪਰ 'ਰਸ' ਕਠਨ ਹੈ, ਜੇ ਰਸ ਨਹੀਂ ਪਿਆ ਤਦ ਕੀਹ ਬਣਿਆ। ਜਿਨ੍ਹਾਂ ਨੂੰ ਕਦੇ 'ਰਸ' ਦਾ ਝਟਕਾ ਵਜ ਜਾਦਾ ਹੈ, ਓਹ ਸੁਭਾਗੇ ਹਨ, ਧੰਨ ਹਨ, ਪਰ ਜੇ ਸ਼ੁਕਰ ਕਰਦੇ ਰਹਿਣ। ਤੁਸੀਂ ਹੁਣ ਸਵੇਰ ਦਾ ਉਠਣਾ ਤੇ ਨਿਤਨੇਮ ਬਾ-ਕਾਇਦਾ ਕਰ ਦਿਓ ਤਾਂ ਜੋ ਚਿਤ ਦੀ ਹਾਲਤ ਸੁਅਸਥ ਹੋ ਜਾਵੇ।

—ਵੀਰ ਸਿੰਘ

੬੫

28-2-1911

ਪਿਆਰੇ ਸਜਣ ਜੀ,

ਆਪਦਾ ਕ੍ਰਿਪਾ ਪੱਤ੍ਰ ਪਹੁੰਚਾ। ਆਪਦੇ ਸ਼ੁਭ ਖਿਆਲਾਂ ਲਈ ਜੋ ਆਪਨੇ ਮੇਰੇ ਲਈ ਪ੍ਰਗਟ ਕੀਤੇ ਹਨ, ਮੈਂ ਆਪ ਦਾ ਧੰਨਵਾਦੀ ਹਾਂ। ਜਿਸ ਬਾਰੇ ਵਿਚ ਆਪਨੇ ਮੇਰੀ ਸਲਾਹ ਪੁੱਛੀ ਹੈ, ਆਪ ਦੇਸ਼ ਦੇਸ਼ਾਂਤਰਾਂ ਵਿਚ ਫਿਰ ਆਏ ਹੋ, ਮੈਥੋਂ ਵਧੀਕ ਸਿਆਣਪ ਨਾਲ ਕਾਰਜ ਕਰ ਸਕਦੇ ਹੋ। ਜਦ ਆਪ ਨੇ ਪੁੱਛਿਆ ਹੈ ਤਾਂ ਮੈਂ ਆਪਣੀ ਸੰਮਤੀ ਲਿਖਦਾ ਹਾਂ, ਸੋ ਜੇਕਰ ਸ਼ੁਭ ਨਜ਼ਰ ਆਵੇ ਤਾਂ ਵਰਤ ਲੈਣੀ।

ਵਕਤ ਦੀ ਵੰਡ

ਗੁਰਸਿਖੀ ਵਿਚ ਕੋਈ ਗੱਲ ਇਸ ਤਰ੍ਹਾਂ ਨਾਲ ਕਰਨੇ ਦੀ ਆਗਯਾ ਨਹੀਂ ਕਿ ਜਿਸਦਾ ਫਲ ਸੁਰਤ ਦਾ ਥੱਕ ਜਾਣਾ ਯਾ ਸਰੀਰ ਦਾ ਟੁੱਟ ਜਾਣਾ ਹੋਵੇ। ਆਰਾਮ ਦੀ ਨੀਂਦ੍ਰ ਖਾਣ ਪੀਣ ਤੋਂ ਹੋਰ ਸਰੀਰਕ ਅਰੋਗਤਾ ਦੇ ਜ਼ਰੂਰੀ ਕੰਮ ਕਰਕੇ ਅਤੇ ਆਪਣੇ ਰੁਜ਼ਗਾਰ ਲਈ ਜਿਤਨਾ ਵਕਤ ਲੋੜੀਂਦਾ ਹੈ ਉਸ ਵਿਚ ਲਗਾਣਾ। ਪਰੰਤੂ ਇਸ ਤਰ੍ਹਾਂ ਕਰਨ ਵਿਚ ਸਾਰਾ ਸਮਾਂ ਖਰਚ ਨਹੀਂ ਹੁੰਦਾ। ਅਕਸਰ ਵੇਰ ਬਹੁਤ ਵਕਤ ਬਚਦਾ ਹੈ। ਉਸ ਸਾਰੇ ਨੂੰ ਅੱਗੇ ਦੀ ਤਿਆਰੀ ਅਰਥ ਖਰਚ ਕਰਨਾ ਚਾਹੀਦਾ ਹੈ। ਜੇਕਰ ਪਹਿਲੋਂ ਪਹਿਲ ਤਬੀਅਤ ਬੱਚਤ ਦਾ ਸਾਰਾ ਵਕਤ ਨਾ ਦੇ ਸਕੇ ਤਾਂ ਏਹ ਪ੍ਰਬੰਧ ਕਰਨਾ ਚਾਹੀਏ ਕਿ ਰਾਤ ਦਸ ਵਜੇ ਤੋਂ ਪਹਿਲੇ ਸੌਂ ਜਾਵੇ ਅਰ ਸਵੇਰੇ ਚਾਰ ਵਜੇ ਉਠ ਬੈਠੇ। ਚਾਰ ਤੋਂ ਸੱਤ ਵਜੇ ਤੱਕ ਯਾ ਸਾਢੇ ਛੇ ਤੱਕ ਇਹ ਵਕਤ ਗੁਰਬਾਣੀ ਅਭਯਾਸ ਵਿਚ ਖਰਚ ਹੋਵੇ। ਸਵੇਰ ਦਾ ਜੋ ਇਹ ਵੇਲਾ ਸੰਭਾਲਿਆ ਜਾਵੇ ਤਾਂ ਇਸਦਾ ਅਸਰ ਸਾਰਾ ਦਿਨ ਤਬੀਅਤ ਤੇ ਛਾਇਆ ਰਹੇਗਾ। ਫੇਰ ਸੰਝ ਨੂੰ ਕੁਛ ਵਕਤ ਰਹਰਾਸ ਲਈ ਤੇ ਸੌਣ ਵੇਲੇ ਕੀਰਤਨ ਸੋਹਿਲੇ ਲਈ ਕੁਛ ਵਕਤ ਕੱਢਣਾ ਚਾਹੀਦਾ ਹੈ। ਜਦੋਂ ਏਹ ਤ੍ਰੈ ਵੇਲੇ ਸੰਭਾਲੇ ਜਾਣ ਤਾਂ ਕੁਛ ਸਮਾਂ ਪਾਕੇ ਮਾਇਆ ਵਿਹੁ ਮਨ ਤੋਂ ਘਟਦਾ ਹੈ, ਤਦੋਂ ਬਾਣੀ ਦਾ ਸੁਆਦ ਆਉਂਦਾ ਹੈ। ਜਿਉਂ ਜਿਉਂ ਸੁਆਦ ਵਧਦਾ ਤੇ ਉਹ ਆਪ ਹੀ ਫੇਰ ਵਕਤ ਨੂੰ ਆਪਣੇ ਵਲ ਖਿੱਚੀ ਜਾਂਦੀ ਹੈ।

ਧਿਆਨ

ਨਿਤਨੇਮ ਵੇਲੇ ਧਿਆਨ ਜੋੜਨ ਲਈ ਜੋ ਆਪਨੇ ਲਿਖਿਆ ਹੈ ਇਹ ਮਾਮਲਾ ਜ਼ਰਾ ਲੰਬੇਰਾ ਹੈ ਤੇ ਜ਼ਬਾਨੀ ਸਮਝਾਣ ਵਾਲਾ ਹੈ, ਪਰ ਹਾਲੇ ਆਪ ਲਈ ਇਤਨਾ ਕਾਫੀ ਹੋਵੇਗਾ

ਕਿ ਅੰਮ੍ਰਿਤ ਵੇਲੇ ਜਦ ਬਾਣੀ ਪੜ੍ਹੋ, ਏਕਾਂਤ ਬੈਠ ਕੇ ਪੜ੍ਹੋ ਪਰ ਉਸ ਵੇਲੇ ਇਹ ਖਿਆਲ ਕਰੋ ਕਿ ਮੈਂ ਬਾਣੀ **Void** (ਸੁੰਞ) ਵਿਚ ਨਹੀਂ ਪੜ੍ਹ ਰਿਹਾ, ਪਰ ਗੁਰੂ ਜੀ ਦੀ ਹਜ਼ੂਰੀ ਵਿਚ ਹਾਂ, ਗੋ ਓਹ ਨਜ਼ਰ ਨਹੀਂ ਪੈਂਦੇ ਕਿਉਂਕਿ ਮੇਰੀ ਆਤਮ ਦ੍ਰਿਸ਼ਟੀ ਅਜੇ ਬੰਦ ਹੈ, ਪਰ ਓਹ ਮੇਰੇ ਸਾਹਮਣੇ ਬੈਠੇ ਹਨ ਅਰ ਮੇਰੇ ਪਾਠ ਨੂੰ ਸੁਣ ਰਹੇ ਹਨ । ਜਦ ਕਦੇ ਇਹ ਖਿਆਲ ਬੱਝੇਗਾ ਕਿ ਗੁਰੂ ਜੀ ਸੁਣਦੇ ਹਨ, ਤਦ ਮਨ ਖਿਲਾਰ ਤੋਂ ਕੱਠਾ ਹੋ ਕੇ ਇਕ point (ਨੁਕਤੇ) ਵੱਲ ਰੁਖ ਕਰੇਗਾ, ਉਨ੍ਹਾਂ ਦੀ ਹਜ਼ੂਰੀ ਵਿਚ ਕੁਛ ਪਿਆਰ ਤੇ ਭੈ ਵਾਲਾ ਸਤਿਕਾਰ ਹੋਵੇਗਾ। ਇਸ ਤਰ੍ਹਾਂ ਪਾਠ ਕਰਨ ਨੂੰ ਹਜ਼ੂਰੀ ਦਾ ਪਾਠ ਆਖਦੇ ਹਨ। ਪਾਠ ਕਰਨਾ ਇਕ ਤਰ੍ਹਾਂ ਦੀ ਸਨਮੁਖ ਉਸਤਤੀ ਕਰਨੀ ਤੇ ਆਤਮ ਸਹਾਇਤਾ ਵਾਸਤੇ ਅਰਜ਼ ਕਰਨੀ ਹੁੰਦੀ ਹੈ । ਸੋ ਜੇ ਤਾਂ ਕਿਸੇ ਨੂੰ **address** (ਸੰਬੋਧਨ) ਕੀਤਾ ਜਾਵੇ, ਅਰਥਾਤ ਕਿਸੇ ਸੁਣਨ ਵਾਲੇ ਤੇ ਜਵਾਬ ਦੇਣ ਦੀ ਸਮਰੱਥਾ ਵਾਲੇ ਨੂੰ ਸੁਣਾਇਆ ਜਾਵੇ ਤਦ ਤਾਂ ਉਸਦਾ ਕੁਛ ਸੁਆਦ ਹੋਵੇ, ਜਵਾਬ ਦੀ ਉਮੈਦ ਹੋਵੇ, ਅਰ ਕਰਨ ਵਿਚ ਕੁਛ (ਪ੍ਰਯੋਜਨ) ਸਫਲ ਹੋਵੇ, ਐਵੇਂ ਜੋ ਕੁਛ ਕੀਤਾ ਜਾਂਦਾ ਹੈ ਉਹ **Voice in the wilderness** (ਉਜਾੜ ਵਿਚ ਵਾਜਾਂ ਮਾਰਨ) ਵਾਂਗੂ **Void** (ਸੁੰਞ) ਵਿਚ ਖਿਲਰਦਾ ਤੇ ਆਪਣੇ ਪੂਰੇ ਅਸਰ ਤੋਂ ਖਾਲੀ ਜਾਂਦਾ ਹੈ।

ਇਸ ਗੱਲ ਵਿਚ ਸ਼ੱਕ ਨਹੀਂ ਚਾਹੀਦਾ ਕਿ ਗੁਰੂ ਕਿਉਂ ਸੁਣੇਗਾ, ਓਹ ਬਹੁਤ ਉਚਾ ਹੈ, ਤੇ ਅਸੀਂ ਨੀਵੇਂ ਹਾਂ ? ਬੇਸ਼ਕ ਅਸੀਂ ਨੀਵੇਂ ਹਾਂ ਤੇ ਉਹ ਬਹੁਤ ਉਚਾ ਹੈ ਪਰ ਉਹ ਪ੍ਰੇਮ ਦਾ ਰੂਪ ਹੈ। ਪਾਪੀਆਂ, ਦੁਖੀਆਂ ਦੀ ਖਾਤਰ ਸੰਸਾਰ ਪਰ ਆ ਕੇ ਖੇਦ ਪਾ ਕੇ ਸਾਡੀਆਂ ਸੁਣਦਾ ਰਿਹਾ ਤੇ ਸੁਖ ਦੇਂਦਾ ਰਿਹਾ ਹੈ, ਹੁਣ ਕਿਉਂ ਨਾ ਸੁਣੇਗਾ ਤੇ ਪਿਆਰ ਕਰੇਗਾ। ਇਹ ਪੱਕ ਵਿਸ਼ਵਾਸ਼ ਚਾਹੀਦਾ ਹੈ ਕਿ ਗੁਰੂ ਸੁਣਦਾ ਹੈ । ਕਦੇ ਕਦੇ ਇਸ ਤਰ੍ਹਾਂ ਕੀਤੇ ਪਾਠ ਵਿਚ ਬਹੁਤ ਰਸ ਆਵੇਗਾ, ਉਸ ਦਿਨ ਗੁਰੂ ਗੋਯਾ ਬਾਣੀ (ਪਾਠ) ਨੂੰ ਮਨਜ਼ੂਰ ਕਰਦਾ ਹੈ । ਗੁਰੂ ਦਾ ਰੂਪ 'ਆਨੰਦ' ਹੈ, ਜਦ ਬਾਣੀ ਆਨੰਦ ਦੇਂਦੀ ਹੈ ਤਦ ਤਾਂ ਉਹ ਗੁਰੂ ਦਾ ਫੇਰਾ ਹੁੰਦਾ ਤੇ। ਜੋ ਆਪਣੇ ਪਿਆਰ ਦਾ ਮੀਂਹ ਸਾਡੇ ਪਰ ਵਰ ਜਾਂਦਾ ਹੇ । ਇਹ ਜੋ ਸਤਿਗੁਰੂ ਜੀ ਦਾ ਧਿਆਨ ਕਰਕੇ ਬਾਣੀ ਪੜ੍ਹਨੀ ਤੇ ਉਨ੍ਹਾਂ ਨੂੰ ਸੁਨਾਉਣੀ ਹੈ, ਇਸ ਪਰ ਸਤਿਗੁਰੂ ਜੀ ਦਾ ਆਪਣਾ ਹੁਕਮ ਹੈ :

"ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥"

ਮੇਰਾ ਖਿਆਲ ਹੈ ਕਿ ਜੇਕਰ ਇਸ ਤਰ੍ਹਾਂ ਆਪ ਬਾਣੀ ਪੜ੍ਹੋਗੇ ਤਾਂ ਧਿਆਨ ਟਿਕੇਗਾ ਅਰ ਰਸ ਬੀ ਪਵੇਗਾ ।

ਇਸ ਦੇ ਨਾਲ ਕੁਸੰਗ ਤੋਂ ਬਚਾਉ ਕਰਨਾ, ਬੁਰੀ ਸੁਹਬਤ ਤੋਂ ਦੂਰ ਰਹਿਣਾ ਅਰ ਜਿਥੋਂ ਤਕ ਵਾਹ ਚੱਲੇ ਭਲਾ ਕਰਨਾ ਤੇ ਬੁਰਾ ਕਿਸੇ ਦਾ ਨਹੀਂ ਕਰਨਾ। ਕੁਛ ਵਕਤ, ਚਾਹੇ ਪੰਦਰਾਂ ਹੀ ਮਿੰਟ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਨੂੰ ਰੋਜ ਦੇਣੇ।

ਰੁਪਯਾ

ਤੀਸਰੀ ਗੱਲ ਆਪ ਨੇ ਆਪਣੇ ਰੁਪੱਯੇ ਦੇ ਖਰਚ ਬਾਬਤ ਲਿਖੀ ਹੈ। ਗੁਰੂ ਕ੍ਰਿਪਾ ਨਾਲ ਆਪ ਅਮੀਰ ਘਰ ਜਨਮੇ ਹੋ ਅਰ ਰੁਪਯੇ ਤੋਂ ਗਨੀ ਹੋ ।

ਅਸਲ ਇਹ ਗੱਲ ਹੈ ਕਿ ਇਨਸਾਨ ਰੁਪਏ ਇਕੱਠੇ ਕਰਨ ਵਾਸਤੇ ਨਹੀਂ ਆਇਆ। ਜਿਸ ਸ਼ੈ ਨਾਲ ਪਿਆਰ ਕਰੀਏ, ਓਸੇ ਦਾ ਰੂਪ ਹੋ ਜਾਈਦਾ ਹੈ। ਰੁਪੱਯਾ ਇਕ ਮੁਰਦਾ ਸ਼ੈ ਹੈ। ਇਸਦਾ ਪਿਆਰ ਰੂਹ ਵਿਚ 'ਆਤਮ ਜੀਵਨ' ਵਲੋਂ ਇਕ ਮੁਰਦਾਪਨ ਪੈਦਾ ਕਰਦਾ ਹੈ। ਅਰ ਰੁਪਏ ਦਾ ਪਿਆਰ ਐਨਾ ਮੁਰਦਾ ਕਰੀ ਜਾਂਦਾ ਹੈ ਕਿ ਦੁੱਖ ਦੇ ਕੇ ਬੀ ਰੁਪਏ ਕੱਠੇ ਕਰਦਾ ਹੈ। ਦੂਸਰੇ ਦੀ ਪੀੜ ਤੋਂ ਪੀੜਤ ਨਹੀਂ ਹੁੰਦਾ। ਇਸ ਤੋਂ ਮੇਰਾ ਮਤਲਬ ਇਹ ਨਹੀਂ ਕਿ ਆਦਮੀ ਨਾਂਗਾ ਹੋਕੇ ਜੰਗਲ ਵਿਚ ਜਾ ਬੈਠੇ। ਪਰ ਇਹ ਰੁਪਏ ਦੇ ਪਿਆਰ ਵਿਚ ਆਪਣੀ ਆਤਮਾ ਨਾ ਖੋ ਦੇਵੇ।

ਸੰਸਾਰ ਦੀ ਇੱਜ਼ਤ ਤੇ ਰੁਪੱਯਾ ਅੰਤ ਨੂੰ ਨਾਲ ਨਹੀਂ ਤਗਦੇ। ਇਸ ਕਰਕੇ ਆਪਣੇ ਕਮਾਏ ਰੁਪਏ ਵਿਚ ਆਪਣਾ ਨਿਰਬਾਹ ਕਰਕੇ ਜੋ ਬਚੇ ਸਾਰਾ ਵਾਹਿਗੁਰੂ ਦਾ ਜਾਣੋ ਤੇ ਉਸਦਾ ਜਾਣਕੇ ਵਾਹਿਗੁਰੂ ਦੀ ਸੰਤਾਨ ਸ੍ਰਿਸ਼ਟੀ ਨਾਲ ਜੋ ਸਾਡੇ ਵੀਰ ਹਨ ਵੰਡ ਕੇ ਵਰਤੋ। ਪਰ ਜੇ ਅਜੇ ਤਬੀਅਤ ਐਤਨੀ ਤਿਆਰ ਨਹੀਂ ਹੈ ਤਾਂ ਇਸ ਰਸਤੇ ਪਾਓ ਕਿ ਸਨੇ ਸਨੇ ਇਸ ਨੁਕਤੇ ਉਤੇ ਆ ਜਾਵੇ।

ਆਮਦਨ ਧਰਮ ਦੀ ਰਖੋ, ਰਿਸ਼ਵਤ ਤੋਂ ਉੱਕਾ ਪ੍ਰਹੇਜ਼ ਰਹੇ। ਜੋ ਆਪਣੀ ਕਮਾਈ ਦਾ ਆਵੇ ਉਸਦਾ ਦਸਵੰਧ ਗੁਰੂ ਅਰਪਨ ਕਰੋ। ਬਾਕੀ ਰੁਪਏ ਨੂੰ ਪਰਮੇਸਰ ਦੇ ਭੈ ਤੇ ਪਿਆਰ ਵਿਚ ਆਪਣੀ ਸੁਪਤਨੀ ਨਾਲ ਵੀਚਾਰ ਕੇ ਭਲਿਆਈ ਤੇ ਜਾਇਜ਼ ਸੁਖ ਲਈ ਵਰਤੋ। ਖਾਣਾ ਪੀਣਾ ਖਰਚਾ ਐਸਾ ਰਖੋ ਕਿ ਜਿਸ ਨਾਲ ਤਨ ਪੀੜਤ ਨਾ ਹੋਵੇ ਤੇ ਮਨ ਵਿਕਾਰੀ ਨਾ ਹੋਵੇ। ਹੁਕਮ ਹੈ :—

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥

ਦਸਵੰਧ **faithfully** ਕੱਢਣਾ ਤੇ ਦੇਣਾ ਉਚਿਤ ਹੈ ਅਰ ਹੋਰ ਖਰਚ ਤੇ ਚੰਦੇ ਇਸ ਵਿਚੋਂ (ਕਾਟ) ਕਰਨੇ ਨਹੀਂ ਚਾਹੀਏ ਜੋ ਆਪਣੀ **Pleasure** (ਮੌਜ) ਵਾਸਤੇ ਹੋਣ।

ਮੈਂ ਖੁੱਲੇ ਤੌਰ ਤੇ ਆਪਣੀ ਵਲੋਂ ਲਿਖ ਦਿਤਾ ਹੈ, ਕਿਸੇ ਗੱਲ ਤੇ ਕਿੰਤੂ ਹੋਵੇ ਤਾਂ ਉਸਨੂੰ ਸਵੀਕਾਰ ਨਾ ਕਰਨਾ, ਕਿਉਂਕਿ ਇਹ ਸੰਮਤੀ ਹੈ, ਆਪ ਸਿਆਣੇ ਹੋ।

—ਵੀਰ ਸਿੰਘ

੬੬

23-3-1911

ਪਿਆਰੇ ਜੀਓ,

ਤੁਸੀਂ ਆਪ ਸਤਿਸੰਗ ਵਿਚ ਲਗੇ ਰਹੇ ਹੋ, ਮੈਥੋਂ ਜੋ ਆਪ 'ਸਹਿਜ' ਬਾਬਤ ਪੁਛਦੇ ਹੋ, ਸੋ ਮੈਂ ਤਾਂ ਓਹੀ ਗੱਲ ਆਖਸਾਂ ਕਿ ਸਹਿਜ ਜਿਥੇ ਬੈਠੇ ਹੋ, ਓਥੇ ਹੀ ਪ੍ਰਾਪਤ ਹੋ ਸਕਦਾ ਹੈ । ਪਰ ਏਸ ਦੀ ਸੜਕ **intellect** (ਬੁਧੀਮਤਾ) ਨੂੰ ਚੀਰ ਕੇ ਅਗੇਰੇ ਜਾਂਦੀ ਹੈ, **Intellectually** (ਅਕਲ ਨਾਲ) ਜੋ ਪ੍ਰਾਪਤ ਕਰੀਦੀ ਹੈ ਸੋ **realise** (ਪ੍ਰਤੀਤ) ਨਹੀਂ ਹੋਇਆ ਕਰਦੀ । ਖਿਆਲ ਵਿਚ ਉਸਦਾ ਡੇਰਾ ਹੁੰਦਾ ਹੈ, ਵਾਸਤਵ ਉਸ ਤੋਂ ਦੁਰੇਡਾ ਹੁੰਦਾ ਹੈ । ਖਿਆਲ ਨਾਲ ਅਸੀਂ ਕਿਸੇ ਵੇਲੇ ਕੁਝ ਵਿਚਾਰ ਲਈਏ, ਪਰ ਅਸਲ ਗੱਲ ਇਹ ਹੈ ਕਿ 24 ਘੰਟੇ ਹਰ ਛਿਨ ਸਾਡਾ ਮਨ ਗੈਰੀਅਤ ਦੇ ਵਹਿਣਾਂ ਵਿਚ ਰਹਿੰਦਾ ਹੈ, ਜਦ ਤਕ ਕਿ ਲਗਾਤਾਰ ਹਰ ਛਿਨ ਤੇ ਹਰਦਮ ਪਿਆਰੇ ਦੀ ਯਾਦ ਉਨ੍ਹਾਂ ਵਹਿਣਾ ਦੀ ਥਾਂ ਨਾ ਆ ਵਸੇ । ਸਾਰੇ ਖਿਆਲ ਨਿਰੇ ਖਿਆਲ ਹੀ ਹਨ । ਸਤਿਗੁਰੂ ਜੀ ਆਖਦੇ ਹਨ—

> ਚਿੰਤ੍ਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖ ਹੋਇ ॥
>
> ਅਰ ਇਸ ਲਈ ਹੋਰ ਆਗਿਆ ਕਰਦੇ ਹਨ :—
>
> ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਇ ॥
> ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥ (ਵਾਰ ਬਿ: ਮ: 3)

ਜੀਵਨ ਪਦਵੀ ਲਈ ਦਮ ਦਮ ਦੀ ਸੰਭਾਲ ਸਭ ਤੋਂ ਉਚੀ ਸਾਧਨਾ ਹੈ, ਸਾਫ ਹੈ ਕਿ ਜੇ ਹਰ ਦਮ ਇਨਸਾਨ ਦੀ ਸੁਰਤ ਬੇਅਰਥ ਫੁਰਨਿਆ ਵਿਚ ਜ਼ਾਇਲ ਹੋ ਰਹੀ ਹੈ, ਤਦ ਤਰੱਕੀ ਕਿਸ ਤਰ੍ਹਾਂ ? ਇਸ ਗੇੜ ਵਿਚ ਪਏ ਬਿਨਾਂ ਮਨ ਜੋ ਇਕ ਜ਼ਬਰਦਸਤ **Generator** (ਤਾਕਤ ਪੈਦਾ ਕਰਨ ਦਾ ਯੰਤ੍ਰ) ਹੈ, ਆਪਣੇ ਸੁਭਾਵ ਵਾਙੂ **generate** (ਬੁਰਾਈ ਪੈਦਾ) ਕਰਨੋਂ ਨਹੀਂ ਰੁਕਦਾ । ਜਦ ਇਹ ਛਿਨ ਛਿਨ **evil** (ਬੁਰਾਈ) ਜਾਂ **useless** (ਨਿਕੰਮੀ ਸ਼ੈ) ਪ੍ਰੀਤਮ ਜੀ ਤੋਂ ਗੈਰ ਸਾਮਾਨ ਪੈਦਾ ਕਰਦਾ, ਸਾਥੋਂ ਹੀ ਸ਼ਕਤੀਮਾਨ ਹੋਕੇ, ਸਾਨੂੰ ਹੀ ਚੰਬੜ ਰਹਿਆ ਹੈ ਉਸਦੀ **Current** (ਤਾਕਤ ਦੀ ਲਹਿਰ) ਕਿਸੇ ਵੇਲੇ ਵੀ **stop** (ਬੰਦ) ਨਹੀਂ ਹੁੰਦੀ ਤਾਂ ਦੱਸੋ ਕਿ ਪ੍ਰੀਤਮ ਜੀ ਦੇ ਦੇਸ ਕੀਕੂੰ ਜਾਵੀਏ ? ਮਨ ਚਾਹੀਦਾ ਹੈ ਕਿ ਹਰ ਛਿਨ ਸਿਵਾ **Good** (ਚੰਗਿਆਈ) ਦੇ ਹੋਰ ਕੁਝ **generate** (ਪੈਦਾ) ਨਾ ਕਰੇ ਤੇ **Good** ਸਾਰਾ **relative** ਹੈ **Absolute Good** (ਨੇਕੀ ਕੁੱਲ) ਕੇਵਲ **Good** ਹੈ । ਸੋ ਜੇ ਮਨ ਸਰਬ ਚਿੰਤਨ ਦਾ ਤਿਆਗ ਕਰਕੇ ਇਕ (ਨੇਕੀ ਕੁੱਲ ਵਾਹਿਗੁਰੂ) ਦਾ ਚਿੰਤਨ ਕਰਨਾ ਅੰਦਰ ਵਸਾਵੇ,

ਅਰਥਾਤ ਮਨ ਸਿਵਾਏ ਪ੍ਰੀਤਮ ਜੀ ਦੀ ਪਿਆਰ ਭਰੀ ਯਾਦ ਸੁਖਦਾਈ ਗੁਣਾਨੁਵਾਦ ਦੇ ਸਿਵਾ ਹਰ ਛਿਨ ਹੋਰ ਕੁਝ generte (ਪੈਦਾ) ਨਾ ਕਰੇ, ਤਦ ਉਹ ਦਿਨ ਆ ਜਾਏਗਾ ਕਿ ਵਿਅਰਥ ਚਿੰਤਨਾਂ ਨਾਲ ਜੋ ਭੂਤ ਸੈਨਾ ਕਹੋ ਯਾ ਸੰਕਲਪਾਂ ਦਾ ਮਖੀਰਵਾਦ ਕਹੋ, ਆਪਣੇ ਵਿਚੋਂ ਆਪ ਪੈਦਾ ਕਰਕੇ ਉਸਦੇ ਅੱਗੇ ਆਪ ਹੀ objective (ਮਫਊਲ, ਦੀਨ) ਹੋ ਰਹੇ ਹਾਂ। ਓਹ ਸਾਰਾ annihilate ਹੋ ਜਾਵੇਗਾ। ਅਰ ਸਾਡੀ ਰੂਹ ਦੇ ਉਦਾਲੇ ਪ੍ਰੀਤਮ ਜੀ ਦੇ ਪ੍ਰੇਮ ਚਿੰਤਨ ਤੋਂ ਪੈਦਾ ਹੋਏ Good (ਚੰਗਿਆਈ) ਦਾ Sacred Holo (ਪਵਿਤ੍ਰ ਪ੍ਰਕਾਸ਼ ਘੇਰਾ) ਪੈ ਜਾਵੇਗਾ। ਜਿਹੜਾ ਸਾਨੂੰ ਹਰਦਮ ਸੁਖ ਵਿਚ ਰਖੇਗਾ ਤੇ ਪਿਆਰੇ ਜੀ ਦੇ ਦੇਸ਼ ਦੇ ਨੇੜੇ ਨੇੜੇ ਕਰਦਾ ਜਾਏਗਾ। ਇਹ ਰਸਤਾ ਮਹਾਂਪੁਰਸ਼ਾਂ ਤੋਂ ਗੁਰਬਾਣੀ ਦੁਆਰਾ ਸੁਣੀਦਾ ਹੈ ਕਿ ਜਿਸ ਨਾਲ 'ਜਮ ਤੇ ਉਲਟਿ ਭਏ ਹੈ ਰਾਮ' ਵਾਲਾ ਮੁਆਮਲਾ ਪ੍ਰਾਪਤ ਹੁੰਦਾ ਹੈ। ਮੇਰਾ ਵਿਸ਼ਵਾਸ਼, ਸਮਝ ਤੇ ਤਰੱਦਦ ਕੇਵਲ ਇਕ ਨਿੱਕੇ ਜਿਹੇ ਨੁਕਤੇ ਉਪਰ ਹੈ ਕਿ ਦਮ ਦਮ ਵਿਚ Absolute Good (ਪਰਮਾਤਮਾ) ਦੀ ਸੰਭਾਲ ਹੀ ਹੈ ਜੋ ਕੁਛ ਹੈ। ਯਾਂ ਇਉਂ ਕਹਾਂ ਕਿ ਹਰਦਮ ਹਰ ਛਿਨ ਸੁੱਤੇ ਜਾਗਦੇ, ਤੁਰਦੇ ਫਿਰਦੇ, ਪ੍ਰੀਤਮ ਜੀ ਦੀ ਹਜ਼ੂਰੀ ਵਿਚ ਰਹੀਏ, 'ਤੂ ਭਰਪੂਰਿ ਜਾਨਿਆਂ ਮੈ ਦੂਰਿ ਨੂੰ inverse (ਉਲਟਾ) ਕਰ ਦੇਵੀਏ। ਹਰਦਮ ਯਾਦ ਦੇ ਮੰਡਲ ਵਿਚ ਇਹ ਗੱਲ ਵੱਸੇ ਕਿ ਮੈਂ ਸਾਂਈ ਦੀ ਹਜ਼ੂਰੀ ਵਿਚ ਹਾਂ ਅਰ ਸਨਮੁਖ ਹੋ ਕੇ ਕਹੇ : ਪ੍ਰੀਤਮ ਜੀ : ਮੈਂ ਤੇਰੀ ਕਰਨ ਸ਼ਰਨ ਹਾਂ। ਹੇ ਦਾਤਾ ਜੀ, ਮੇਰੇ ਨਾਲ ਵਸੋ, ਮੈਨੂੰ ਹਜ਼ੂਰੀ ਵਿਚ ਰਖੋ, ਮੈਂ ਤੇਰਾ ਹਾਂ, ਪਿਆਰੇ ਜੀ ਮੈਂ ਤੇਰਾ ਹਾਂ। ਗੱਲ ਕੀਹ, ਕੋਈ ਸੁਆਸ 'ਗੈਰ ਹਜ਼ੂਰੀ' ਵਿਚ ਨਾ ਆਵੇ। ਉਠਣਾ ਬੈਠਣਾ, ਖਾਣਾ ਪੀਣਾ, ਟੁਰਨਾ ਫਿਰਨਾ, ਬੋਲਣਾ, ਸਭ ਕੁਝ ਹਜ਼ੂਰੀ ਵਿਚ ਹੋਵੇ। ਸਭ ਭੁੱਲ ਜਾਵੇਂ ਪਰ 'ਮੈਂ ਤੇਰੀ ਹਜ਼ੂਰੀ ਵਿਚ ਹਾਂ' ਇਹ ਸੰਕਲਪ ਨਾ ਭੁਲੇ। ਇਸ ਹਜ਼ੂਰੀ ਦੇ ਸਬਕ ਨੂੰ ਪਕਾਇਆ ਸਹਿਜ ਆ ਜਾਂਦੀ ਹੈ। ਇਸ ਸਬਕ ਵਿਚ ਪਿਆਰੇ ਦਾ ਨਾਮ ਪਿਆਰੇ ਦੇ ਗੁਣ, ਪਿਆਰੇ ਵਲ ਖਿੱਚ, ਪਿਆਰੇ ਦੇ ਬਿਰਹੋਂ, ਪਿਆਰੇ ਦੇ ਪ੍ਰੇਮ ਵਿਚ ਇਸਤਗਰਾਕ ਸਾਰੇ ਰੰਗ ਖਿੜਦੇ ਰਹਿੰਦੇ ਹਨ, ਅਰ ਅੰਤ 'ਬਿਸਰਤ ਨਾਹਿ ਮਨ ਤੇ ਹਰੀ' ਵਾਲੀ ਮੌਜ ਆ ਜਾਂਦੀ ਹੈ। ਪਿਆਰੇ ਜੀ, ਮੇਰੇ ਲੰਬੇ ਲਿਖੇ ਤੇ ਖਿਮਾ ਕਰਨੀ, ਮੈਨੂੰ ਕੇਵਲ ਇਕ ਹਜ਼ੂਰੀ ਦਾ ਸਬਕ ਉਸਤਾਦ ਨੇ ਪੜ੍ਹ ਦਿਤਾ ਸੀ, ਅਰ ਮੈਨੂੰ ਕਿਸੇ ਹੋਰ ਸਬਕ ਵਿਚ ਸੁਆਦ ਨਹੀਂ ਲੱਭਾ। ਇਸ ਕਰਕੇ ਆਪਦੇ ਪੁਛਣੇ ਪਰ ਮੈਂ ਆਪ ਨੂੰ ਇਸੇ ਸਬਕ ਦਾ ਪਤਾ ਦੱਸ ਸਕਦਾ ਹਾਂ, ਜਿਸਨੂੰ ਮੈਂ ਸਭ ਤੋਂ ਉੱਚਾ ਅਰ ਸੁੱਚਾ ਪਾਇਆ ਹੈ।

—ਵੀਰ ਸਿੰਘ

੬੭

14-7-1911

ਪਿਆਰੇ ਜੀ,

'ਗਿਆਨ' ਕਿਸੇ ਸ਼ੈ ਦਾ ਜਾਣ ਲੈਣਾ ਹੈ। ਇਹ ਜਾਣ ਲੈਣਾ ਸਮਝ, ਦਲੀਲ ਤੇ ਤਰਕ ਨਾਲ ਹੁੰਦਾ ਹੈ। ਇਸ ਤਰੀਕੇ ਨਾਲ ਜਾਣਕੇ ਜਾਣਨ ਵਾਲਾ ਬੁੱਧੀ ਦੇ ਮੰਡਲ ਵਿਚ ਰਹਿੰਦਾ ਹੈ, ਇਕਾਗ੍ਰ ਨਹੀਂ ਹੁੰਦਾ। ਮਨ ਆਪਣਾ ਕੰਮ ਕਰਦਾ ਰਹਿੰਦਾ ਹੈ ਪਰ ਏਸ ਤਰ੍ਹਾਂ ਓਹ ਆਪਣੇ ਅਸਲੇ ਨੂੰ ਨਹੀਂ ਪਹੁੰਚ ਸਕਦਾ।

ਅਸਲੇ ਤੋਂ ਜੋ ਪਸਾਰਾ ਹੋ ਰਿਹਾ ਹੈ ਅਰ ਜੋ ਮਾਇਆ ਰੂਪ ਹੈ, ਉਸ ਵਿਚ ਹੀ ਰਹਿ ਜਾਂਦਾ ਹੈ। ਭਗਤੀ ਅਤੇ ਪ੍ਰੇਮ ਨਾਲ ਵਾਹਿਗੁਰੂ ਨੂੰ ਪਾ ਲਈਦਾ ਹੈ। ਵਾਹਿਗੁਰੂ ਨੂੰ ਪਿਆਰ ਕਰਨ ਨਾਲ ਇਹ ਦੁਨੀਆਂ ਦੇ ਕੰਮ ਕਰਨ ਵਾਲੀ ਸਮਝ ਦੇ ਤਰਕ ਤੇ ਮਨ ਦੇ ਹੋਰ ਫੁਰਨੇ ਰੁਕਦੇ ਹਨ ਅਰ ਬ੍ਰਿਤੀਆਂ ਠੱਲਾ ਖਾਂਦੀਆਂ ਹਨ, ਸਾਰਿਆਂ ਪਾਸਿਆਂ ਤੋਂ ਪ੍ਰਵਾਹ ਰੁਕ ਕੇ ਇਕ ਪਾਸੇ ਲੱਗਦਾ ਹੈ। ਜਿਉਂ ਜਿਉਂ ਪ੍ਰੇਮ ਵਧਦਾ ਹੈ ਤਿਉਂ ਤਿਉਂ ਇਸ ਮਾਯਕ ਪਸਾਰੇ ਵਾਲੀ ਬੁੱਧੀ ਜੋ ਆਪਣਾ ਦੇਸ਼ ਕਾਲ ਤੇ ਨਮਿਤ ਦੇ ਖਿਆਲ ਬਿਨਾਂ ਕਰ ਹੀ ਨਹੀਂ ਸਕਦੀ, ਮਰਦੀ ਮਰਦੀ ਸਿਧਿ ਤਕ ਅੱਪੜਦੀ ਹੈ, ਜਿਥੇ ਕਿ ਆਪਣਾ ਅਸਲਾ ਅਸਲੇ ਨੂੰ ਪਛਾਣਦਾ ਹੈ।

ਤਦੋਂ ਇਕ ਗਿਆਨ ਪੈਦਾ ਹੁੰਦਾ ਹੈ, ਉਸਨੂੰ ਅਨੁਭਵ ਕਹਿੰਦੇ ਹਨ। ਓਦੋਂ ਆਪਣਾ ਚਾਨਣਾ ਆਪਣੇ ਵਿਚ ਮਗਨ ਕਰਦਾ ਹੈ। ਫੇਰ ਪਿਆਰੇ ਜੀ ਪ੍ਰੀਤਮ ਜੀ ਮਗਨ ਹੋ ਜਾਂਦੇ ਹਨ। ਏਹ ਤਾਂ ਰਹੀਆਂ ਨ ਅੰਤ ਦੀਆਂ ਗੱਲਾਂ ਤੇ ਲੇਖੇ, ਸਾਨੂੰ ਲੇਖੇ ਨਾਲ ਕੀ ਕੰਮ, ਸਾਨੂੰ ਤਾਂ ਨਿੱਗਰ ਦੌਲਤ ਦੀ ਲੋੜ ਹੈ। ਇਹ ਨਿੱਗਰ ਦੌਲਤ 'ਨਾਨਕ ਪ੍ਰੇਮ' ਹੈ।

ਸਾਨੂੰ ਬਹੁਤੇ ਗਿਆਨਾਂ ਦੀ ਲੋੜ ਨਹੀਂ, ਸਾਨੂੰ ਇਕ ਸ਼ੈ ਦੀ ਲੋੜ ਹੈ ਜੋ ਸਭ ਤੋਂ ਅਮੋਲਕ ਹੈ ਤੇ ਅਸਲੀ ਹੈ, ਅਬ ਸਾਡੇ ਗਉਂ ਦੀ ਹੈ। ਉਸ ਸ਼ੈ ਦਾ ਪਿਆਰਾ ਨਾਮ, ਉਸ ਵਸਤੂ ਦਾ ਹੁੱਬ ਭਰਿਆ ਨਾਮ ਤੇ ਉੱਤਮ ਨਾਮ ਹੈ 'ਨਾਨਕ ਪ੍ਰੇਮ'। ਇਸ ਪ੍ਰੇਮ ਨੇ ਜਿਸ ਹਿਰਦੇ ਵਿਚ ਇਕ ਰਤੀ ਭਰ ਨਿਵਾਸ ਕੀਤਾ ਹੈ ਉਹ ਹਿਰਦਾ ਧੰਨ ਹੈ। ਗੁਰੂ ਨਾਨਕ ਪਿਆਰਾ ਲਗੇ ਭਾਵੇਂ ਰਤੀ ਕੁ ਪਿਆਰਾ ਲਗੇ ਪਰ ਲਗੇ ਪਿਆਰਾ, ਅਰ ਦਿਨ ਰਾਤ ਮਾੜੀ ਮਾੜੀ ਧੁਖ ਪ੍ਰੀਤਮ ਜੀ ਦੇ ਪਿਆਰ ਦੀ ਉਠਦੀ ਰਹੇ। ਰਾਤ ਜਾਗ ਖੁੱਲ੍ਹੇ ਤਾਂ 'ਧੰਨ ਗੁਰੂ ਨਾਨਕ ਦੇਵ' ਹਿਰਦੇ ਵਿਚ ਹੋਰ ਹੋਵੇ। ਟੁਰੇ ਫਿਰੇ, ਜਾਵੇ ਆਵੇ, ਕੰਮ ਕਾਰ ਵਿਚ ਪਿਆਰ ਦੀ ਧੂਹ ਵਜ ਜਾਵੇ। ਧੰਨ ਉਹ ਸਰੀਰ ਤੇ ਧੰਨ ਹੈ ਉਹ ਮਨ ਜਿਸ ਅੰਦਰ ਇਹ ਕਿਣਕਾ ਵਸਿਆ ਹੈ। ਜੇ ਮਹੀਨੇ ਵਿਚ ਇਕ ਛਿਨ ਈ ਐਸੀ ਆ ਜਾਵੇ ਕਿ ਮੂੰਹ ਕਹੇ 'ਧੰਨ ਗੁਰੂ

ਨਾਨਕ ਦੇਵ' ਤੇ ਅੱਖਾਂ ਜਲ ਨਾਲ ਭਰ ਜਾਣ ਤੇ ਸਰੀਰ ਲੂੰ-ਕੰਡੇ ਹੋ ਜਾਣ ਤੇ ਕਲੇਜੇ ਵਿਚ ਪ੍ਰੀਤਮ ਗੁਰੂ ਨਾਨਕ ਜੀ ਦੇ ਮਿਲਣ ਦੀ ਖਿੱਚ ਤੁਣੁਕਾ ਦੇ ਜਾਵੇ, ਤਾਂ ਜਨਮ ਸਫਲ ਹੈ। ਜਿਸ ਨੂੰ ਇਕ ਵਾਰ ਐਸਾ ਸਮਾਂ ਲੰਘ ਗਿਆ ਹੈ ਉਸ ਦੇ ਅੰਦਰ ਪਿਆਰਾ ਜ਼ਰੂਰ ਵੱਸੇਗਾ।

ਗੁਰੂ ਨਾਨਕ ਜੀਵਨ ਸ਼ਕਤੀ ਹੈ। ਗੁਰ ਨਾਨਕ ਜੀਉਂਦਾ ਜਾਗਦਾ ਪ੍ਰੀਤਮ ਹੈ, ਗੁਰ ਨਾਨਕ ਮਨੁੱਖ ਬਣਕੇ ਸੰਸਾਰ ਤਾਰਨ ਆਇਆ ਹੈ। ਓਹ ਹੁਣ ਬੀ ਆਪਣੇ ਪ੍ਰੇਮੀਆਂ ਦਾ ਪ੍ਰੀਤਮ ਓਸੇ ਤਰ੍ਹਾਂ ਹੈ। ਓਸ ਨਾਲ ਨੇਹੁ ਜਿਸ ਦਾ ਲੱਗ ਗਿਆ :—

ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ ॥ (ਟੋਡੀ ਮਹਲਾ 5)

ਜੇ ਲੋੜ ਹੈ ਤਾਂ ਇੱਕੋ ਲੋੜ ਲੋੜੋ, ਜੇ ਤਾਂਘ ਹੈ ਤਾਂ ਇਕੋ ਤਾਂਘ ਤਾਂਘੋ, ਅਰ ਉਹ ਕੀਹ ? ਗੁਰੂ ਨਾਨਕ ਪ੍ਰੇਮ ਦੀ ਰਿਜ਼ਮ ਅੰਦਰ ਵਸਾਓ।

ਕਾਸ਼, ਉਹ ਘੜੀ ਆਵੇ ਤੇ ਆਈ ਹੋਈ ਫੇਰ ਨਾ ਖੁੱਸੇ ਕਿ ਪ੍ਰੀਤਮ ਜੀ ਦਾ ਪ੍ਰੇਮ ਸੁੱਤੇ ਹੋਏ ਸ਼ੇਰ ਵਾਂਙੂ ਜਾਗ ਪਵੇ ਅਤੇ ਪਿਆਰ ਦਾ ਐਸਾ ਰਸ ਬੱਝ ਜਾਵੇ ਕਿ ਪਏ ਖੀਵੇ ਹੋਵੀਏ ਤੇ ਗਾਵੀਏ :—

"ਮੂ ਲਾਲਨ ਸਿਉ ਪ੍ਰੀਤਿ ਬਨੀ ॥ ਰਹਾਉ ॥ ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ। ਦਿਨਸੁ ਰੈਨਿ ਮਨ ਮਾਹਿ ਬਸਤੁ ਹੈ. ਤੂ ਕਰਿ ਕਿਰਪਾ ਪ੍ਰਭ ਅਪਨੀ ॥੨॥" (ਬਿਲਾਵਲ ਮ: 5, 114)

ਪ੍ਰੀਤਮ ਜੀ ਨੂੰ ਪਿਆਰ ਕਰੋ, ਅੰਦਰ ਵਸਾਓ :—

'ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ ॥'(ਸੂਹੀ ਮ: 5—ਅਸ਼ਟਪਦੀ ੧)

ਆਖੋ ਧੰਨ ਗੁਰੂ ਨਾਨਕ ਦੇਵ। ਧੰਨ ਜਗ ਦਾਤਾ ਪ੍ਰੀਤਮ ਜੀ, ਜੋ ਸਾਡੇ ਵਿਚ ਸਾਡੇ ਵਰਗਾ ਹੋਕੇ ਵੱਸਿਆ ਤੇ ਸਾਡੇ ਅੰਦਰ ਲੌ ਲਗਾ ਕੇ ਲੁਕ ਬੈਠਾ। ਜੋ ਲੌ ਲਗੀ ਵਾਲਿਆਂ ਤੋਂ ਦੇਹ ਛੱਡ ਕੇ ਬੀ ਨਹੀਂ ਲੁਕਿਆ, ਉਹਨਾਂ ਦੇ ਹਿਰਦੇ ਨੂੰ ਤਖਤ ਬਣਾ ਕੇ ਅੱਠੇ ਪਹਿਰ ਉਤੇ ਵਿਰਾਜਦਾ ਹੈ। ਧੰਨ ਹੈ ਐਸਾ ਪ੍ਰੀਤਮ। ਹੋਰ ਕੀਹ ਲੋੜ ਹੈ ? ਜੋ ਦਿੱਸਦਾ ਹੈ ਕਿਸ ਅਰਥ ਹੈ ? ਜੋ ਨਾ ਦਿੱਸਣ ਵਾਲਾ ਅਮੋਲਕ ਪਦਾਰਥ ਹੈ, ਉਹ ਬੀ ਕਿਸ ਅਰਥ ਹੈ ? ਸਭ ਤਰਵਰ ਕੀ ਛਾਇਆ ਹੈ। ਮੁਕਤ ਬੀ ਕੁਛ ਵਸਤੂ ਨਹੀਂ ਤੇ ਸੁਰਗ ਬੈਕੁੰਠ ਬ੍ਰੀ ਕਿਸੇ ਕੰਮ ਨਹੀਂ। ਪਾਪਾਂ ਤੋਂ ਛੁੱਟਣ ਦਾ ਸੰਕਲਪ ਤੇ ਉਚੇ ਹੋਣ ਦੀ ਇੱਛਾ ਬੀ ਮਾਇਆ ਦਾ ਜਾਲ ਹੈ। ਸਾਰ ਵਸਤੂ ਏਹੋ 'ਨਾਨਕ ਪ੍ਰੇਮ' ਹੈ।

ਜੇ ਇਹ ਲੱਭ ਜਾਵੇ ਤਾਂ ਇਸ ਧੁਨਿ ਮਗਨ ਰਹੇ ਤੇ ਸਾਰੀ ਅਪਣੀ (ਮੈਂ ਮੇਰੀ) ਤੇ ਸੋਚਾਂ ਛੱਡਕੇ ਇੱਕੋ ਲਗਨ ਵਿਚ ਲਗਾ ਰਹੇ। ਆਓ ਪ੍ਰਾਰਥਨਾ ਕਰੀਏ :—ਹੇ ਗੁਰੂ ਨਾਨਕ ! ਪ੍ਰੀਤਮ ਜੀ ! ਆਪਣਾ ਪਿਆਰ ਲਾ ਦਿਓ 'ਧੰਨ ਗੁਰ ਨਾਨਕ ਦੇਵ'।

—ਵੀਰ ਸਿੰਘ

੬੮

13-3-12

ਪਵਿੱਤ੍ਰ ਆਤਮਾ ਜੀਓ,

ਕਲਹਾ ਤੇ ਦੁਖ ਕਰਨ ਦੀ ਲੋੜ ਨਹੀਂ ਹੈ, ਨਿਤ ਦੇ ਪਾਠ ਜੇ ਦਿਨ ਨੂੰ ਪੂਰੇ ਨਾ ਹੋਣ ਤਾਂ ਰਾਤ ਨੂੰ ਕਰ ਲਏ ਅਰ ਦਿਨ ਨੂੰ ਕੁਛ ਵਕਤ ਸੌਂ ਲੀਤਾ।

ਲੋਕਾਂ ਦੇ ਰੌਲੇ ਵਿਚ ਮਨ ਨੂੰ ਵਾਹਿਗੁਰੂ ਦੇ ਚਰਨਾਂ ਵਿਚ ਰਖਣਾ ਇਹੋ ਹੀ ਤਾਂ ਸਿਖੀ ਦੀ ਟਕਸਾਲ ਵਿਚ ਘੜੇ ਜਾਣਾ ਹੈ। ਮੂੰਹੋਂ ਲੋਕਾਂ ਨਾਲ ਮਾੜੀ ਮਾੜੀ ਹੋ ਹੋ ਕਰ ਛੱਡੋ, ਚਿਤ ਵਾਹਿਗੁਰੂ ਜੀ ਦੇ ਪਵਿਤ੍ਰ ਚਰਨਾਂ ਨਾਲ ਲਗਾ ਰਹੇ। ਜਦ ਖਿਝ ਯਾ ਰੰਜ ਦਾ ਸਾਮਾਨ ਬਣੇ ਪੰਜ ਇਸ਼ਨਾਨਾ ਕੀਤਾ ਤੇ ਸੌਂ ਗਏ ਅਰ ਵਾਹਿਗੁਰੂ ਜੀ ਦੇ ਚਰਨਾਂ ਵਿਚ ਮਨ ਲਾ ਦਿਤਾ। ਸੁਆਸ ਜ਼ਰਾ ਮੱਧਮ ਕਰ ਦਿਤੇ ਤੇ ਸਰੀਰ ਢਿੱਲਾ ਛੋੜ ਦਿਤਾ। ਪਵਿਤ੍ਰ ਪ੍ਰੀਤਮ ਸ੍ਰੀ ਵਾਹਿਗੁਰੂ ਜੀ ਦਾ ਨਾਮ ਮਲਕੜੇ ਮਲਕੜੇ ਲੰਮਾ ਕਰਕੇ ਲੀਤਾ, ਬਸ ਕੁਛ ਚਿਰ ਵਿਚ ਮਨ ਹਲਕਾ ਹੋ ਕੇ ਚਰਖੇ ਗੇੜ (ਸਿਮਰਨ ਦਾ ਰੌ) ਸਾਫ ਟੁਰ ਪਏਗਾ। ਇਹੋ ਜ਼ਿੰਦਗੀ ਹੈ, ਜੋ ਯਾਦ ਵਿਚ ਨਹੀਂ, ਜੋ ਵਾਹਿਗੁਰੂ ਜੀ ਦੀ ਪਵਿਤ੍ਰ ਹਜ਼ੂਰੀ ਵਿਚ ਨਹੀਂ ਹੈ, ਉਹ ਮੁਰਦਾ ਦੇਹ ਹੈ।

ਜੇਕਰ ਤੁਸੀਂ ਪਰਮੇਸੁਰ ਨੂੰ ਪਿਆਰ ਕਰੋਗੇ, ਤਦ ਤੁਸਾਡੇ ਇਸ ਪਵਿਤ੍ਰ ਪ੍ਰੇਮ ਦੀ ਖੁਸ਼ਬੋ ਆਸ ਪਾਸ ਬੀ ਅਸਰ ਕਰੇਗੀ।

ਬੀਮਾਰੀ ਕੌੜੀ ਤਕਲੀਫ਼ ਤੁਹਾਡੀ ਆਪਣੀ ਰੱਖੀ ਹੋਈ ਹੈ, ਓਸ ਸੰਕਲਪ ਨੂੰ ਕੱਢ ਦਿਓ, ਵਾਹਿਗੁਰੂ ਦਾ ਨਾਮ ਜਿਥੇ ਹੈ, ਫੇਰ ਓਥੋਂ ਦੁਖ ਦੂਰ ਭਜਦੇ ਹਨ। ਇਲਾਜ ਬੀ ਕਰੋ ਪਰ ਟੇਕ ਸਤਿਗੁਰ ਤੇ ਧਾਰੋ ਅਰ ਰੋਗ ਨੂੰ ਹੁਕਮ ਦਿਓ ਕਿ ਤੁਹਾਡੇ ਸਰੀਰ ਤੋਂ ਦੂਰ ਹੋ ਜਾਵੇ।

—ਵੀਰ ਸਿੰਘ

੬੯

14-5-1912

ਪਿਆਰੇ ਜੀ,

ਖਤ ਪਹੁੰਚਾ, ਆਪ ਦੇ (ਨਵੀਨ) ਮਿਤ੍ਰ ਜੀ ਦਾ ਹਾਲ ਪੜ੍ਹਿਆ ਹੈ। ਸਤਿਗੁਰ ਦੇ ਚੋਜ ਹਨ :—

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥
ਇਕਿ ਜਾਗੰਦੇ ਨਾ ਲਹੰਨਿ ਇਕਨਾ ਸੁਤਿਆਂ ਦੇਇ ਉਠਾਲਿ ॥

(ਵਾਰ ਸਿਰੀ ਰਾਗ ਮ: ੧—2)

ਪਿਆਰ ਤੇ ਖਿੱਚ ਉਪਦੇਸ਼ ਕਰੀ ਚੱਲੋ। ਮੈਂ ਖੁਸ਼ ਹੋਇਆ ਹਾਂ ਕਿ ਤੁਸਾਨੂੰ ਇਕ ਸਤਿਸੰਗੀ ਮਨ ਭਾਉਂਦਾ ਸਾਥੀ ਲੱਭ ਗਿਆ ਹੈ, ਹੁਣ ਸ਼ਿਮਲਾ ਓਪਰਾ ਨਹੀਂ ਲਗੇਗਾ। ਹਜ਼ੂਰੀ ਦਾ ਪਾਠ ਸਿਖਲਾ ਦਿਓ। ਜਪੁ ਦੇ ਪਾਠ ਬੇ-ਹਜ਼ੂਰੀ ਕੀਤੇ **Voice in the wilderness** ਹਨ, ਜੇ ਗੁਰੂ ਨਾਨਕ ਨੂੰ ਪਾਸ ਖਿਆਲ ਕਰ ਕੇ ਸੁਣਾ ਕੇ ਪੜ੍ਹੀਏ ਤਾਂ ਉਹ ਵਯਾਪਕ ਜੋਤਿ ਸੁਣਸੀ ਤੇ ਕਦੇ ਖ਼ੈਰ ਪਾਸੀ।

ਜਦੋਂ ਗੁਰੂ ਨਾਨਕ ਦਾ ਪਿਆਰ ਅੰਦਰ ਆ ਜਾਏਗਾ, ਨਿੰਦਕਾਂ ਦਾ ਸੰਗ ਆਪ ਹੀ ਘਟ ਜਾਏਗਾ, ਤੁਸੀਂ ਪਿਆਰੇ ਪ੍ਰੀਤਮ ਦਾ ਪਿਆਰ ਸਿਖਾਈ ਜਾਓ।

ਤੁਸੀਂ ਆਪਣੇ ਬਾਰੇ ਤੌਖਲਾ ਨਾ ਕਰਿਆ ਕਰੋ ਤੇ ਕਾਹਲੀ ਦਾ ਫਿਕਰ ਨਾ ਕਰਿਆ ਕਰੋ। ਬੋਹੜ ਦਾ ਦਰਖਤ ਇਕ ਦਿਨ ਵਿਚ ਨਹੀਂ ਉਗਿਆ ਕਰਦਾ। ਸਤਿਗੁਰ ਦੀ ਬਾਣੀ, ਯਾਦ, ਪਿਆਰ, ਸਤਿਸੰਗ ਦੀ ਪ੍ਰਾਪਤੀ, ਇਸ ਪਰ ਸ਼ੁਕਰ, ਇਹ ਸਭ ਤ੍ਰੌਂਕੀਆਂ ਹਨ। ਸ਼ੁਕਰ ਕਰੋ ਤੇ ਚਾਲ ਨਾਲ ਟੁਰੀ ਚਲੋ। ਨਾਮ ਵਿਦਯਾ ਹੈ ਜੋ ਸਹਿਜ ਨਾਲ ਪੜ੍ਹੀਂਦੀ ਹੈ।

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥

(ਆਸਾ ਕਬੀਰ ਜੀ ੧੦)

ਫਿਕਰ ਨ ਕਰੋ, ਗੁਰੂ ਅੰਗ ਸੰਗ ਰਹਿੰਦਾ ਹੈ। ਦੂਸਰੇ ਮਿਤ੍ਰ ਬਾਬਤ **Hopeless** ਨਹੀਂ ਹੋਣਾ। ਜਿਸ ਤਬੀਅਤ ਦਾ ਉਹ ਹੈ, ਓਸੇ ਤਰ੍ਹਾਂ ਦੇ ਵਰਤਾਉ ਨਾਲ "ਨਾਨਕ ਪ੍ਰੇਮ" ਦਾ ਸਾਂਝੀਵਾਲ ਬਨਾਣਾ ਹੈ।

ਆਤਮਾ ਨਿਰਬਲ ਤੇ ਹਲਕੀ ਜਾਪਦੀ ਹੈ, ਜੇ ਕੋਈ **free** ਮੇਲ ਜੋਲ ਹੋਵੇ ਤਾਂ ਉਸ ਦਾ ਮੇਲ ਆਪ ਲਈ ਮਾੜਾ ਨਹੀਂ ਰਹੇਗਾ, ਮਦਦ ਦਿਓ ਜੇ ਕਦੇ ਉਸ ਨੂੰ ਆਪਣੇ ਅਭਯਾਸ

ਵਿਚ ਲੋੜ ਹੋਵੇ ਤਾਂ। ਅੱਲ੍ਹੜ ਹੈ ਪਰ Confiding ਹੈ। ਕਿਆ Life wave ਸ਼ੁਰੂ ਹੋ ਗਈ ਹੈ ? ਸਜਣਾਂ, ਅਸਾਂ ਨੇ ਸੰਸਾਰ ਵਿਚ ਮੁਰਦਾ ਰੂਹਾਂ ਵਿਚ ਜੀਵਨ ਰੌ ਪੈਦਾ ਕਰਨੀ ਹੈ, ਬਸ ਇਹੋ ਹੀ ਸੁਆਦਲੀ ਗੱਲ ਹੈ।

ਜਨਮ ਜਨਮ ਦੀਆਂ ਮੈਲਾਂ ਸਨੇ ਸਨੇ ਕਟੀਂਦੀਆਂ ਹਨ। ਤੁਸੀਂ ਜਦ ਰਲ ਕੇ ਲਗੇ ਰਹੋਗੇ ਤਾਂ ਕੀਹ ਤਅੱਜਬ ਹੈ ਕਿ ਮੈਲ ਘਟੇ ਅਰ ਗੁਰੂ ਨਾਨਕ ਦੇ ਆਤਮ ਸੂਰਜ ਦੀਆਂ ਕਿਰਨਾਂ ਕਿਸੇ ਹੋਰ Dark cell ਵਿਚ ਬੀ ਪੈ ਜਾਣ। Go on working steadely and slowly.

ਉਨ੍ਹਾਂ ਦੇ ਪਿਤਾ ਜੀ ਬੀ ਆਪ ਪਾਸ ਆਉਂਦੇ ਹਨ, Be kind and show him, what an amount of pure love a sikh of Guru Nanak has got in himself.

ਗੁਰ ਨਾਨਕ ਪ੍ਰੇਮ ਹੈ, ਗੁਰ ਨਾਨਕ ਦੇ ਸਿਖ ਵਿਚ ਪ੍ਰੇਮ ਵਸਦਾ ਹੈ, ਪ੍ਰੇਮ ਹੀ ਦਾਨ ਕਰਦਾ ਹੈ, ਪਰ ਓਹ ਬੇ-ਥਵਾ ਤੇ uncentred ਪ੍ਰੇਮ ਨਹੀਂ ਜੋ ਨਿਖਸਮੇਂ ਤੇ ਨਿਗੋਸਾਂਏ preach ਕਰਦੇ ਹਨ, ਇਹ ਪ੍ਰੇਮ ਗੁਰੂ ਨੂੰ centre ਬਣਾ ਕੇ ਉਸ centre ਨਾਲ ਸੁਰਤ ਨੂੰ ਬੰਨ੍ਹ ਕੇ ਅੰਦਰੋਂ ਪੈਦਾ ਹੁੰਦਾ ਹੈ ਤੇ ਫੇਰ ਇਹ ਅੰਦਰ ਮਹਿਕਦਾ ਹੈ ਤੇ ਬਾਹਰ ਸੁਗੰਧ ਦੇਂਦਾ ਹੈ।

—ਵੀਰ ਸਿੰਘ

੧੦

16-5-1912

ਪਿਆਰੇ ਸਜਣ ਜੀ,

ਮੈਂ ਪ੍ਰਾਰਥਨਾ ਕਰਦਾ ਹਾਂ ਕਿ ਸਤਿਗੁਰ ਦੀ, ਆਤਮਾ ਆਪ ਨੂੰ ਆਪਣੇ ਪ੍ਰੇਮ ਦੇ ਮੰਡਲ ਵਿਚ ਲਗਾਤਾਰ ਰਸ ਦਾ ਅਧਿਕਾਰੀ ਬਣਾ ਲਵੇ।

ਆਪ ਦੇ ਪੱਤ੍ਰ ਵਿਚ ਜੋ ਪਿਆਰ ਭਰੇ ਲਫ਼ਜ਼ ਆਪਨੇ ਲਿਖੇ ਹਨ ਮੈਂ ਉਨ੍ਹਾਂ ਦਾ ਸ਼ੁਕਰੀਆ ਕੀਹ ਕਰਾਂ ਕੇਵਲ ਇਤਨਾ ਆਖਦਾ ਹਾਂ ਕਿ ਮੈਂ ਆਪ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਇਆ ਹਾਂ ਅਰ ਮੇਰੇ ਚਿਤ ਵਿਚ ਆਪਦਾ ਖਿਆਲ ਅਕਸਰ ਵੇਰ ਫੇਰੇ ਪਾਂਦਾ ਹੈ। ਮੇਰੇ ਪਿਆਰ ਵਿਚ ਹੀ, ਨਹੀਂ ਮੇਰੇ ਪਿਆਰ ਵਿਚ ਆਪਦਾ ਖਿਆਲ ਆ ਵਸਦਾ ਹੈ, ਪਰ ਮੈਂ ਕੁਛ ਸੰਕੋਚ ਜੇਹੇ ਵਿਚ ਰਹਿੰਦਾ ਹਾਂ। ਇਨਸਾਨ ਦੇ ਜੀ ਵਿਚ ਸੁਰਤ, ਮਤਿ, ਮਨ, ਸੁਧਿ ਦੇ ਦਰਜੇ ਦਾ ਜੋ ਸਾਮਾਨ ਹੈ ਇਸ ਦੀ ਨੀਂਹ ਸ਼ੱਕ ਪਰ ਹੈ। ਪ੍ਰੇਮ ਦਾ ਵਾਸਾ ਇਨ੍ਹਾਂ ਤੋਂ ਅੱਗੇ ਸਿਧੀ ਦੇ ਮੰਡਲ ਵਿਚ ਹੈ, ਜਿਥੇ ਅਕਲ ਦੇ ਖੰਭ ਸੜਦੇ ਹਨ, ਪਰ ਉਹ ਸਿਧੀ ਬੀ ਇਕ ਮੁਕੰਮਲ ਅਕਲ ਹੈ ਜੋ ਆਪਣੇ ਕਾਰਜ ਲਈ **deductive** ਤੇ **Inductive logic** ਦੀ ਮੁਥਾਜ ਨਹੀਂ ਰਹਿੰਦੀ। ਮੇਰੇ ਹਿਰਦੇ ਵਿਚ ਆਪ ਦੇ ਮਿਲਣ ਤੋਂ ਅਰ ਆਪ ਦੀ **gloom** ਦਾ ਜ਼ਿਕਰ ਜਾਣਨ ਤੋਂ ਅਤ੍ਰਿਪਤ ਪਿਆਰ ਭਰੀ ਇਹ ਇਛਾ ਪੈਦਾ ਹੋਈ ਕਿ ਕਾਸ਼ 'ਨਾਨਕ ਪ੍ਰੇਮ' ਦੀ **Continuous current** ਆਪ ਦੇ ਅੰਦਰ ਛਿੜ ਪਏ ਅਰ ਆਪਦੇ **Divine** ਵਲਵਲਿਆਂ ਦੇ **uprushes** ਜੋ ਸਾਂਈਂ ਵਲੋਂ ਆਪ ਨੂੰ ਪ੍ਰਾਪਤ ਹਨ, ਆਪ ਲਈ ਸਚੀ ਮੁਚੀ 'ਪ੍ਰੀਤਮ' ਜੀ ਦੇ ਦੇਸ ਲੈ ਜਾਣ ਦੇ ਕਾਰਨ ਬਣ ਜਾਣ।......

ਮੈਂ ਜਦ ਦਾ ਆਪ ਨੂੰ ਡਿੱਠਾ ਹੈ ਕੇਵਲ ਆਪਦੀ ਆਤਮਾਂ ਦੀ ਨਿਰੋਲਤਾ; ਇਹ ਭੁੱਲ ਕੇ ਕਿ ਤੁਸੀਂ ਪੰਡਤ ਹੋ, ਪ੍ਰਸਿਧ ਹੋ, ਖਿੱਚ ਕਰਦੀ ਹੈ ਤੇ ਚਿਤ ਇਹ ਚਾਹੁੰਦਾ ਹੈ ਕਿ ਕਿਉਂ ਨਾ ਆਪਦੇ ਆਤਮਾਂ ਵਿਚ 'ਨਾਨਕ ਪ੍ਰੇਮ' ਦੀ ਠੰਢੀ, ਪਿਆਰੀ, ਰਸ ਭਰੀ, ਮਿਠੀ ਤੇ ਆਨੰਦੀ ਰੌ ਲਗਾਤਾਰ ਜਾਰੀ ਹੋ ਜਾਵੇ। ਮੇਰੀ ਸ਼ੁਭ ਇਛਾ ਤੇ ਪਿਆਰ ਭਰੀ ਤਾਂਘ ਇਹ ਹੈ।

ਗੁਰੂ ਨਾਨਕ ਦੇਵ ਦੇ ਹਿਸਾਬ ਨਾਲ ਅਸੀਂ ਸਾਰੇ ਮੁਰਦੇ ਹਾਂ—
ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥

ਤੇ ਜ਼ਿੰਦਗੀ **spormodic** ਸ਼ੈ ਨਹੀਂ, ਜ਼ਿੰਦਗੀ ਲਗਾਤਾਰ ਹੋਣੀ ਚਾਹੀਏ **Life must be Continuous.**

ਇਹੋ ਕਾਰਨ ਹੈ ਕਿ ਸ੍ਰੀ ਗੁਰੂ ਜੀ ਨੇ ਮੱਧਮ ਵੇਗ ਦੀ ਲਗਾਤਾਰ Wave (ਲਹਿਰ) ਸਿਖਾਂ ਨੂੰ ਸਿਖਾਈ। ਮੱਧਮ ਤੇ ਲਗਾਤਾਰ ਰਹਿਣ ਵਾਲੀ ਸ਼ੈ Life ਕਹਿਲਾ ਸਕਦੀ ਹੈ। ਇਸ ਬਿਨਾਂ ਦੇਹ ਨਿਕੰਮੀ ਹੈ 'ਸਚੀ ਲਿਵੈ ਬਿਨੁ ਦੇਹਿ ਨਿਮਾਣੀ' ਗੁਰੂ ਜੀ ਦਾ ਵਾਕ ਹੈ।

ਜਦੋਂ ਕਦੇ ਉਭਾਰ ਉਠਦੇ ਹਨ ਓਹ ਸੁਰਤ ਨੂੰ ਹਿਨਾਹਾਂ ਸੱਟ ਜਾਂਦੇ ਹਨ। ਪਿੱਛੋ ਨਸ਼ੇ ਟੁੱਟਣ ਵਰਗੀ ਟੋਟ ਪੈਂਦੀ ਹੈ, ਜੋ ਪਹਿਲੇ ਨਾਲੋਂ ਕਮਜ਼ੋਰ ਕਰਦੀ ਹੈ, ਪਰ ਜਿਵੇਂ ਉਚੇ ਪਰਬਤਾਂ ਦੇ ਪੈਰ (Base) ਖੱਡਾਂ ਤੇ ਜੰਗਲਾਂ ਦੇ ਹਨੇਰੇ ਵਾਲੀਆਂ ਡੂੰਘਾਣਾਂ ਵਿਚ ਖੜੇ ਹੁੰਦੇ ਸਨ, ਏਸੇ ਤਰ੍ਹਾਂ ਉਚੀ ਸੁਰਤ ਵਾਲੇ ਸਾਮਾਨ ਪੈਦਾ ਕਰਨ ਦੇ ਸਾਧਨ ਨੀਵੇਂ ਥਾਂਈਂ ਅਰ ਸਾਧਾਰਨ ਗੱਲਾਂ ਵਿਚ ਹੁੰਦੇ ਹਨ, ਜਿਨ੍ਹਾਂ ਨੂੰ ਮਾਂਝੇ ਹੋਏ ਦਿਮਾਗ intellectual advancement ਵਾਲੇ, ਵੇਲੇ ਸਿਰ ਨਜ਼ਰ ਹੇਠ ਨਹੀਂ ਲਿਆ ਸਕਦੇ।

ਤੁਸੀਂ ਡਿੱਠਾ ਹੋਊ ਕਿ ਪੱਛਮ ਵਿਚ ਕਈ ਲੋਕ ਅੱਜ ਕੱਲ inner life ਦੇ ਮੁਤੱਲਕ ਬਹੁਤ ਕੁਛ ਲਿਖ ਰਹੇ ਹਨ, ਪਰ ਮੈਂ ਉਨ੍ਹਾ ਵਿਚੋਂ ਜੋ ਦੇਖੀਆਂ ਹਨ, ਸਭ ਵਿਚ Modus oparandi ਦਾ ਘਾਟਾ ਡਿੱਠਾ ਹੈ। ਗੱਲ ਦਾ ਬਿਆਨ, ਉਸਦਾ analysis ਅਰ ਸਾਰਾ ਹੀਜ ਪਿਆਜ ਤਾਂ ਓਹ ਲਿਖਦੇ ਹਨ ਅਰ ਦਿਮਾਗੀ ਖਿਆਲ ਨਾਲ ਕਰਨ ਦੇ ਸਾਧਨ ਲਿਖਦੇ ਹਨ। ਪਰ ਅਸਲ ਨਿਰੋਲ ਸਾਧਨ ਜੋ ਅਨਪੜ੍ਹ ਤੇ ਪੜ੍ਹੇ ਰੋਗੀ ਰੂਹ ਤੇ ਅਰੋਗ ਰੂਹ ਹਰ ਤਬਕੇ ਤੇ ਹਰ ਦਰਜੇ ਦੀ ਤੁੱਕੀ ਦੇ ਆਦਮੀ ਨੂੰ ਰੂਹ ਪਾਂ ਕੇ ਲੈ ਉਠੇ, ਉਹ ਨਹੀਂ ਦਸਦੇ। ਇਹੋ ਕਾਰਨ ਹੈ ਕਿ ਉਨ੍ਹਾਂ ਦੇ ਪਾਠਕ ਲਾਭਵੰਦ ਨਹੀਂ ਹੁੰਦੇ। Mind broad ਤਾ ਹੁੰਦਾ ਹੈ ਪਰ ਐਸ ਭਾਂਤਿ ਕਿ ਉਹ ਉਸ Broadness ਵਿਚ ਆਪਣੇ ਆਪ ਨੂੰ ਖੋ ਬਹਿੰਦੇ ਹੈਨ।

ਸੋ ਇਸੇ ਤਰ੍ਹਾਂ ਵੇਦਾਂਤ ਦੀ ਸਿਖਯਾ ਦਾ ਅਸਰ ਪੈ ਰਿਹਾ ਹੈ। ਵਸ਼ਿਸ਼ਟ ਜੀ ਦਾ ਇਹ ਮਸਲਾ ਹਰ ਕਿਸੇ ਨੇ ਪੜ੍ਹਿਆ ਹੈ ਕਿ 'ਤੇਰੇ ਫੁਰਨੇ ਦਾ ਸੰਸਾਰ ਹੈ' ਪਰ ਇਹ ਵਿਚਾਰ ਕੋਈ ਨਹੀਂ ਕਰਦਾ ਕਿ Soul ਆਪਣੀ evolution ਵਿਚ ਘੱਟ ਤੋਂ ਘੱਟ ਇਕ ਵੇਰ ਤਾਂ ਹੇਠਲੇ ਨੁਕਤੇ ਤੋਂ ਇਨਸਾਨੀਅਤ ਦੇ ਦਰਜੇ ਤਕ ਹਰ ਜੂਨ ਵਿਚੋਂ ਲੰਘਕੇ ਆਈ ਹੈ। ਜੇਕਰ ਹਿੰਦੂ ਹਿਸਾਬ ਮੂਜਬ 84 ਲੱਖ ਲੈ ਲਈਏ ਤੇ ਹਰ ਜੂਨ ਦੀ ਔਸਤ ਉਮਰ 10 ਵਰ੍ਹੇ ਕੱਢ ਲਈਏ ਤਾਂ ਅੱਠ ਕਰੋੜ ਚਾਲੀ ਲੱਖ ਵਰ੍ਹਾ ਅਸੀਂ ਪੰਜ ਵਿਸ਼ਿਆਂ ਦੇ ਫੁਰਨੇ ਵਿਚ ਰਹੇ ਹਾਂ। ਗੋਯਾ ਬੜਾ ਹੀ ਲੰਮਾਂ ਸਮਾਂ ਪੰਜ ਵਿਕਾਰਾਂ ਦੇ ਫੁਰਨੇ ਦੇ ਅਭਯਾਸ ਵਿਚ ਬੀਤ ਚੁਕਾ ਹੈ। ਅਭਯਾਸ ਨਾਲ ਖਿਆਲ ਸਥੂਲਤਾ ਦੇ ਦਰਜੇ ਤੱਕ ਪਹੁੰਚ ਜਾਂਦਾ ਹੈ, ਫੇਰ ਹੁਣ ਸਾਡੇ ਅੰਦਰ ਪ੍ਰਕ੍ਰਿਤੀ ਦਾ ਫੁਰਨਾ ਕਿਤਨਾ ਕਰੜ Crystal ਬਣਾ ਚੁੱਕਾ ਹੈ। ਜੇ ਹੁਣ ਫੁਰਨਾਂ ਹੀ ਕਲਯਾਣ ਕਰਤਾ ਹੈ ਤੇ ਟੁੱਟਕੇ ਕਿਸੇ ਪੁੱਠੇ ਖਿਆਲ ਦਾ ਅਭਯਾਸ ਕੋਈ ਸਮਾਂ ਹੋਵੇ ਤਾਂ ਓਹ Crystal ਪੰਘਰੇ ਦ੍ਰਵੇ, ਫੇਰ ਹਵਾ ਬਣੇ ਫੇਰ ਆਤਮ ਰੂਪ ਹੋਵੇ। ਅਸੀਂ ਸਹਜ ਖਿਆਲ ਉਸਦੀ ਟੋਟ ਸਮਝਦੇ ਹਾਂ। ਫੇਰ ਉਹ ਖਿਆਲ Continuous ਨਹੀਂ ਬਣਦਾ। ਕਦੇ ਆਇਆ ਕਦੇ ਲੰਘ ਗਿਆ। ਜਦ ਉਹ ਖਿਆਲ ਬੰਦ ਹੋ ਜਾਂਦਾ ਹੈ, ਉਹ ਅੰਦਰਲਾ ਦ੍ਰਵਣਾ ਬੰਦ ਪੈ ਜਾਂਦਾ ਹੈ।

ਸਤਿਗੁਰ ਜੀ ਆਖਦੇ ਹਨ :—

'ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ ਹਰਿ ਦਰਗਹਿ ਕਹੁ ਕੈਸੇ ਗਵੈ ॥'

ਇਸ ਤੋਂ ਮਲੂਮ ਹੁੰਦਾ ਹੈ ਕਿ ਅਸਾਂ ਕਿਸੇ ਨੀਵੀਂ ਖੱਡ ਤੋਂ ਪਹਾੜ ਦੀ ਨੀਂਹ ਧਰਨੀ ਹੈ। ਕਿਸੇ ਸਮੁੰਦਰ ਦੇ ਡੂੰਘੇ ਵਿਚ ਸਤਹ ਤੋਂ ਉਚੇਰੇ ਜਜ਼ੀਰੇ ਦੀ ਖਾਤਰ ਹੇਠਾਂ Coral ਦੀ ਨੀਂਹ ਧਰਨੀ ਹੈ ਅਰ ਓਹ ਨੀਂਹ ਕਿਸੇ ਨਿਮਾਣੇ ਕੀੜੇ ਨੇ ਧਰਨੀ ਹੈ, ਜਿਸਦਾ ਸਮਾਂ ਪਾ ਕੇ ਮਹਾਂ ਦੀਪ ਬਣ ਜਾਣਾ ਹੈ। ਸਤਿਗੁਰੂ ਜੀ ਨੇ ਲਿਖਿਆ ਹੈ :—

"ਕਿਨਕਾ ਏਕ ਜਿਸ ਜੀਅ ਬਸਾਵੈ ॥ ਤਾਕੀ ਮਹਿਮਾ ਗਨੀ ਨ ਆਵੈ ॥"

ਕੋਈ **Evolution Progress** ਮੁਕੰਮਲ ਨਹੀਂ; ਜਦ ਤਕ ਪਹਿਲੇ ਕੋਈ ਕਿਣਕਾ **nucleus** ਨਾ ਬਣੇ। ਇਸ ਕਰਕੇ ਸਤਿਗੁਰ ਆਖਦੇ ਹਨ :—

ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥

ਫਿਰ ਸਤਿਗੁਰ ਜੀ ਲਿਖਦੇ ਹਨ : ਕਿ ਇਹ ਜ਼ਿੰਦਗੀ ਪੈਦਾ ਹੋਣ ਦਾ, ਏਹ ਲਿਵ ਲਗਣ ਦਾ ਸਬਦ ਬੁੱਧੀ ਤੇ ਮਨ ਦੇ ਮੰਡਲ ਦਾ ਸ਼ਬਦ ਨਹੀਂ; ਏਸ ਕਰਕੇ ਸਿਖਯਾ ਨਾਲ ਨਹੀਂ ਸਿਖਾਇਆ ਜਾਂਦਾ। ਸਿਖਯਾ ਤਾਂ ਰੁਚੀ ਤੇ ਵੈਰਾਗ ਦੇ ਖਿਆਲ ਪੈਦਾ ਕਰਦੀ ਹੈ, ਅਸਲ ਸ਼ਬਦ ਤਾਂ ਸੁਰਤਾ, ਆਪਣੀ ਸੁਰਤ ਨਾਲ ਪਿਆਰੇ ਦੀ ਸੁਰਤ ਸਿਖਾਂਦਾ ਹੈ, ਅਰ ਇਹ ਦਰਸ ਤਦਰੀਸ ਉਸ ਤਰ੍ਹਾਂ ਦੀ ਹੁੰਦੀ ਹੈ ਜਿਸ ਤਰ੍ਹਾਂ ਮਾਤਾ ਦੇ ਉਦਰ ਵਿਚ ਮਾਤਾ ਦੇ ਆਪਣੇ ਖ਼ੂਨ ਦਾ **Circulation** ਬੱਚੇ ਦੇ ਖ਼ੂਨ ਦੇ **Circulation** ਵਿਚ ਸਾਂਝੇ ਗੇੜ ਲੈਂਦਾ ਹੈ ਤੇ ਵਰਸ਼ ਕਰਦਾ ਹੈ। ਅਰ ਇਹ ਤਰੀਕਾ ਹੇਠੋਂ ਸ਼ੁਰੂ ਕਰਕੇ ਗੁਰੂ ਨਾਨਕ ਦੀ ਸੁਰਤ ਤੱਕ ਆਪਣੀ ਸੁਰਤ ਪਰੋਕੇ ਪਰਾਉਣੇ ਤੱਕ ਪਹੁੰਚਦਾ ਹੈ। 'ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ।' ਸਤਿਗੁਰੂ ਜੀ ਢੀ ਆਗਯਾ ਹੈ।

ਸੋ ਪਿਆਰੇ ਜੀ, ਕੈਸਾ ਆਨੰਦ ਦਾ ਸਮਾ ਹੋਵੇ ਕਿ ਪ੍ਰੀਤਮ ਜੀ ਦੀ ਪਿਆਰ ਦੀ ਲਹਿਰ ਅਠ ਪਹਿਰ ਉਠੇ। ਪ੍ਰੀਤਮ ਜੀ ਦੇ ਪਿਆਰ ਦੇ ਹੁਲਾਰੇ ਹਰ ਵਕਤ ਰੰਗ ਵਿਚ ਰਖਣ। ਅਰ ਕ੍ਰਿਪਾਲ ਸਤਿਗੁਰ ਸਾਡੇ ਅੰਦਰੋਂ ਭੁੱਲ ਦੇ ਬੰਧਨ ਕੱਟੇ, ਸਾਡੀ ਆਤਮਾ ਉਸ ਦੀ ਆਤਮਾ ਨਾਲ ਯਾਦ ਦੀ ਡੋਰ ਨਾਲ ਇਕ ਹੋ ਜਾਵੇ, ਜੋ ਹਰ ਛਿਨ ਉਸ ਪ੍ਰੇਮ ਦੇ ਚਸ਼ਮੇ ਵਿਚੋਂ ਜ਼ਿੰਦਗੀ ਬਖਸ਼ ਹੁਲਾਰੇ ਤੇ ਜੀਵਨ ਰੌ ਦੇ ਲਹਿਰੇ ਆ ਆ ਕੇ ਵੱਜਣ। ਚਸ਼ਮੇ ਦਾ ਪਾਣੀ ਤੇ ਸਰੋਵਰ ਦਾ ਪਾਣੀ ਇਕੋ ਜੇਹੇ ਸਜਰੇ ਤਾਜ਼ੇ ਤੇ ਅਨੰਦੀ ਹੋ ਜਾਣ।

ਪਿਆਰੇ ਜੀ, ਮੈਂ ਦਲੀਲਾਂ ਹੋਰ ਕੀਹ ਲਿਖਾਂ ਤੁਸੀਂ ਆਪ ਕਾਫੀ ਤੋਂ ਵਧੀਕ ਜਾਣਦੇ ਹੋ, ਪਰ ਮੇਰਾ ਪਿਆਰ ਇਹੋ ਚਾਹੁੰਦਾ ਹੈ ਕਿ ਮੱਧਮ ਵੇਗ ਦੀ Continuous ਲਹਿਰ ਜੋ ਚੜ੍ਹਦੀਆਂ ਕਲਾਂ ਦੀ ਹੈ ਉਹ ਪੈਦਾ ਹੋ ਜਾਵੇ ਤੇ sposmodic ਨਾ ਰਹੇ। **In other words** ਮੈਂ ਚਾਹੁੰਦਾ ਹਾਂ ਕਿ ਆਪ ਜ਼ਰਾ ਹੇਠ ਉਤਰੋ, ਬ੍ਰਹਮ ਦੀ ਲੀਨਤਾ ਨੂੰ ਛੱਡ ਦਿਓ, ਨਾਨਕ ਪ੍ਰੇਮ ਵਿਚ ਆਓ ਅਰ ਏਸ ਦੁਆਰਾ ਪ੍ਰੀਤਮ ਜੀ ਦੇ ਪ੍ਰੇਮ ਦਾ ਹੁਲਾਰਾ ਲਓ। ਅਠੇ ਪਹਿਰ ਰਸ ਦੀ ਝਰਨਾਟ ਅਨੰਦੀ ਛਿੜੇ, ਲੂੰ ਲੂੰ ਵਿਚੋਂ ਪਿਆਰੇ ਜੀ ਦਾ ਪਿਆਰ ਫੁਟੇ। ਪਿਆਰ ਸੁਰਤ ਵਿਚ ਉਮਾਹ ਲਵੇ ਤੇ ਉਮਾਹ ਭਰੀ ਰਖੇ। **Gyan is to know him, love is to have him.**

—ਵੀਰ ਸਿੰਘ

੭੧

23-5-22

ਗੁਰੂ ਸੰਵਾਰੇ ਜੀ,

ਵਾਹਿਗੁਰੂ ਜੀ ਦੇ ਪਿਆਰ ਵਿਚ ਰਹੋ । ਇਹ ਮਾਰਗ ਬੜਾ ਕਠਨ ਹੈ । ਕਿਸੇ ਆਤਮਾ ਨੂੰ ਅਪਨੇ ਸਰੀਰ ਦੇ ਅੰਦਰ ਅਪਨਾ ਕੇਂਦ੍ਰ (Centre) ਲੱਭ ਪੈਣਾ ਤੇ ਜੀਵਨ ਨੇ ਉਸ ਆਧਾਰ ਤੇ ਟਿਕ ਜਾਣਾ, ਇਹ ਕੌਈ ਖੇਡ ਨਹੀਂ । ਜਨਮ ਜਨਮ ਦੇ ਸਾਡੇ ਕਰਮਾਂ ਨੇ ਸਾਨੂੰ ਕਰਮ ਦਸ਼ਾ ਅਰਥਾਤ Objective ਬਣਾ ਦਿਤਾ ਹੈ। ਅਰਥਾਤ ਅਸੀਂ ਉਸ ਸ਼ੈਟਲਕਾਕ (ਚਿੜੀ) ਵਾਙੂ ਹੋ ਗਏ ਹਾਂ ਜਿਸਨੂੰ ਖੇਡਣ ਵਾਲਾ ਇਕ ਪਾਸਿਓਂ ਮਾਰਦਾ ਹੈ ਤਾਂ ਦੂਜੇ ਪਾਸੇ ਪਈ ਮਾਰੀ ਮਾਰੀ ਫਿਰਦੀ ਹੈ । ਸਾਡਾ ਮਨ ਆਪਣੀ ਟੇਕ ਤੇ ਨਹੀਂ ਪਰ ਲੋਕਾਂ ਦੇ ਖਯਾਲਾਂ, ਵਹਿਮਾਂ, ਰਾਵਾਂ, ਨੁਕਤਾਚੀਨੀਆਂ, ਉਸਤਤ ਨਿੰਦਿਆ ਅਰ ਰੋਜ਼ ਵਾਪਰਦੀਆਂ ਹਾਲਤਾਂ ਦੇ ਅਗੇ ਐਸ ਤਰ੍ਹਾਂ ਲੰਮਾ ਪੈ ਜਾਂਦਾ ਹੈ ਕਿ ਇਹ ਸਾਰੀਆਂ ਚੀਜ਼ਾਂ ਮਨ ਨੂੰ ਠੋਕਰ ਮਾਰਦੀਆਂ ਹਨ । ਸਾਡੇ ਆਪਣੇ ਮਾਨੋ ਭੂਤ ਹੋ ਕੇ ਸਾਡੇ ਮਨਾਂ ਤੇ ਹੁਕਮ ਕਰ ਰਹੇ ਹਨ । ਅਸੀਂ ਇਨ੍ਹਾਂ ਆਪਣੇ ਭੂਤਾਂ ਤੇ ਲੋਕਾਂ ਦੇ ਵਹਿਮਾਂ ਖਯਾਲਾਂ ਦੇ ਅਗੇ ਗੁਲਾਮ ਬਣ ਰਹੇ ਹਾਂ । ਫੇਰ ਤਮਾਸ਼ਾ ਹੈ ਕਿ ਇਸ ਰੂਹਾਨੀ ਗੁਲਾਮੀ ਵਿਚ ਫਸੇ ਬੰਦੇ ਪਦਾਰਥ, ਇੱਜਤ, ਜੁਆਨੀ ਆਦਿਕ ਦੇ ਨਸ਼ੇ ਵਿਚ ਆਕੜਦੇ ਤੇ ਦਾਨੇ ਬਣ ਬਣ ਬੈਠਦੇ ਹਨ । ਬੇਥਵੇ ਹਨ, ਦੁਖੀ ਹਨ, ਉਨ੍ਹਾਂ ਦੇ ਤੇ ਜਨਵਰਾਂ ਦੇ ਜੀਵਨ ਵਿਚ ਫਰਕ ਨਹੀਂ । ਜਾਨਵਰ ਬੀ ਖਾਂਦੇ ਪੀਂਦੇ ਸੌਂਦੇ ਮਰ ਜਾਂਦੇ ਹਨ, ਇਹ ਆਦਮੀ ਬੀ ਇਹੋ ਕੁਛ ਕਰਦੇ ਹਨ ਤੇ ਮਰ ਜਾਂਦੇ ਹਨ । ਦਿਨ ਰਾਤ ਇਸ ਹਾਲਤ ਵਿਚ ਰਹਿੰਦੇ ਕਦੇ ਨਹੀਂ ਸੋਚਦੇ ਕਿ ਇਸ ਸੁੰਦਰ ਸਰੀਰ, ਪਯਾਰੇ ਮਨ, ਸੁਚੀ ਸੁਧ ਤੇ ਉਚੇ ਆਤਮਾ ਦਾ ਕੀਹ ਪ੍ਰਯੋਜਨ ਹੈ । ਆਪ ਜਾਣਦੇ ਨਹੀਂ, ਪਰ ਦੂਸਰਿਆਂ ਨੂੰ ਨੀਵਾਂ ਤਕਦੇ ਤੇ ਮਖ਼ੌਲ ਕਰਦੇ ਹਨ । ਇਹ ਉਨ੍ਹਾਂ ਦੇ ਵਸ ਨਹੀਂ, ਉਨ੍ਹਾਂ ਦੇ ਮਨ ਗੁੰਝਲਦਾਰ ਹੋ ਗਏ ਹਨ. ਓਹ ਸਿਧੇ ਤੇ ਸਾਫ ਗਲ ਨੂੰ ਸਮਝ ਨਹੀਂ ਸਕਦੇ । ਇਸ ਤਰਾਂ ਦਾ ਸੰਸਾਰ ਹੈ ਜਿਸ ਵਿਚ ਕਿਸੇ ਨੂੰ ਭਾਗ ਵਸ ਤੇ ਕੁਛ ਕ੍ਰਿਪਾ ਆਸਰੇ ਸਿਧੀ ਗੱਲ ਦੀ ਸੋਝੀ ਪੈਂਦੀ ਹੈ ਓਹ ਆਖਦਾ ਹੈ ਕਿ ਹਾਇ ਮੈਨੂੰ ਸੁਖ ਹੋਇਆ ਹੈ, ਠੰਢ ਪਈ ਹੈ, ਅਮੋਲਕ ਖਜ਼ਾਨਾ ਲੱਭਾ ਹੈ । ਹੋਰਨਾਂ ਨੂੰ ਬੀ ਲਭ ਪਵੇ ਤੇ ਉਹ ਬੀ ਮੇਰੇ ਵਾਂਙ ਸੁਖੀ ਹੋ ਜਾਣ । ਏਹ ਵਾਸ਼ਨਾ ਤਾਂ ਸ਼ੁਭ ਹੈ ਪਰ ਹਰੇਕ ਦੇ ਭਾਗਾਂ ਵਿਚ ਲਾਲ ਨਹੀਂ ਹੁੰਦੇ ਤੇ ਰਸਤਾ ਐਸਾ ਹੈ ਕਿ ਇਸ ਰਸਤੇ ਦੇ ਵਣਜਾਰੇ ਸੂਮ ਨਹੀਂ ਹੁੰਦੇ, ਹਰੇਕ ਨੂੰ ਦਾਤ ਦੇਂਦੇ ਹਨ ਅਰ ਤਾਰਨ ਦਾ ਜਤਨ ਕਰਦੇ ਹਨ । ਕਿਸੇ ਨੂੰ ਲਾਭ ਹੋਵੇ ਜਾਂ ਨਾ ਪਰ ਓਹ ਫੁਹਾਰੇ ਦੀ ਤਰਾਂ ਹਰ ਵੇਲੇ ਦਾਤ ਦੀ ਛਹਬਰ ਲਾਈ ਰਖਦੇ ਹਨ। ਏਸ ਸਾਰੇ ਸਿਲਸਿਲੇ ਨੂੰ ਸਮਝ ਕੇ ਆਪ ਸਤਿਗੁਰ ਨੂੰ ਕੇਂਦ੍ਰ ਬਨਾ ਕੇ ਅਪਨੇ ਅੰਦਰ ਅਪਨੀ ਟੇਕ ਤੇ ਰਹੀਦਾ ਹੈ, ਅਰ ਸ਼ੇਟਲਕਾਕ ਨਹੀਂ ਬਣੀਦਾ

ਬਾਕੀਆਂ ਤੇ ਵਿਤ ਮੂਜਬ ਰਹਮ ਕਰੀਦਾ ਅਰ ਸਹਾਯਤਾ ਦੇਈਦੀ ਹੈ । ਜਿਸਦੇ ਭਾਗ ਉਦੈ ਹੋਣ ਉਸਨੂੰ ਜ਼ਰੂਰ ਲਾਭ ਹੋ ਜਾਏਗਾ । ਸਭ ਤੋਂ ਭਾਰਾ ਕੰਮ ਇਹ ਹੈ ਕਿ ਆਪਣੀ ਲਿਵ ਕਲਗੀਆਂ ਵਾਲੇ ਦੇ ਚਰਨਾਂ ਨਾਲੋਂ ਨਾ ਟੁਟੇ, ਜਿਸ ਸਰੋਵਰ ਦਾ ਤਅੱਲਕ ਚਸ਼ਮੇ ਨਾਲੋਂ ਟੁਟ ਜਾਏਗਾ, ਉਹ ਸਰੋਵਰ ਤਰੱਕੇਗਾ, ਜਿਸ ਆਤਮਾ ਦਾ ਸੰਬੰਧ ਪਰਮਾਤਮਾ ਨਾਲੋਂ ਟੁਟ ਚੁੱਕਾ ਹੈ ਅਰਥਾਤ ਜਿਨ੍ਹਾਂ ਦੀ ਲਿਵ ਟੁਟ ਚੁਕੀ ਹੈ ਓਹ ਬਦਬੂਦਾਰ ਹੋ ਜਾਂਦੇ ਹਨ ।

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥

ਲਿਵ ਟੁੱਟੀ ਵਾਲੇ ਮਾਇਆ ਦੇ, ਹੇਠ ਲਗੇ ਗੁਲਾਮ ਹਨ, ਓ ਗਦੀਆਂ ਤੇ ਬੈਠੇ, ਹੁਕਮ ਕਰਦੇ, ਕੁੰਜੀਆਂ ਸਾਂਭਦੇ ਗੁਲਾਮ ਹਨ । ਸੁਤੰਤ੍ਰ ਉਹ ਹੈ ਜਿਸਦੀ ਆਤਮਾ ਕਲਗੀਆਂ ਵਾਲੇ ਦੀ ਗੁਲਾਮੀ ਵਿਚ ਉਸਦੇ ਚਰਨਾ ਨਾਲ ਲਿਵ ਲਾਈ ਦੁਨੀਆਂ ਦੇ ਕੰਮ ਕਰ ਰਹੀ ਹੈ । ਲਿਵ ਸਾਨੂੰ ਕਮਜ਼ੋਰ ਨਹੀਂ ਪਰ ਬਲਵਾਨ ਤੇ ਦਾਨੇ ਬਣਾਂਦੀ ਹੈ । ਲਿਵ ਵਾਲਾ ਦੁਨੀਆਂ ਦੇ ਕੰਮ ਚੰਗੇ ਕਰਦਾ ਹੈ । ਪਰ ਅੰਤਰ ਆਤਮੇ ਅੱਠੋ ਪਹਿਰ, ਹਰਦਮ, ਅਪਨੇ ਚਸ਼ਮੇ ਨਾਲ ਮਿਲਿਆ ਰਹਿੰਦਾ ਹੈ, ਉਸਦੇ ਵਿਚ ਵਾਹਿਗੁਰੂ ਜੀ ਵਿਚੋਂ ਹਰ ਵੇਲੇ ਜ਼ਿੰਦਗੀ ਬਖਸ਼ ਲਹਿਰੇ ਤੇ ਤਾਜ਼ਗੀ ਦੇ ਹੁਲਾਰੇ, ਹਰ ਵੇਲੇ ਹੁਲਾਰੇ ਮਾਰਦੇ ਰਹਿੰਦੇ ਹਨ । ਉਸਦੀ ਆਤਮਾ ਟਿਕੀ ਹੋਈ, ਖਿੜੀ ਹੋਈ, ਰਸ ਭਿੰਨੀ ਤੇ ਅਨੰਦੀ ਰਹਿੰਦੀ ਹੈ ।

ਪਰ ਬੀਬਾ ਜੀ, ਇਹ ਮਖੌਲ ਨਹੀਂ ਹੈ । ਗੁਰੂ ਗ੍ਰੰਥ ਸਾਹਿਬ ਜੀ ਪੜ੍ਹਕੇ ਦੇਖੋ ਇਹ ਕਿਤਨੀ ਦੁਰਲਭ ਤੇ ਅਮੋਲਕ ਹੈ, ਜੇ ਮਿਲ ਜਾਇ ਤਾਂ ਇਸਦੀ ਕਦਰ ਇਹੋ ਪਾਈਦਾ ਹੈ ਕਿ ਇਸਨੂੰ ਨਪਕੇ ਫੜੀਦਾ ਹੈ, ਘੁਟ ਕੇ ਰਖੀਦਾ ਹੈ ਤੇ ਖਿਸਕਣ ਨਹੀਂ ਦੇਈਦੀ ।

—ਵੀਰ ਸਿੰਘ

੭੨

1912

ਪਿਆਰੇ ਜੀ,

ਅਸੀਂ ਨਾਮ ਸੁਆਦ ਆਸਰੇ ਜਪਦੇ ਹਾਂ । ਸੁਆਦ ਤਾਂ ਐਸੀ ਚੀਜ਼ ਹੈ ਜੋ ਜਾਣ ਬੁੱਝ ਕੇ ਪਾਪ ਕਰਵਾ ਦੇਂਦਾ ਹੈ । ਜੇ ਕਦੇ ਪਾਪ ਵਿਚ ਰਸ ਨਾ ਹੁੰਦਾ ਤਾਂ ਪਾਪ ਕੌਣ ਕਰਦਾ ? ਇਸੇ ਤਰ੍ਹਾਂ ਜੇ ਨਾਮ ਦੇ ਆਦਿ ਵਿਚ ਰਸ ਹੁੰਦਾ ਤਾਂ ਕੌਣ ਨਾ ਜਪਦਾ ? ਪਰ ਇਹ ਤਾਂ "ਸ਼ਿਲਾ ਅਲੂਣੀ ਚੱਟਣੀ ਤੁਲਿ ਨ ਲਖ ਅਮਿਅ ਰਸ ਇਪੀ ।"

ਇਹ ਜਿਹੜਾ ਅਲੂਣੀ ਸਿਲਾ ਦੇ ਚੱਟਣ ਦਾ ਸਮਾਂ ਹੈ, ਹਿੰਮਤ ਨਾਲ, ਕਸੀਸ ਵੱਟਣ ਨਾਲ ਸਫਲ ਹੋ ਸਕਦਾ ਹੈ । ਜੇ ਰਸ ਕਿਤੋਂ ਮਿਲ ਗਿਆ ਹੈ ਤੇ ਨਾਮ ਜਪ ਲਿਆ ਤਾਂ ਕਿਹੜੀ ਵੱਡੀ ਗੱਲ ਹੋਈ ? ਜਦੋਂ ਰਸ ਟੁੱਟੇ ਤਦੋਂ ਜੱਪੋ, ਕਸੀਸ ਵੱਟ ਕੇ ਜਪੋ, ਸਾਵਧਾਨ ਹੋ ਕੇ ਜਪੋ, ਤਦੋਂ ਤਾਂ ਸੁਆਦ ਹੈ । ਤਦੋਂ ਸ਼ਰੀਰ ਵਿਚ ਗੁਬਾਰ ਹੁੰਦਾ ਹੈ । ਇਹ ਗੁਬਾਰ ਨਾਲ ਨਾਮ ਦਾ ਜੁੱਧ ਹੁੰਦਾ ਹੈ । ਜੁੱਧ ਵਿਚ ਸੁਖ ਕਿੱਥੇ ? ਜੁੱਧ ਵਿਚ ਤਾਂ ਸਾਵਧਾਨ ਤੇ ਇਕਾਗ੍ਰ ਹੋ ਕੇ ਗੋਲਾਬਾਰੀ ਕਰੀਦੀ ਹੈ । ਹਰ ਸੁਆਸ ਵਿਚ ਨਾਮ ਦਾ ਫਾਇਰ ਕੀਤਿਆਂ ਗੜਾ ਗੜ ਵੈਰੀ ਦੇ ਕਿੰਗ੍ਰੇ ਢਹਿੰਦੇ ਹਨ, ਮੋਰਚੇ ਬਾਦ ਮੋਰਚਾ ਫਤਹ ਹੁੰਦਾ ਹੈ, ਹੱਤਾਕਿ ਕਿਲ੍ਹਾ ਸਰ ਹੋ ਜਾਂਦਾ ਹੈ । ਫੇਰ ਰਸ ਆ ਜਾਂਦਾ ਹੈ, ਰਸ ਫਿਰ ਆਪੇ ਨਾਮ ਜਪਾਈ ਜਾਂਦਾ ਹੈ । ਇਹ ਨਾਮ ਜਪਣਾ ਕਠਨ ਹੈ ਪਰ ਇਹੋ ਹੈ ਜੋ ਰਸ ਵਾਲੇ ਨਾਮ ਵਿਚ ਲੈ ਜਾਂਦਾ ਹੈ : ਇਸ ਵਿਚ ਫਤਹ ਦਾ ਨੁਕਤਾ ਇਕ ਹੈ ਕਿ ਜਪੀ ਜਾਓ ਤੇ ਪਰਵਾਹ ਨਾ ਕਰੋ । ਜੋ ਸੋਚ ਨੇੜੇ ਆਵੇ ਵਗਾਹ ਮਾਰੋ ਤੇ ਜੀਭ ਨੂੰ ਖਲੋਣ ਨਾ ਦੇਵੋ । ਦੂਗਾੜੇ ਚੋਂਕੋ, ਨਾਮ ਅਸਲ ਕਲਯਾਣ ਕਰਤਾ ਹੈ । ਸਾਨੂੰ ਚਾਰ ਕੁ ਦਿਨ ਰਸ ਆ ਕੇ ਜੇ ਫੇਰ ਗੁਬਾਰ ਪਵੇ ਤਾਂ ਅਸੀਂ ਇਸ ਰਸ ਦੇ ਇਸ਼ਕ ਵਿਚ ਬਾਵਰੇ ਹੋ ਜਾਂਦੇ ਹਾਂ ਤੇ ਨਹੀਂ ਸਮਝਦੇ ਕਿ ਸਾਡੀ ਸੁਸਤੀ ਤੇ ਘਬਰਾ ਵੈਰੀ ਨੂੰ ਬਲ ਦੇ ਰਿਹਾ ਹੈ । ਕਸੀਸ ਵੱਟ ਕੇ ਸੁਆਦ ਤੋਂ ਬੇਪ੍ਰਵਾਹ ਹੋ ਕੇ ਮੋਰਚਾ ਗੱਡ ਦਿਤਾ ਜਦ ਤਕ ਕਿ ਫਤਹ ਨਾ ਹੋ ਜਾਵੇ ।

—ਵੀਰ ਸਿੰਘ

੧੩

20-1-13

ਪਿਆਰੇ ਜੀ,

ਦਰਗਾਹੇ ਪ੍ਰਵਾਣ ਢਾਈ ਗੱਲਾਂ ਹਨ :—

ਇਕ ਅੱਖਰ, ਪਰਮੇਸ਼ਵਰ ਦਾ ਨਾਮ, ਬਾਣੀ, ਕੀਰਤਨ ਸਮੇਤ । ਦੂਜਾ ਅੱਖਰ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦਾ ਨਿਰੰਤਰ ਧਿਆਨ । ਅੱਧਾ ਅੱਖਰ, ਮਿਤਰਾਂ, ਸੰਬੰਧੀਆਂ, ਵੈਰੀਆਂ ਸਭ ਦੇ ਅਗੇ ਆਪਣੀ ਸੁਰਤ ਨੂੰ ਹੇਠੀ ਕਰਕੇ ਲਿਪਤ ਨਹੀਂ ਹੋਣਾ । ਸੁਰਤ ਉਚੀ ਕਰ ਕੇ ਰਖਣੀ ਤਾਂਕਿ ਸਿਮਰਨ ਵਿਚ ਵਿਘਨਕਾਰੀ ਅਸਰ ਨਾ ਪਵੇ ।

ਜਿਸ ਏਹ ਢਾਈ ਅੱਖਰ ਪਕਾ ਲਏ ਉਹ ਤਰ ਗਿਆ । ਦੇਖੋ ਗੁਰੂ ਜੀ ਆਖਦੇ ਹਨ :—

੧. ਨਾਮ ਤੁਲਿ ਕਛੁ ਅਵਰੁ ਨ ਹੋਇ ॥
੧. ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥
੧/੨. ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥

ਜੋੜ—ਢਾਈ ਅੱਖਰ ।

—ਵੀਰ ਸਿੰਘ

੭੪

12-4-1913

ਪਿਆਰੇ ਜੀ,

ਮੇਰਾ, ਕੁਦਰਤ ਨਾਲ ਇਕ ਮਿਤ੍ਰ ਨਾਲ ਰੱਬ ਦੇ ਪਾਸੇ ਦਾ ਵੇਰਵਾ ਖੁਲ੍ਹਣ ਤੇ ਹੋਰ ਦੋ ਚਾਰ ਸਰੀਰਾਂ ਨਾਲ ਵਾਹ ਪੈ ਗਿਆ, ਨਹੀਂ ਤਾਂ ਮੈਂ ਲੁਕ ਕੇ ਦਿਨ ਕੱਟਣ ਵਾਲਾ ਆਪਣੀ ਉਮਰ ਦੇ 35 ਵਰ੍ਹੇ ਚੁਪ ਚਾਪ ਲੰਘਾ ਚੁਕਾ ਸਾਂ ਤੇ ਹੁਣ ਵੀ ਅਗੋਂ ਸਤਿਗੁਰੂ ਕਰੇ ਮੇਰੀ ਚੁਪ ਚਾਪ ਉਸ ਦੇ ਚਰਨਾਂ ਨਾਲ ਲੰਘ ਜਾਵੇ। .....ਜੀ ਦੇ ਚੁਪ ਟੁਰਨ ਮਗਰੋਂ ਮੈਂ ਆਪਣੇ ਵਰਤਾਉ ਨੂੰ ਹੋਰ ਸੰਕੋਚਿਆ ਹੈ, ਅਰ ਸ਼ਾਇਦ ਹੋਰ ਵੀ ਸੰਕੋਚਿਆ ਜਾਵੇ, ਕਿਉਂਕਿ ਇਹ ਪੋਟ ਬਹੁਤ ਭਾਰੀ ਹੁੰਦੀ ਹੈ ਤੇ ਸਮਰਥ ਹੀ ਚੁਕ ਸਕਦੇ ਹਨ। ਜੋ ਕੁਝ ਮੈਂ ਤੁਸਾਂ ਨਾਲ ਗੱਲਬਾਤ ਕਰ ਚੁਕਾ ਹਾਂ, ਉਹ ਮੇਰੀ ਸੇਵਾ ਹੈ। ਤੁਹਾਨੂੰ ਸਤਿਗੁਰੂ ਦੇ ਬਾਲ ਜਾਣ ਕੇ ਮੈਂ ਖਿਡਾਵੇ ਵਾਂਗੂੰ ਸਤਿਗੁਰੂ ਜੀ ਦੀਆਂ ਕਥਾ ਸੁਣਾਈਆਂ ਹਨ ਕਿ ਤੁਸੀਂ ਐਡੇ ਵਡੇ ਦੀ ਸੰਤਾਨ ਹੋ, ਹੀਰਾ ਜਨਮ ਪਾ ਕੇ ਬਾਪੂ ਵਰਗੇ ਹੋ ਜਾਓ, ਤਾਂ ਬਾਪੂ ਦੇ ਦਰਬਾਰ ਸੁਖ ਪਾਓ। ਦਰਬਾਰ ਏਥੇ ਓਥੇ ਦਾ ਖੁਲ੍ਹਾ ਹੈ। ਸਦਾ ਅਕਾਲ ਪੁਰਖ ਦੀ ਹਜ਼ੂਰੀ ਵਿਚ ਵਸੋ ਅਰ ਕੋਈ ਦਮ ਭੁਲ ਵਿਚ ਨਾ ਜਾਣ ਦਿਓ। ਬਸ ਇਸ ਤਰ੍ਹਾਂ ਰਸ ਪੈਂਦਾ ਹੈ, ਝਲਕੇ ਵੱਜਦੇ ਹਨ, ਸੁਰਤ ਖੇੜਾ ਖਾਂਦੀ ਹੈ ਪਰ ਸਨੇ ਸਨੇ ਮੁਰਦਾਪਨ ਨਿਕਲ ਕੇ ਸੁੱਤਾ ਮਨ ਜਾਗ ਉਠਦਾ ਹੈ, ਮੋਈ ਰੂਹ ਜੀਉ ਪੈਂਦੀ ਹੈ। ਸੁੱਕੇ ਕਾਠ ਹਰੇ ਹੋ ਜਾਂਦੇ ਹਨ।

ਕਿਉਂ ਲਗਾਤਾਰ ਲਿਵ ਸਾਡੇ ਵਿਚ ਅਜੇ ਨਹੀਂ ਲਗਦੀ ? ਇਸ ਦਾ ਉਤਰ ਇਹ ਹੈ ਕਿ ਜਨਮ ਜਨਮ ਦੇ ਕਰਮ ਸਿਰ ਤੇ ਖੜੇ ਹਨ। ਜਦ ਇਨ੍ਹਾਂ ਦਾ ਦਾਅ ਪੈਂਦਾ ਹੈ ਰਸ ਚੁਕੇ ਲੈਂਦੇ ਹਨ। ਫਿਰ ਹਰ ਰੋਜ਼ ਅਸੀਂ ਭੁੱਲਾਂ ਕਰਦੇ ਹਾਂ, ਕਿਸੇ ਨਾਲ ਈਰਖਾ ਜਾਂ ਸਾੜਾ ਉਠ ਖੜੋਂਦਾ ਹੈ; ਕਿਸੇ ਦਾ ਭੈ ਚਿਤ ਤੇ ਪੈ ਜਾਂਦਾ ਹੈ, ਕਿਸੇ ਵਲ ਮੋਹ ਪ੍ਰਬਲ ਪੈ ਕੇ ਧੂਹ ਮਾਰਦਾ ਹੈ, ਇਸ ਤਰ੍ਹਾਂ ਦੇ ਭਾਵਾਂ ਨਾਲ ਚਿੱਤ ਤੇ ਮੈਲ ਪੈ ਜਾਂਦੀ ਹੈ, ਹਜ਼ੂਰੀ ਦਾ ਰਸ ਉਡ ਜਾਂਦਾ ਹੈ। ਜਦ ਤਾਂਈਂ ਸੰਸਾਰ ਦੇ ਅਸਰਾਂ ਹੇਠ ਲਗਣੋਂ ਨਹੀਂ ਬਚਦਾ, ਡਿਗਦਾ ਢਹਿੰਦਾ ਰਹਿੰਦਾ ਹੈ। ਜੇ ਸ਼ੇਰ ਹੋਕੇ "ਹੋਊ ਪਰੇ", ਸਿਖ ਲਵੇ ਤਾਂ ਰਸ ਘਟ ਉਡੇ। 'ਸੋਚਾਂ' ਤੇ 'ਰਸ' ਦਾ ਵੈਰ ਹੈ। ਜਿਉਂ ਜਿਉਂ ਆਪ ਹਜ਼ੂਰੀ ਵਿਚ ਦਮ ਲੈਸੋ ਤੇ ਵਿਸਿਮਰਣ ਵਿਚ ਨਾ ਪੈਸੋ ਤਿਉਂ ਤਿਉਂ ਸੁਖ ਵਧੇਗਾ, ਸੰਕੋਚ ਵਿਚ ਸੁਖ ਬਾਹਲਾ ਹੈ।

"ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ ਤੇਤਾ ਲੋਗ ਪਚਾਰਾ" ਵਾਲੀ ਗੱਲ ਹੁੰਦੀ ਹੈ। ਮੈਂ ਤਾਂ ਗ੍ਰਿਹਸਤੀ ਹਾਂ, ਜੋ ਕੁਛ ਮੈਥੋਂ ਸਰੇ ਮੈਂ ਗੁਰੂ ਨਾਨਕ ਦੇ ਬਾਲਕਾਂ ਨੂੰ ਬਾਬਾਣੀਆਂ

ਕਹਾਣੀਆਂ ਸੁਨਾਉਣੋਂ ਦਰੇਗ਼ ਨਹੀਂ ਕਰਦਾ। ਹੋਰ ਕਿ ਅਠੇ ਪਹਿਰ ਚਿਤ ਹਜ਼ੂਰੀ ਵਿਚ ਰਖ, ਸਿਮਰਨ ਕਰੋ "ਸਿਰ ਊਪਰਿ ਠਾਢਾ ਗੁਰ ਸੂਰਾ॥ ਨਾਨਕ ਤਾਕੇ ਕਾਰਜ ਪੂਰਾ" ਵਾਲਾ ਸਤਿਗੁਰ ਦਾ ਇਕਰਾਰਨਾਮਾ ਸਾਡੇ ਪਾਸ ਲਿਖਿਆ ਪਿਆ ਹੈ, ਡਰ ਕਾਹਦਾ ਤੇ ਤੌਖਲਾ ਕਾਹਦਾ :—

'ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥'

ਸਤਿਗੁਰੂ ਨੇ ਆਖਿਆ ਹੈ "ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥" ਨਾਮ ਜਪਣਾ ਮੁਸ਼ੱਕਤ ਘਾਲਣੀ ਹੈ, ਰਸ ਪਿਛੋਂ ਪੈਂਦਾ ਹੈ। ਜੇ ਪਹਿਲੋਂ ਹੀ ਰਸ ਦੇ ਚਾਹਵਾਨ ਹੋ ਤੇ ਮੁਸ਼ੱਕਤ ਘਾਲਣੀ ਛਡ ਦੇਈਏ ਤਾਂ ਕੁਰਸਤਾ ਪੈਂਦੀ ਹੈ। ਫੇਰ ਸਤਿਗੁਰ ਨੇ ਲਿਖਿਆ ਹੈ: —

"ਸਾਚਿ ਨਾਮਿ ਮੇਰਾ ਮਨੁ ਲਾਗਾ॥
ਲੋਗਨ ਸਿਉ ਮੇਰਾ ਠਾਠਾ ਬਾਗਾ॥"

ਸਾਡਾ ਲੋਕਾਂ ਨਾਲ ਮੋਹ, ਵੈਰ ਹੈ, ਲੋਕਾਂ ਦਾ ਭੌ ਹੈ, ਲੋਕਾਂ ਪਰ ਭਰਮ ਹੈ, "ਠਾਠਾ ਬਾਗਾ" ਨਹੀਂ। ਇਸੇ ਕਰਕੇ ਸਾਡੇ ਅੰਦਰ ਆਸਾ ਤੇ ਅੰਦੇਸਾ ਵਧਦਾ ਰਹਿੰਦਾ ਹੈ। ਸਤਿਗੁਰ ਲਿਖਦਾ ਹੈ: "ਆਸਾ ਅੰਦੇਸਾ ਦੁਇ ਪਟ ਜੜੇ"। ਹੁਣ ਰਸ ਤਾਂ ਪਵੇ: "ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ"। ਰਸ ਇਨ੍ਹਾਂ ਭੁੱਲਾਂ ਕਰਕੇ ਨਹੀਂ ਪੈਂਦਾ, ਪਵੇ ਤਾਂ ਭਜ ਜਾਂਦਾ ਹੈ। ਸਾਡੀ ਖੇਤੀ ਜਦ ਫੁਟਦੀ ਹੈ, ਉਠਦੀ ਹੈ ਤਾਂ "ਚੋਰੀ ਮਿਰਗੁ ਅੰਗੂਰੀ ਖਾਇ"। ਭਾਵੇਂ ਕਿਰਪਾ ਕਰਕੇ ਸਤਿਗੁਰ ਨੇ ਸਾਨੂੰ "ਗੁਰਿ ਦਿਖਲਾਈ ਮੋਰੀ॥ ਜਿਤੁ ਮਿਰਗ ਪੜਤ ਹੈ ਚੋਰੀ", ਪਰ ਅਸਾਂ ਅਜੇ "ਮੂੰਦਿ ਲੀਏ ਦਰਵਾਜੇ" ਵਾਲਾ ਕੰਮ ਨਹੀਂ ਕੀਤਾ, ਇਸ ਕਰਕੇ ਸਿੱਟੇ ਵਿਚ "ਬਾਜੀਅਲੇ ਅਨਹਦ ਬਾਜੇ" ਵਾਲਾ ਫਲ ਨਹੀਂ ਲਗਦਾ। ਤਾਂ ਤੇ ਹਰਦਮ ਸਿਮਰੋ, ਹਰਦਮ ਉਚੀ ਖਿੱਚ ਵਿਚ ਰਹੋ, ਅੰਦਰੋਂ ਅਲਿਪਤ ਵਰਤੋ, ਫੇਰ ਰਸ ਦੀਆਂ ਧਾਰਾਂ ਚਸ਼ਮੇ ਸਮਾਨ ਜਾਰੀ ਰਹਿਣ। ਹਿੰਮਤ ਕਰੋ :—

ਆਗਾਹਾ ਕੂ ਤ੍ਰਾਂਘਿ ਪਿਛਾ ਫੇਰਿ ਨਾ ਮੁਹਡੜਾ॥
ਨਾਨਕ ਸਿਝਿ ਇਵੇਹਾ ਵਾਰ ਬਹੁਰਿ ਨ ਹੋਵੀ ਜਨਮੜਾ॥

—ਵੀਰ ਸਿੰਘ

੧੫

2-11-13

ਕ੍ਰਿਪਾ ਸਾਗਰ ਜੀ,

ਆਪ ਨੇ ਜੋ ਸ਼ੁਭ ਸੰਕਲਪ ਮੈਨੂੰ ਮੇਰੀ ਬਾਬਤ ਲਿਖੇ ਹਨ, ਉਨ੍ਹਾਂ ਦਾ ਮੈਂ ਧੰਨਵਾਦੀ ਹਾਂ। ਆਪ ਦੀ ਸ਼ੁਭ ਇਛਯਾ ਸਤਿਕਾਰ ਯੋਗ ਹੈ, ਚਾਹੇ ਮੈਂ ਕਿਸੇ ਸ਼ੋਭਾ ਦੇ ਯੋਗ ਨਹੀਂ, ਸੱਜਣ ਪੁਰਖਾਂ ਦੇ ਸੁਹਿਰਦਿਆਂ ਵਿਚੋਂ ਸਦੀਵ ਪਯਾਰ ਹੀ ਪ੍ਰਕਾਸ਼ ਪਾਂਦਾ ਹੈ, ਅਰ ਓਹ ਮੇਰੇ ਜਿਹਿਆਂ ਦਾ ਸਹਾਈ ਹੁੰਦਾ ਹੈ।

ਆਪ ਨੇ ਪੁੱਛਿਆ ਹੈ ਕਿ ਮੈਂ ਸ਼ੁਰੂ ਕਿਵੇਂ ਕਰਾਂ ? ਸਾਡੇ ਸ੍ਰੀ ਗੁਰੂ ਨਾਨਕ ਦੇਵ ਦਾ ਰਸਤਾ **Royal road** ਹੈ, ਅਰ ਬਹੁਤ ਸਿੱਧਾ ਤੇ ਸਾਫ਼ ਹੈ। ਮਸਲੇ ਬਾਜ਼ੀ ਤੇ **Obstruse** ਵਹਿਮਾਂ ਵਿਚ ਸ੍ਰੀ ਗੁਰੂ ਜੀ ਨੇ ਸਾਨੂੰ ਨਹੀਂ ਫਸਾਇਆ।

ਸਿੱਧੀ ਬਾਤ ਹੈ ਕਿ ਇਨਸਾਨ ਦਾ ਦਿਲ ਹਰ ਵੇਲੇ ਕੰਮ ਕਰਦਾ ਹੈ। ਅਨੇਕ ਤਰ੍ਹਾਂ ਦੇ ਫ਼ਜ਼ੂਲ ਚਿੰਤਨ ਸੰਕਲਪ ਵਿਕਲਪ ਸੋਚਦਾ ਹੈ। ਮਨੋਰਾਜ ਉਠਾਂਦਾ ਹੈ, ਗੋਯਾ ਹਰ ਵੇਲੇ ਮਨ ਏਸ਼ ਤਰ੍ਹਾਂ ਦੇ ਕੰਮ ਕਰਦਾ ਰਹਿੰਦਾ ਹੈ, ਐਸਾ ਕਰਨੇ ਵਿਚ ਮਨ ਦੀ ਆਪਣੀ ਅੰਦਰਲੀ ਤਾਕਤ ਜ਼ਾਇਆ ਹੁੰਦਾ ਹੈ। ਜੋ ਮਸ਼ੀਨ ਵਿਅਰਥ ਚਲਦੀ ਰਹੇ, ਉਹ ਘਸਦੀ ਹੈ। ਸਤਿਗੁਰ ਜੀ ਆਖਦੇ ਹਨ ਕਿ ਇਸ **Waste** ਨੂੰ ਰੋਕਣਾ ਚਾਹੀਏ। 24 ਘੰਟੇ ਵਿਚ ਛੇ ਸੱਤ ਘੰਟੇ ਸੌਣ ਲਈ ਤੇ ਅੱਠ ਕੁ ਰੋਜ਼ੀ ਕਮਾਉਣ ਦੇ ਕੰਮ ਵਿਚ ਖਰਚ ਹੁੰਦੇ ਹਨ, ਅਰ ਇਹ ਜ਼ਰੂਰੀ ਹਨ। ਬਾਕੀ ਵਕਤ ਸਾਰਾ ਯਾ ਬਹੁਤ ਸਾਰਾ ਫ਼ਜ਼ੂਲ ਰੁਝੇਵਿਆਂ ਵਿਚ ਜਾਂਦਾ ਹੈ ਜਾਂ ਐਵੇਂ ਗੁਜ਼ਾਰੀਦਾ ਹੈ, ਪਰ ਮਨ ਹਰ ਖਿਨ ਕੰਮ ਕਰਦਾ ਹੈ। ਇਸ ਪਰ ਗੁਰੂ ਜੀ ਨੇ ਕਿਹਾ ਹੈ :—

"ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥"

ਅਰਥਾਤ ਚਿੰਤਨ ਵਿਚ ਹਰ ਕੋਈ ਹੈ, ਪਰ ਜੇ ਇਸ ਚਿੰਤਨ ਨੂੰ ਜੋ ਨਾਨਾ ਤਰ੍ਹਾਂ ਦਾ ਤੇ ਫ਼ਜ਼ੂਲ ਹੈ, "ਏਕ ਚਿੰਤਨ" ਵਿਚ ਬਦਲ ਦਿਤਾ ਜਾਵੇ ਤਾਂ ਸੁਖ ਹੋ ਜਾਵੇ। ਗੋਯਾ ਸੁਖੀ ਹੋਣ ਵਾਸਤੇ ਅਸਾਂ ਏਸ ਟਿਕਾਣੇ ਪਹੁੰਚਣਾ ਹੈ ਕਿ ਸਾਡਾ ਮਨ ਹਰ ਸਮੇਂ ਇਕ ਅਕਾਲ ਪੁਰਖ ਨੂੰ ਚੇਤਿਆ ਕਰੇ। ਇਹ ਗੱਲ ਛੇਤੀ ਹੋਣੀ ਕਠਨ ਹੈ। ਅਰ ਸੁਣਦਿਆਂ ਸਾਰ ਜਦ ਇਸ ਨੂੰ **Intellectually** ਸੋਚੀਦਾ ਹੈ ਤਾਂ ਐਉਂ ਮਾਲੂਮ ਹੁੰਦਾ ਹੈ ਜਿੱਦਾਂ ਕੋਈ ਪਿੱਟਣਾ ਗੱਲ ਪਾਣਾ ਹੈ, ਯਾ ਅਲੂਣੀ ਸਿਲਾ ਚੱਟਣ ਵਾਂਙੂ ਔਖਾ ਕੰਮ ਸਹੇੜਨਾ ਹੈ। ਪ੍ਰੰਤੂ ਜਦ ਇਹ ਗੱਲ ਪ੍ਰਾਪਤ ਹੋ ਜਾਵੇ ਤਦ ਸਾਡੇ ਮਨ ਅਠੇ ਪਹਿਰ **Blissful** ਰਹਿੰਦਾ ਹੈ, ਹਰ ਸ਼ੈ ਨਾਲ ਮਨ ਦੀ **Attitude Subjective** ਹੋ ਜਾਂਦੀ ਹੈ। ਖੇੜਾ ਰਸ ਤੇ ਟਿਕਾਉ ਬੱਝ ਜਾਂਦੇ ਹਨ, ਅਰ ਸੰਸਾਰ ਦੇ ਸਾਰੇ ਭੋਗਾਂ ਤੋਂ ਵਧੀਕ ਸੁਆਦੀ ਰਸ ਆਉਂਦਾ ਹੈ।

ਹੁਣ ਇਸ ਦੀ ਪ੍ਰਾਪਤੀ ਦਾ ਤਰੱਦਦ ਹੈ, ਉਹ ਸਨੇ ਸਨੇ ਲਾਣਾ ਠੀਕ ਹੁੰਦਾ ਹੈ। ਪਹਿਲਾਂ ਤਾਂ ਏਹ ਚਾਹੀਦਾ ਹੈ ਕਿ ਸਵੇਰੇ ਸ਼ਾਮ ਨੂੰ ਸੈਣ ਲਗਿਆਂ ਬਾਣੀ ਪੜ੍ਹਨੀ। ਬਾਣੀ ਪੜ੍ਹਦਿਆਂ ਮਨ ਗੁਰੂ ਵਲ ਬਾਣੀ ਦੇ ਅਰਥਾਂ ਵਲ ਆਉਂਦਾ ਹੈ ਤੇ ਆਪਣੇ ਮਨੋਰਾਜਾਂ ਦੇ **Wide Range** ਵਿਚੋਂ ਛੋਟੇ ਦਾਇਰੇ ਵਿਚ ਤੇ ਠੰਢੇ ਅਰ ਸਤੋਗੁਣੀ ਦਾਇਰੇ ਵਿਚ ਆਉਂਦਾ ਹੈ। ਅਰ ਜਿੰਨਾ ਵਕਤ ਇਸ ਵਿਚ ਲੰਘਦਾ ਹੈ, ਉਨਾਂ ਵਕਤ ਰੋਜ਼ ਇਸ ਪਾਸੇ ਲਾਉਣ ਵਲ ਆਦਤ ਪੈਂਦੀ ਹੈ। ਇਸ ਵਕਤ ਨੂੰ ਸਹਿਜੇ ਵਧਾ ਕੇ ਇਥੇ ਆਉਣਾ ਹੈ ਕਿ ਨੀਂਦ ਅਰ ਰੋਜ਼ੀ ਕਮਾਉਣ ਦੇ ਜ਼ਰੂਰੀ ਵਕਤਾਂ ਤੋਂ ਛੁਟ ਬਾਕੀ ਸਾਰਾ ਵਕਤ ਬਾਣੀ ਨਾਮ ਵਿਚ ਲੱਗੇ। ਰਸ ਨਾਲ ਪੈਂਦਾ ਜਾਂਦਾ ਹੈ ਤੇ ਆਪੂੰ ਜੀ ਸਾਰੇ ਬਚਦੇ ਵਕਤਾਂ ਨੂੰ ਇਸ ਪਾਸੇ ਲਾਉਣ ਲਗ ਜਾਂਦਾ ਹੈ।

ਪਰ ਇਸ ਗੱਲ ਵਿਚ ਸਤਿਗੁਰ ਦੀ ਟੇਕ ਦੀ ਲੋੜ ਹੈ। ਸਤਿਗੁਰ ਗੁਰੂ ਨਾਨਕ ਦੇਵ ਹੈ ; ਅਰ ਓਹ ਸਰਬ ਬਯਾਪੀ ਹੈ, ਉਸ ਨੂੰ **Personal** ਗੁਰੂ ਬਨਾਉਣਾ ਤੇ **Feel** ਕਰਨਾ ਚਾਹੀਏ। ਜਿਸ ਤਰ੍ਹਾਂ ਦੇਹਿ ਵਿਚ ਹੁੰਦਿਆਂ ਸਤਿਗੁਰ ਵਿਚ ਲੋਕੀਂ **Personal relation feel** ਕਰਦੇ ਸਨ, ਇਕੁਰ **Loving Feelings** ਉਨ੍ਹਾਂ ਦੇ ਵਜੂਦ ਵੱਲ ਹੋਣੀਆਂ ਚਾਹੀਏ। ਫੇਰ ਬਾਣੀ ਵਿਚ ਰਸ ਪੈਂਦਾ ਹੈ। ਜਿਉਂ ਜਿਉਂ ਰਸ ਪੈਂਦਾ ਹੈ ਸੁਖ ਹੁੰਦਾ ਹੈ। ਇਹ ਸੁਖ ਬਹੁਤ ਹੀ ਰਸਦਾਇਕ ਹੁੰਦਾ ਹੈ। ਇਸ ਨੂੰ ਕੋਈ ਸੰਸਾਰ ਦਾ ਸੁਆਦ ਮਿਲ ਨਹੀਂ ਸਕਦਾ।

ਬਾਣੀ ਨਿਤਨੇਮ ਦੀ ਪਹਿਲਾਂ ਕਾਫੀ ਹੈ। ਫੇਰ ਜਪੁ ਸਾਹਿਬ ਦੇ ਪਾਠ ਕੁਛ ਵਧਾਉਣੇ ਚਾਹੀਏ ਤੇ ਫੇਰ ਪਹਿਲੀ ਪਉੜੀ ਦਾ ਪਾਠ, ਸਹਜੇ ਸਹਜੇ ਨਾਮ ਤੇ ਪਹੁੰਚਣਾ ਹੈ। ਜਦ ਨਾਮ ਤੇ ਸੁਰਤ ਲਗ ਗਈ, ਫਿਰ ਲਿਵ ਲਗ ਗਈ। ਲਿਵ ਇਕ ਮਨ ਦੇ **Bliss** ਵਿਚ ਲਗਾਤਾਰ ਰਸ ਬੱਝ ਜਾਣਾ ਹੈ, ਅਰ ਉਹ ਸਾਡੇ ਰੋਜ਼ਾਨਾ ਕੰਮਾਂ ਵਿਚ ਹਰਜ ਨਹੀਂ ਹੁੰਦਾ, ਸਗੋਂ ਉਨ੍ਹਾਂ ਨੂੰ ਕੁਛ ਸੁਆਦਲੇ ਬਣਾ ਦੇਂਦਾ ਹੈ।

ਸੋ ਮੁਢ ਦਾ ਕੰਮ ਹੈ ਬਾਣੀ ਸਤਿਗੁਰ ਦੀ ਟੇਕ ਲੇ ਕੇ, ਉਸ ਵਿਚ **Loving Sentiments feel** ਕਰ ਕੇ ਅੰਗ ਸੰਗ ਜਾਣ ਕੈ, ਮਨ ਦਾ ਰੰਗ ਸ਼ੁਕਰ ਦਾ **Cheerful** ਰਹਿਣੇ ਦਾ। ਵਾਹਿਗੁਰੂ ਦੀ ਹਜ਼ੂਰੀ **Feel** ਕਰਨੀ ਹੈ।

1. ਰੋਜ਼ ਦੇ ਵਿਹਲੇ ਵਕਤ ਨੂੰ ਸੰਭਾਲਣਾ, ਉਸ ਨੂੰ **Idle away** ਕਰਨ ਨਾਲੋਂ ਯਾ ਨਿਸਫਲ ਰੋਝੇਵਿਆਂ ਵਿਚ ਲਾਉਣ ਨਾਲੋਂ, ਬਾਣੀ ਯਾ ਸਿਮਰਨ ਵਿਚ ਲਾਉਣਾ।

2. ਚਿਤ ਨੂੰ ਬਾਜ਼ਾਰ ਵਾਂਙੂ ਖਿਆਲਾਂ ਦੇ ਭੀੜ ਭੜੱਕੇ ਦਾ ਗਹਗਚ ਨਾ ਬਨਾਉਣਾ, ਪਰ ਸਾਫ ਰਖਣਾ। ਸੰਸਾਰਕ ਲੋੜ ਦੀਆਂ ਵੀਚਾਰਾਂ ਤੋਂ ਛੁਟ ਇਸ ਵਿਚ **Idle thoughts** ਦੀ ਘਸਪਟ ਘਟਾਈ ਜਾਵੇ ਤੇ ਗੁਰੂ ਨਾਨਕ ਦੇਵ ਵਲ **Love** ਦੇ **Sentiments** ਯਾ ਉਸ ਦੀ ਯਾਦ ਯਾ ਯਾਦ ਕਾਯਮ ਰਖਣ ਲਈ ਉਸ ਦੇ ਨਾਮ ਯਾ 'ਵਾਹਿਗੁਰੂ' ਨਾਮ ਦਾ ਉਚਾਰਨ, ਪ੍ਰਮੇਸ਼ਰ ਦੇ ਗੁਣਾਂ ਦਾ ਧਿਆਨ। ਇਸ ਪ੍ਰਕਾਰ ਦੇ. ਉਚਿਆਂ ਕਰਨ ਵਾਲੇ ਪਯਾਰ ਵਾਲੇ ਰਸ ਵਾਲੇ ਭਾਵ ਪੈਦਾ ਹੋਣ :

3. ਸੁਹਬਤ ਨੇਕ ਤੇ ਨਾਮ ਰਸੀਆਂ ਦਾ ਤਰਲਾ ਕਰੇ।

—ਵੀਰ ਸਿੰਘ

੨੬

18-11-13

ਪਿਆਰੇ ਜੀ,

ਤੁਸੀਂ ਆਪਣਾ ਵਕਤ ਸੁਖਦਾਤੇ ਸਤਿਗੁਰੂ ਨਾਨਕ ਦੇ ਪਿਆਰ ਵਿਚ, ਵਾਹਿਗੁਰੂ ਸਿਮਰਨ ਵਿਚ ਲਾਇਆ ਕਰੋ । ਅਜ ਕਲ ਰਾਤਾਂ ਵੱਡੀਆਂ ਹਨ । ਸਵੇਰੇ ਉਠਣਾ, ਕੀਰਤਨ ਕਰਨਾ, ਟੁਰਦੇ ਫਿਰਦੇ ਸਿਮਰਨ ਵਿਚ ਰਹਿਣਾ, ਏਹੀ ਸਾਈਂ ਦੀਆਂ ਦਾਤਾਂ ਹਨ, ਜਿਨ੍ਹਾਂ ਵਿਚ ਰਹਿ ਕੇ ਲੋਕ ਸੁਖੀ ਪ੍ਰਲੋਕ ਸੁਹੇਲੇ ਜਾਈਦਾ ਹੈ ।

ਨਾਮ ਦਾ ਰੰਗ ਇਕ ਵੇਰ ਚੜ੍ਹ ਕੇ ਲਗਾਤਾਰ ਤਦੇ ਰਹਿ ਸਕਦਾ ਹੈ ਕਿ ਸੁਰਤ ਕਦੇ ਕੁਸੰਗ ਨਾ ਕਰੇ । ਸੁਰਤ ਦੇ ਕੁਸੰਗ ਤ੍ਰੈ ਹਨ :—

1. ਕਿਸੇ ਤੋਂ ਭੈ ਖਾਣਾ;
2. ਕਿਸੇ ਨਾਲ ਮੋਹ ਕਰਨਾ,
3. ਕਿਸੇ ਨਾਲ ਵੈਰ ਕਰਨਾ,

ਤੇ ਇਕ ਹੋਰ ਹੈ :—

4. ਸੰਸੇ ਭਰਮ ਵਿਚ ਜਾਣ ।

ਜਦ ਸੁਰਤ ਸੰਸਾਰ ਝਮੇਲਿਆਂ, ਹਾਨਾਂ ਤੇ ਲਾਭਾਂ ਤੋਂ ਆਸ ਅੰਦੇਸ਼ ਵਿਚ ਚਲੀ ਜਾਂਦੀ ਹੈ, ਸੁਖ ਮਾਰਿਆ ਜਾਂਦਾ ਹੈ । ਜੇ ਸੁਰਤ 'ਹੋਊ ਪਰੇ' ਦਾ ਸਬਕ ਪੜ੍ਹੇ, ਉਚੀ ਰਹੇ ਤਾਂ ਕਦੇ ਇਕ ਵੇਰ ਦਾ ਆਇਆ ਰਸ ਜ਼ਾਯਲ ਨਾਂ ਹੋਵੇ । ਪਰ ਇਸ ਅੰਤ੍ਰੀਵ ਕੁਸੰਗ ਦੀ ਗਤੀ ਕਠਨ ਹੈ ਅਤ ਬੜੇ ਪ੍ਰਬਲ ਸਤਿਸੰਗ ਨਾਲ ਦੂਰ ਹੁੰਦੀ ਹੈ । ਸਤਿਗੁਰ ਦੇ ਚਰਨਾਂ ਦਾ ਧਿਆਨ ਇਸੇ ਕਰ ਕੇ ਕਰੀਦਾ ਹੈ, ਜੋ ਸੁਰਤ ਰਸ ਵਿਚ ਰਹਵੇ । ਸੋਚਾਂ ਅੰਦੇਸਿਆਂ ਤੋਂ ਬਚਿਆ ਕਰੋ, ਫੇਰ ਰਸ ਨਹੀਂ ਤੁਟ ਸਕਦਾ, ਗੁਰੂ ਚਿਤ ਆਵੇ ।

—ਵੀਰ ਸਿੰਘ

੭੭

........1913

ਪਿਆਰੇ ਜੀ,

ਜਦੋਂ ਬਾਣੀ ਤੇ ਨਾਮ ਲਿਵ ਪੈਦਾ ਕਰ ਦੇਂਦੇ ਹਨ ਤਦ ਅਮਰ ਜੀਵਨ ਦੇ ਮੰਡਲ ਵਿਚ ਆ ਜਾਈਦਾ ਹੈ।

ਲਿਵ ਇਸ ਗੱਲ ਦਾ ਨਾਮ ਹੈ ਕਿ ਸਾਡਾ ਖਿਆਲ ਅਰਥਾਤ ਮਨ ਦੀ ਤਾਰ ਜਾਂ ਸੁਰਤ ਹਰ ਵੇਲੇ ਸਾਂਈਂ ਦੇ ਅਗੇ ਕਬੂਲ ਕਰਨ ਵਾਲੀ ਹੋ ਕੇ ਖੁਲ੍ਹੀ ਰਹਵੇ। ਸਾਡੇ ਮਨ ਦੇ ਬੂਹੇ ਵਾਹਿਗੁਰੂ ਜੀ ਦੇ ਉਹਨਾਂ ਆਤਮ ਹੁਲਾਰਿਆਂ ਅੱਗੇ, ਜੋ ਹਰ ਵੇਲੇ ਸਾਡੇ ਪਾਸ ਆ ਰਹੇ ਹਨ ਖੁੱਲ੍ਹ ਜਾਣ ਅਰ ਦਮ-ਬਦਮ ਸਾਡੇ ਵਿਚ ਆਤਮਾਸੱਤਾ ਪ੍ਰਵੇਸ਼ ਕਰਦੀ ਰਹੇ। ਆਤਮ ਮੰਡਲ ਦੀਆਂ ਤਾਕਤਾਂ ਦਾ ਆਵੇਸ਼ ਅਸਾਂ ਵਿਚ ਰਹੇ। ਜਾਂ ਸੌਖਾ ਸਮਝਣਾ ਹੋਵੇ ਤਾਂ ਨਾਮ, ਧਿਆਨ, ਪਰੇਮ ਤਿੰਨੇ ਇਕ ਰੂਪ ਹੋ ਕੇ ਅੰਦਰ ਇਕ ਤਾਰ ਬੱਝ ਜਾਣ। ਮਨ ਦਾ ਪ੍ਰਵਾਹ ਜਦ ਸਾਂਈ ਨਾਲ ਇਉਂ ਜੁੜ ਜਾਂਦਾ ਹੈ ਤਾਂ ਜੀਉ ਪਈਦਾ ਹੈ। ਇਹ ਜੀਵਨ ਅਮਰ ਜੀਵਨ ਹੈ।

ਫੇਰ ਅੱਠੋ ਪਹਿਰ ਏਸ ਰੰਗ ਵਿਚ ਰਹਿਣਾ ਕਿ ਮੇਰੇ ਅੰਦਰ ਮਾਲਕ ਵੱਸ ਰਿਹਾ ਹੈ ਅਰ ਮੇਰਾ ਮਨ ਇਕ ਜ੍ਯੋਤਿ ਹੋ ਰਿਹਾ ਹੈ; ਪਰ ਇਹ ਹੈ ਕਠਨ, ਸਮਾਂ ਲਗਦਾ ਹੈ ਅਰ ਜਿਥੋਂ ਸ਼ੁਰੂ ਹੋਏ ਹੋ ਨਾਮ ਤੋਂ ਇਥੋਂ ਹੀ ਟੁਰੀਦਾ ਹੈ, ਨਾਮ ਦਾ ਦਿਨ ਰਾਤ ਅਭ੍ਯਾਸ ਕਰੀਦਾ ਹੈ, ਦਿਨ ਰਾਤ ਦਾ ਸਿਮਰਨ ਫੇਰ ਜੀਭ ਤੇ ਹੀ ਨਹੀਂ ਰਹਿ ਜਾਂਦਾ, ਆਤਮਾਂ ਵਿਚ, ਸੁਰਤ ਵਿਚ ਸਿੰਜਰਦਾ ਹੈ ਐਸਾ ਬੈਠਦਾ ਹੈ ਕਿ ਸੁਰਤ ਵਿਚ ਸਿਮਰਨ ਬੱਝ ਜਾਂਦਾ ਹੈ। ਸੁਰਤ ਵਿਚ ਪ੍ਰੇਮ ਪੈਂਦਾ ਹੈ ਤੇ ਰਸ ਦੇ ਫੁਹਾਰੇ ਛੁਟਦੇ ਹਨ। ਇਹ ਤ੍ਰੀਕਾ ਅਮਰ ਜੀਵਨ ਪ੍ਰਾਪਤੀ ਦਾ ਹੈ। ਨਾਮ ਦਾ ਸਬਕ ਪਕਾਉਣ ਵਾਸਤੇ ਖਿੱਚ ਦੀ ਲੋੜ ਹੈ। ਇਹ ਵੱਸ ਦੀ ਖੇਡ ਨਹੀਂ, ਦਾਤ ਹੈ; ਖਿੱਚ ਦਾ ਪ੍ਰਯੋਜਨ ਸ਼ਬਦ ਪਕਾਉਣ ਤੋਂ ਹੈ, ਇਹ ਅੰਦਰ ਉਸਤਾਦ ਬੈਠਦਾ ਹੈ।

ਨਾਮ ਦਾ ਦਾਤਾ ਵਾਹਿਗੁਰੂ ਹੈ, ਪ੍ਰਚਾਰਕ ਗੁਰੂ ਨਾਨਕ ਦੇਵ ਜੀ ਹਨ; ਪ੍ਰਾਪਤ ਸਤਿਸੰਗਤ ਵਿਚੋਂ ਹੁੰਦਾ ਹੈ ਤੇ ਖਿੱਚ ਗੁਪਤ ਗੁਰੂ ਅੰਦਰ ਵਸਦਾ ਹੈ, ਜੋ ਇਸ ਨੂੰ ਪਕਾਉਂਦਾ ਹੈ ਤੇ ਵਿਘਨਾਂ ਤੋਂ ਬਚਾਉਣ ਲਈ ਸਤਿਸੰਗ ਦੀ ਮਦਦ ਹੁੰਦੀ ਹੈ ਅਤੇ ਉਤੋਂ ਨਾ ਦਿੱਸਣ ਵਾਲੇ ਮੰਡਲ ਵਿਚੋਂ ਗੈਬ ਦੀ ਮਦਦ ਪਹੁੰਚਦੀ ਹੈ, ਜੋ ਸਤਿਸੰਗ ਦਾ ਹੀ ਦੂਸਰਾ ਦਰਜਾ ਹੈ ਤੇ ਉਚੇਰੀ ਪ੍ਰਾਪਤੀ ਹੈ। ਤੁਸਾਨੂੰ ਪਤਾ ਹੈ ਕਿ ਸਿਮਰਨ ਜਦ ਤਕ ਕਣੀਵਿਹੂਣਾ ਹੈ ਜੀਵਨ ਪੈਦਾ ਨਹੀਂ ਕਰ ਸਕਦਾ। ਕਣੀ ਅਕਸਰ ਦਾਤ ਨਾਲ ਲਭਦੀ ਹੈ। ਜਦ ਕਣੀ ਲੱਭ ਪਈ, ਚਰਖਾ ਟੁਰ ਪਿਆ, ਫਿਰ ਸੁਰਤ ਸਦਾ ਉਚੀ ਤੇ ਲਿਵ ਵਿਚ ਰੱਖੀ। ਕਿਸੇ ਖਿਆਲ ਨੂੰ

ਉਸ ਉਪਰ ਹਾਵੀ ਨਾ ਹੋਣ ਦਿਤਾ । ਲਿਵ ਟੁਰੀ ਰਹੇ । ਜੋ ਕੁਝ ਆ ਬਣੇ ਉਸ ਪਰ 'ਹਉ ਪਰੇ' ਕੀਤੀ ਤੇ ਅੰਦਰੋਂ ਬਾਹਰ ਵਗਾਹ ਮਾਰੀ । ਵੈਰ, ਮੋਹ, ਦਬਾਉ, ਖਾਣਾ ਭਰਨ ਭੈ ਵਿਚ ਪੈ ਜਾਣਾ, ਈਰਖਾ ਕਰਨੀ, ਗੱਲ ਕੀਹ, ਕਿਸੇ ਤਰ੍ਹਾਂ ਦੀ ਘ੍ਰਿਣਾ ਹੋਵੇ, ਲਿਵ ਨੂੰ ਮਾਰਦੀ ਹੈ । ਹਰ ਵੇਲੇ ਉਚ ਸੁਰਤੇ, ਹਰ ਵੇਲੇ ਸਿਮਰਨ ਵਿਚ ਵਸੀਏ । ਹਰ ਵੇਲੇ ਧਿਆਨੋਂ ਨਾ ਟੁਟੀਏ । ਹਰ ਵੇਲੇ ਦ੍ਰਿੜ੍ਹ ਬਣੀਏ ਕਿ ਦਾਤਾ ਜੀ ਵਿਚੋਂ ਰਸ, ਆਨੰਦ, ਪਰੇਮ ਸਿਮਰਨ ਤੇ ਪਵਿਤ੍ਰਤਾ ਦੀ ਨਿਝਰ ਧਾਰ ਬਰਖਾ ਤੇ ਠੰਢੇ ਲਹਿਰੇ ਮੇਰੀ ਸੁਰਤ ਵਿਚ ਆ ਕੇ ਸੁਰਤ ਨੂੰ ਉਚਿਆਂ ਕਰ ਰਹੇ ਹਨ । ਇਹ ਸਬਕ ਭੁੱਲ ਭੁੱਲ ਜਾਈਦਾ ਹੈ । ਇਹੋ ਮੁੜ ਮੁੜ ਪਕਾਈਦਾ ਹੈ । ਹਰ ਠੁਹਕਰ ਇਸ ਨੂੰ ਹੋਸ਼ ਲਿਆਉਂਦੀ ਹੈ ਤੇ ਤਕੜਿਆਂ ਕਰਦੀ ਹੈ । ਹੈਰ ਦੁਖ ਇਸ ਨੂੰ ਪਹਿਲਾਂ ਨਾਲੋਂ ਉਚ-ਸੁਰਤੇ ਕਰਦਾ ਹੈ । ਜੋ ਨਾਮ ਵਿਚ ਲਗ ਪਏ, ਉਹਨਾਂ ਲਈ ਹਰ ਦੁਖ, ਸੁਖ ਦੀ ਪਉੜੀ ਦਾ ਉਚੇਰਾ ਡੰਡਾ ਬਣ ਜਾਂਦਾ ਹੈ । ਪ੍ਰਤੱਖ ਦੇਖ ਲਓ ਕਿ ਇਸ ਦੁਖ ਦੇ ਮਗਰੋਂ ਸੁਰਤ ਕਿਸ ਤਰ੍ਹਾਂ ਸਾਫ ਤੇ ਉਚੇਰੀ ਹੋ ਗਈ ਹੈ ।

ਜੇਕਰ ਅਸੀਂ ਸ਼ੁਕਰ ਵਿਚ ਰਹੀਏ ਤੇ ਸੁਰਤ ਵਿਚ ਸੋਚ ਨਾ ਪੈਣ ਦੇਈਏ ਤਾਂ ਕਰਮ ਬਲ ਨਹੀਂ ਪਾ ਸਕਦੇ, ਦੁਖ ਦੂਰੋਂ ਭੱਜ ਜਾਂਦੇ ਹਨ । ਇਹ ਫਕੀਰੀ ਨਹੀਂ, ਸੱਚੀ ਪਾਤਸ਼ਾਹੀ ਹੈ । ਇਹ ਗੁਰੂ ਨਾਨਕ ਦੇ ਰਾਜ ਦਾ ਪ੍ਰਤਾਪ ਹੈ । ਇਸ ਦਾ ਫਲ ਲੋਕ ਪ੍ਰਲੋਕ ਦਾ ਸੁਖ ਤੇ ਤੇਜ ਪ੍ਰਤਾਪ ਹੈ । ਇਸ ਰੰਗ ਵਾਲਾ ਮਾਲਕ ਹੈ ।

ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥

ਇਹ ਵਾਹਿਗੁਰੂ ਦਾ ਇਕਰਾਰ ਹੈ, ਉਚੇ ਰਹੋ । ਉਚੇ ਵਸੋ । ਗੁਰੂ ਨਾਨਕ ਦਾ ਆਪਣਾ ਜੀਵਨ-ਲਹਿਰਾ ਅਸਾਂ ਵਿਚ ਹਰ ਵੇਲੇ ਹੁਲਾਰੇ ਮਾਰਦਾ ਆਵੇ । ਸਾਡੇ ਮਨ ਦੇ ਦਰਵਾਜ਼ੇ ਹਰ ਵੇਲੇ ਉਸ ਲਈ ਖੁਲ੍ਹੇ ਰਹਿਣ । ਗੁਰੂ ਨਾਨਕ ਦਾ ਆਤਮ ਹੁਲਾਰਾ ਸਾਡੇ ਅੰਦਰ ਆਵੇ ਤੇ ਸੁਰਤ ਵਿਚ ਸਮਾਵੇ । ਪ੍ਰਾਰਥਨਾ ਕਰੋ : ਹੇ ਗੁਰੂ ਨਾਨਕ ਪਿਤਾ, ਮੁਰਦੇ ਜਿਵਾਣ ਵਾਲੇ, ਦਮ ਦੀ ਫੂਕ ਮਾਰ ਜੋ ਅਸੀਂ ਜੀਉ ਪਈਏ ਤੇ ਤੇਰੇ ਨਾਲ ਇਕ ਜੋਤਿ ਹੋ ਜੀਵੀਏ । ਹੇ ਗੁਰੂ ਨਾਨਕ ਅੰਦਰ ਆ ਵੱਸ ਤੇ ਫਿਰ ਨਿਕਲਣਾ ਭੁੱਲ ਜਾ । ਤੂੰ ਜੀਅ ਮੇਰੇ ਵਿਚ ਵੱਸ : ਐਸਾ ਵੱਸ ਕਿ ਫਿਰ ਨਾ ਨੱਸ । 'ਧੰਨ ਗੁਰੂ ਨਾਨਕ ਦੇਵ ਜੀ' ਹਨ ।

ਸ਼ੁਕਰ ਕਰੋ ਅਰ ਸ਼ੁਕਰ ਦੇ ਭਾਵ ਨਾਲ ਆਤਮਾ ਸਤਿਗੁਰ ਨਾਨਕ ਦੇ ਸਨਮੁਖ ਰਖੋ । ਖੁਸ਼ੀ ਪਚਾਉਣ ਦਾ ਚੂਰਨ ਸ਼ੁਕਰ ਹੈ । ਪਚੀ ਹੋਈ ਸ਼ੈ ਫਿਰ ਅੰਦਰ ਦਿਨਾਂ ਤੀਕ ਨਸ਼ਾ ਰਖਦੀ ਹੈ । ਖੁਸ਼ੀ ਵੇਲੇ ਬੇਪ੍ਰਵਾਹੀ ਨਹੀਂ ਕਰਨੀ, ਬੌਂਕਣਾ ਨਹੀਂ, ਰੇਤ ਥਲੇ ਵਾਂਙੂ ਖੁਸ਼ੀ ਨੂੰ ਜੀਉਰ ਜਾਣਾ । ਇਹ ਖੁਸ਼ੀ, 'ਹਰਿ ਰੰਗ' ਇਸੇ ਦਾ ਨਾਉਂ ਹੈ, ਸਭ ਆਖੋ :

"ਧੰਨ ਗੁਰ ਨਾਨਕ ਦੇਵ ।"

—ਵੀਰ ਸਿੰਘ

੧੮

ਸਤਿਗੁਰ ਦੇ ਸੰਵਾਰੇ ਜੀਓ ।

ਭਲਾ ਪਤਿਬ੍ਰਤਾ ਧਰਮ ਦੇ ਪ੍ਰੇਮੀਆਂ ਨੂੰ ਕਿਸੇ ਸੋਚ ਨਾਲ ਕੀ ? ਤੇ ਹੋਰ ਹਾਣ ਲਾਭ ਦੀ ਕੀ ਪਰਵਾਹ ? ਸਰੀਰ ਪਤੀ ਦੀ ਸੇਵਾ ਵਿਚ ਅਰਪਨ ਤੇ ਮਨ ਗੁਰੂ ਨਾਨਕ ਦੇਵ ਦੇ ਚਰਨਾਂ ਕਵਲਾਂ ਦੇ ਧਯਾਨ ਵਿਚ ਮਗਨ, ਤੇ ਜੇ ਕਿਸੇ ਵੇਲੇ ਇਹ ਦਾਤ ਨਸੀਬ ਹੋ ਜਾਵੇ ਕਿ ਮਨ ਤੇ ਸਰੀਰ ਤੋਂ ਅਗੇ ਆਪਣਾ ਆਪ ਸਾਫ ਹੋ ਕੇ ਪ੍ਰਤੀਤ ਹੋ ਆਵੇ ਤਦ ਉਹ ਆਪਣਾ ਆਪ, ਜਿਸ ਨੂੰ ਆਤਮ ਆਖਦੇ ਹਨ, ਵਾਹਿਗੁਰੂ ਦੇ ਚਰਨਾਂ ਵਿਚ ਲੀਨ । ਬਸ ਫੇਰ ਕੀ ਹੈ,

"ਮਿਟਿ ਗਏ ਗਵਨ ਪਾਏ ਬਿਸ੍ਰਾਮ ॥
ਨਾਨਕ ਪ੍ਰਭ ਕੈ ਸਦ ਕੁਰਬਾਨ" ॥

(ਸੁਖਮਨੀ 11-8)

ਸਾਨੂੰ ਹਾਨ ਲਾਭ ਨਾਲ ਕੀ ਹੈ ? ਸਾਨੂੰ ਮਾਨ ਅਪਮਾਨ ਨਾਲ ਕੀਹ ? ਅਸਾਂ ਤਾਂ ਤਨ ਪਤੀ ਹੈ, ਮਨ ਗੁਰੂ ਨੂੰ ਤੇ ਆਤਮਾ ਵਾਹਿਗੁਰੂ ਨੂੰ ਦੇ ਦੇਣਾ ਹੈ, 'ਅਣਹੋਦੇ ਆਪ ਵੰਡਾਇ' ਤਾਂ ਇਹੋ ਹੈ । ਸਾਡੀ ਨਜ਼ਰ ਤਾਂ ਇਸ ਸਦਕੜੇ ਹੋ ਜਾਣ ਤੇ ਹੈ । ਜਿਨ੍ਹਾਂ ਪਤੀ, ਗੁਰੂ ਤੇ ਵਾਹਿਗੁਰੂ ਨੂੰ ਪਿਆਰ ਕਰਨਾ ਹੈ, ਉਹੋ ਤਾਂ ਸਤੀ ਹਨ । ਉਨ੍ਹਾਂ ਨੇ ਤਾਂ ਆਪਣਾ ਆਪ ਵੰਾਰਨਾ ਹੈ । ਸਦਕੇ ਕਰਨਾ ਹੈ ਤੇ ਘੋਲ ਘੁਮਟੇ ਜਾਣਾ ਹੈ, ਪ੍ਰੇਮ ਕਦੇ ਮਾਨ, ਵਡਯਾਈ, ਉਲਟਵੇਂ ਪ੍ਰੇਮ ਦੀ ਲੋੜ ਨਹੀਂ ਰਖਦਾ । ਪ੍ਰੇਮ ਸੁਦਾਗਰ ਨਹੀਂ, ਜੋ ਸੌਦੇ ਕਰਦਾ ਹੈ, ਪ੍ਰੇਮ ਤਾਂ ਆਪ ਦਾਨ ਕਰਨ ਦਾ ਨਾਂ ਹੈ ।

ਪਤੀ ਨੂੰ ਸ਼ਰੀਰ (ਹਉਂ ਨੂੰ ਛਡ ਕੇ)	ਤਿੰਨਾਂ ਨੂੰ ਤਿੰਨੇ ਦਾਨ ਕੀਤੇ
ਗੁਰੂ ਨੂੰ ਮਨ (ਹਉਂ ਨੂੰ ਛਡ ਕੇ)	ਤੇ ਸੁਖਾਲੇ ਹੋ ਸੁਤੇ ।
ਵਾਹਿਗੁਰੂ ਨੂੰ ਆਤਮਾ (ਹਉਂ ਨੂੰ ਛਡ ਕੇ)	

ਪਤੰਗਿਆਂ 'ਨੇ ਕਦੇ ਦੀਵੇ ਤੋਂ ਅਪਨੇ ਪਿਯਾਰ ਦੇ ਬਦਲੇ ਆਦਰ ਨਹੀਂ, ਮੰਗਿਆ, ਸਗੋਂ ਅਨਾਦਰ ਤੇ ਆਪਾ ਸੜਵਾ ਲੈਂਦੇ ਹਨ, ਫੇਰ ਸਦਕੇ ਹੁੰਦੇ ਹਨ । ਇਹ ਇਕ ਦ੍ਰਿਸ਼ਟਾਂਤ ਹੈ । ਅਸਲ ਗਲ ਇਹ ਹੈ, ਪ੍ਰੇਮ ਹੈ ਹੀ ਦੇਣਾ, ਕਦੇ ਲੈਣਾ ਨਹੀਂ ਹੁੰਦਾ । ਜਿਉਂ ਜਿਉਂ ਉਚਾ ਪ੍ਰੇਮ ਤਿਉਂ ਤਿਉਂ ਪ੍ਰੇਮ ਹੀ ਪ੍ਰੇਮ । ਹੋਰ ਤਾਂ ਰਖਣਾ ਕੁਛ ਨਾ ਹੋਇਆ । ਕਿਉਂਕਿ ਹੁੰਦਾ ਫੜਿਆ ਜਾਂਦਾ ਹੈ । ਹੋਂਦ ਛੱਡੀ ਤਾਂ ਜੰਜਾਲੋਂ ਪਾਰ ਹੋ ਗਏ ।

ਆਨੰਦ ਰਿਹਾ ਕਰੋ 'ਹਸਕੇ ਗੁਜ਼ਾਰ ਦਿਹੁ, ਸਾਈ'
ਨਾਲ ਲਾਵੀਂ 'ਨੇਹੁੰ' ਬਸ ਐਨੀ ਗਲ,
ਤਨ-ਮਨ-ਤੇ ਆਤਮਾ ਦੇ ਦਿੱਤੇ ਤੇ ਆਨੰਦ, ਪੂਰਨਾਨੰਦ, ਬ੍ਰਹਮਾਨੰਦ ਹੋ ਗਿਆ ।
ਐਥੇ ਨਜ਼ਰ ਰਖਯਾ ਕਰੋ ਤੇ ਹੋਰਥੇ ਨਾਂ ਤਕਿਆ ਕਰੋ,
''ਸਿਰ ਊਪਰਿ ਠਾਢਾ ਗੁਰੁ ਸੂਰਾ'' ''ਨਾਨਕ ਤਾਕੇ ਕਾਰਜ ਪੂਰਾ''

(ਸੁਖਮਨੀ 22-7)

—ਵੀਰ ਸਿੰਘ

੧੯

22-10-23

ਪਿਆਰੇ ਜੀ,

ਇਹ ਜਗਤ ਸਭ ਰਾਮ ਕੀ ਲੀਲਾ ਹੈ।
ਜਿਸ ਦਾ ਨਾਉਂ 'ਲੀਲਾ' ਹੈ, ਉਹ 'ਰਾਮ ਕੀ' ਹੈ।
ਜੋ ਰਾਮ ਕੀ ਹੈ, ਉਹ ਰਾਮ ਵਾਂਙੂ ਖਿੜੀ ਲੋੜੀਏ, ਖੁਸ਼ ਲੋੜੀਏ।
ਸਾਂਈ, ਰਸ, ਵਾਹਿਗੁਰੂ ਦੇ ਚਰਨਾਂ ਨਾਲ ਜੁੜੀ ਲੋੜੀਏ।
ਤੈਨੂੰ ਰੱਬ ਨਾ ਭੁੱਲੇ
ਦੁਆ ਫਕੀਰਾਂ ਦੀ ਏਹਾ।

—ਵੀਰ ਸਿੰਘ

੮੦

ਪਿਆਰੇ ਜੀ,

ਦੁੱਧ ਪੀਣਾ ਸਰੀਰ ਨੂੰ ਸੁਖਾਂਦਾ ਹੈ, ਪਰ ਨਿਰਾ ਖੋਯਾ ਅਣਪਚਾ ਕਰਦਾ ਹੈ। ਹਉਮੈ ਦਾ ਸਹਿਜੇ ਘਟਣਾ ਤੇ ਸਤਿਗੁਰ ਦੇ ਪਿਆਰ ਦਾ ਵਧਣਾ ਐਉਂ ਜੋ ਸਨੇ ਸਨੇ ਤਬੀਅਤ ਪੱਕਦੀ ਹੈ, ਚੰਗੀ ਹੈ। ਜੋ ਇਕੋ ਵੇਰ ਹਉਮੈ ਦਾ ਮਾਰਨਾ ਕਰੀਦਾ ਹੈ, ਉਹ ਮਰਦੀ ਨਹੀਂ। ਵੂਨਰ (ਘੜੀ ਦੇ ਸਪਰਿੰਗ) ਵਾਂਡੂ ਕੱਠੀ ਹੋ ਕੇ ਫੇਰ ਮਾਰ ਕਰਦੀ ਹੈ। ਸਤਿਗੁਰ ਦਾ (ਬਖ਼ਸ਼ਿਆ ਨਾਮ) ਅਭਯਾਸ ਖੁਸ਼ਕ ਯੋਗ ਮਾਰਗ ਨਹੀਂ ਹੈ। ਪਿਆਰ ਕਰਨਾ, ਤਰਸ ਤੇ ਦਯਾ ਕਰਨੀ, ਪਸੀਜਣਾ, ਦੁਖੀਆਂ ਦੇ ਦੁੱਖ ਦੂਰ ਕਰਨੇ, ਸਤਿਗੁਰ ਦੇ ਪਿਆਰ ਵਿਚ ਦ੍ਰਵੀਭੂਤ ਹੋਣਾ ਜ਼ਰੂਰੀ ਸਾਮਾਨ ਹਨ। ਸਿੱਖ ਉਹ ਹੈ ਜੋ :

1. ਹੱਕ ਰਖਦਾ ਹੈ ਤੇ ਹੱਕ ਦੇਂਦਾ ਹੈ। ਜੋ ਆਪਣੇ ਹੱਕ ਦੇ ਨਾਲ ਫਰਜ਼ ਆਪਣੇ ਨੂੰ ਬੀ ਪਛਾਣਦਾ ਹੈ ਐਸਾ ਸਿਖ ਨਿਆਂ ਕਰਦਾ ਹੈ।

2. ਜੋ ਸਿੱਖ ਆਪਣੇ ਹੱਕ ਨੂੰ ਵਿਸਾਰਦਾ ਹੈ, ਦੂਏ ਦੇ ਨੂੰ ਪਛਾਣਦਾ ਹੈ, ਫਰਜ਼ ਹੀ ਨਹੀਂ ਅਦਾ ਕਰਦਾ ਸਗੋਂ ਦੂਏ ਦਾ ਦੁੱਖ ਹਰਦਾ ਹੈ ਤੇ ਆਪਣੇ ਸੁਖ ਦੂਏ ਨੂੰ ਦੇਂਦਾ ਹੈ। ਐਸਾ ਸਿੱਖ ਪ੍ਰੇਮੀ ਹੈ।

3. ਜੋ ਸਿੱਖ ਆਪਣਾ ਆਪ ਸੁਖ ਦੇਣ ਵਿਚ ਵਾਰਦਾ ਹੈ, ਐਸਾ ਸਿੱਖ ਸੰਨਿਆਸੀ ਹੈ।

ਮਨੁੱਖ ਦਾ ਹਿਰਦਾ ਇਕ ਪੈਦਾ ਕਰਨੇ ਵਾਲਾ ਕਾਰਖਾਨਾ ਹੈ। ਇਸ ਵਿਚੋਂ ਸਿਵਾ ਨੇਕੀ, ਦਇਆ ਤੇ ਪਿਆਰ ਦੇ ਹੋਰ ਕੁਛ ਪੈਦਾ ਨਹੀਂ ਹੋਣਾ ਚਾਹੀਦਾ। ਜੋ ਹਿਰਦਾ ਅੱਕਦਾ ਹੈ, ਥੱਕਦਾ ਹੈ, ਛਿੱਥਾ ਹੁੰਦਾ ਹੈ, ਘਬਰਾਂਦਾ ਹੈ, ਗੁੱਸੇ ਵਿਚ ਆਉਂਦਾ ਹੈ, ਕੁੜ੍ਹਦਾ ਹੈ, ਕ੍ਰਿੱਝਦਾ ਹੈ, ਉਹ ਹਿਰਦਾ ਅਜੇ ਪੂਰਾ ਸਿੱਖ ਨਹੀਂ ਹੋਇਆ। ਇਹ ਆਪਾ ਚੀਨਣ ਦਾ ਕੰਮ ਆਪ ਕਰਦੇ ਰਹਿਣਾ ਚਾਹੀਏ, ਸਤਿਗੁਰੂ ਪਿਆਰੇ ਦੇ ਵਲਵਲਿਆਂ ਨਾਲ ਤੇ ਤਰਸਾਂ ਦੀਆਂ ਹਿਲਦੀਆਂ ਤਰਬਾਂ ਦੇ ਤ੍ਰਾਨਿਆਂ ਵਾਲੇ ਮਨਾਂ ਵਿਚ ਫੇਰੇ ਪਾਂਦਾ ਹੈ।

ਐਉਂ ਸਦਾ ਪਰਖ ਦੇ ਟੁਰਨਾ ਲੋੜੀਏ, ਜ਼ਿਥੇ ਆਪੇ ਵਿਚ ਕੁਛ ਕਸਰ ਦਿੱਸੇ ਫੇਰ ਕੱਢ ਸਿੱਟੀਏ : "ਝੂਰਿ ਮਰੈ ਦੇਖੈ ਪਰਮਾਦੁ"

ਸਤਿਗੁਰੂ ਨੂੰ ਅੰਗ ਸੰਗ ਜਾਣਿਆ ਕਰੋ ਤੇ ਬਾਣੀ ਸਤਿਗੁਰੂ ਜੀ ਨੂੰ ਸੁਣਾ ਕੇ ਪੜ੍ਹਿਆ ਕਰਨੀ।

—ਵੀਰ ਸਿੰਘ

੮੧

5-2-13

ਪਿਆਰੇ ਸੱਜਣ ਜੀ,

ਗੁੱਸੇ ਹੋਣਾ ਸਤਿਸੰਗ ਵਿਚ ਹੈ ਨਹੀਂ । ਗੁੱਸੇ ਦਾ ਤੌਖਲਾ ਚੰਗਾ ਨਹੀਂ । ਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ ਨੂੰ ਸਦਾ ਪ੍ਰੇਮ ਕਰਨ ਵਾਲਾ ਲਾਲ ਲਿਖਿਆ ਤੇ ਇਉਂ ਆਖਿਆ ਹੈ :—

ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥

ਸੋ ਸਦਾ ਉਸ ਨੂੰ ਪਿਆਰ ਪੁੰਜ ਸਮਝਣਾ ਚਾਹੀਏ । ਉਸ ਦੇ ਦਰ ਦੇ ਉਮੈਦਵਾਰ ਭੀ ਇਸੇ ਰਸਤੇ ਤੇ ਤੁਰਨ ਦਾ ਯਤਨ ਕਰਦੇ ਹਨ । ਸੋ ਹਰ ਜਗਿਆਸੂ ਨੂੰ ਸਦਾ ਖੁਸ਼, ਸਦਾ ਸਿਮਰਨ ਵਿਚ, ਸਦਾ ਸ਼ਾਂਤੀ ਵਿਚ ਰਹਿਣਾ ਚਾਹੀਦਾ ਹੈ ।

ਸਿਮਰਨ ਸਭ ਤੋਂ ਉਚੀ ਸ਼ੈ ਹੈ ਇਸ ਵਿਚੋਂ ਸਾਰੇ ਸੁਖ ਨਿਕਲਦੇ ਹਨ । ਵਾਹਿਗੁਰੂ ਆਪਣੀ ਮਿਹਰ ਵਿਚ ਰਖੇ ।

—ਵੀਰ ਸਿੰਘ

੮੨

ਪਵਿੱਤ੍ਰਾਤਮਾ ਜੀਓ,

ਇਨਸਾਨੀ ਜੀਵਨ ਇਕ ਖ਼ੂਬਸੂਰਤ ਅਮੋਲਕ ਵਸਤੂ ਹੈ । ਸੰਸਾਰ ਯਾਤ੍ਰਾ ਤੇ ਗ੍ਰਿਹਸਤ ਆਸ਼੍ਰਮ ਬੀ ਇਕ ਬਰਕਤ ਹੈ । ਸਰੀਰ, ਸਰੀਰ ਦੇ ਕਾਰਯ ਪਵਿਤ੍ਰ ਕਾਰਖਾਨਾ ਹੈ । ਇਹ ਸਾਰੇ ਹੀ ਦਰੁਸਤ ਸੰਭਾਲ ਤੇ ਦਰੁਸਤ ਵਰਤੋਂ ਨਾਲ ਸੁਖ ਅਰ ਆਨੰਦ ਵਧਦਾ ਹੈ । ਜੀਵਨ ਦਾ ਪ੍ਰਯੋਜਨ ਖੁਸ਼ੀ ਨੂੰ ਲੱਭਣਾ ਹੈ । ਦਰੁਸਤ ਖੁਸ਼ੀ ਤਦੋਂ ਲੱਭਦੀ ਹੈ, ਜਦੋਂ ਆਦਮੀ ਆਪਣੇ ਅੰਦਰ ਜੋ ਆਪਣੇ ਆਪੇ ਦਾ ਮਾਲਕ ਹੈ, ਕੁਦਰਤ ਨਾਲ ਕਰਤਾ ਸੰਬੰਧੀ ਸਬਜੈਕਟਿਵ (ਆਤਮਕ, ਮਾਨਸਿਕ) ਤਅੱਲਕ ਪ੍ਰਾਪਤ ਕਰ ਲੈਂਦਾ ਹੈ, ਅਰ ਸਭ ਕੁਛ ਤੇ ਸਾਰੀ ਰਚਨਾ ਇਸ ਨੂੰ ਪਾਲਦੀ, ਸੁਖ ਦੇਂਦੀ ਤੇ ਖੁਸ਼ ਕਰਦੀ ਹੈ । ਮਾਨੁਖ ਵਾਹਿਗੁਰੂ ਦੀ ਅੰਸ਼ ਹੋਣ ਕਰਕੇ ਬੜੀ ਉਚੀ ਸ਼ੈ ਹੈ । ਝੂਠੇ ਤਿਆਗ, ਹਠ, ਵੈਰਾਗ ਤੇ ਸਾਧਨ ਫਜ਼ੂਲ ਹਨ । ਵਾਹਿਗੁਰੂ ਨਾਲ ਜੁੜੇ ਰਹਿਣਾ, ਉਚਾ ਪਵਿਤ੍ਰ ਜੀਵਨ ਬਨਾਣਾ ਤੇ ਗੁਰੂ ਨਾਨਕ ਨੂੰ ਸਦਾ ਜੀਉਂਦਾ ਸਮਝ ਕੇ ਉਸ ਦੀ ਬਾਣੀ ਦਾ ਰਸ ਲੈਣਾ, ਇਹ ਸਬਜੈਕਟਿਵ ਸਬੰਧ ਤੇ ਲੈ ਜਾਂਦੇ ਹਨ । ਸੋ ਸ਼ੁਕਰ, ਸਿਮਰਨ ਤੇ ਅਰਦਾਸ ਵਿਚ ਰਹਿਣਾ ਚਾਹੀਏ । ਹੋਰ ਸ਼ਬਦ (ਨਾਮ) ਇਕੋ ਹੀ ਹੈ : ਹਜ਼ੂਰੀ ਤੇ ਸਿਨਰਨ ਨੇ ਹੀ ਕਲਯਾਨ ਕਰਨੀ ਹੈ, ਇਥੇ ਆਨੰਦ ਤੇ ਅਗੇ ਸੁਖ ਦੇਣਾ ਹੈ ।

ਮਨ ਨੂੰ ਹਰ ਵੇਲੇ ਰੌਸ਼ਨ ਰਖਣਾ ਚਾਹੀਏ । ਸਰੀਰੋਂ ਬਾਹਰ ਦੀ ਰੋਸ਼ਨੀ ਅੰਦਰ ਚਾਨਣਾ ਨਹੀਂ ਪਾਂਦੀ, ਅੰਦਰ ਚਾਨਣਾ ਹੋਵੇ, ਘਟ ਦੀਪ ਜਗੇ, ਮਨ ਮਨ ਵਿਚ ਮਗਨ ਰਹੇ । ਮਨ ਵਾਹਿਗੁਰੂ ਦੇ ਨਿਵਾਸ ਦਾ ਮੰਦਰ ਹੈ,'ਮਨ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥ ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥' ਅੰਦਰ ਸ਼ਬਦ, ਰਸ ਦੀ ਯਾਦ, ਰਸ ਦਾ ਪਿਆਰ, ਰਸ ਦੀ ਹਜ਼ੂਰੀ ਪ੍ਰਾਣਾਂ ਵਿਚ ਵੱਸ ਜਾਵੇ, ਅੰਦਰ ਵਾਹਿਗੁਰੂ ਨਾਲ ਲਿਵ ਲਗੀ ਰਹੇ, ਇਹ ਸੁਖ ਦਾ ਅਸਲ ਥਾਂ ਹੈ । ਜੋ ਮਨ ਅੰਦਰ ਟਿਕਿਆ ਹੈ, ਰਬ ਨਾਲ ਹੈ, ਸੁਖੀ ਹੈ ਤਾਂ ਬਾਹਰ ਬੀ ਸਾਰੇ ਖੇੜਾ ਦੀਹਦਾ ਹੈ । ਸਿਖਣਾ ਇਹ ਨਹੀਂ ਕਿ ਬਾਹਰ ਦੀ ਭਾਲ ਤੇ ਹਾਭ ਸਾਨੂੰ ਬਾਉਰਿਆਂ ਕਰੇ, ਪਰ ਇਹ ਕਿ ਮਨ ਮਨ ਤੋਂ, ਮਨ ਦੇ ਵਿਚ ਪਿਆਰੇ ਦੀ ਹਜ਼ੂਰੀ ਵਿਚ ਖੀਵਾ ਰਹੇ । ਰਸ ਅੰਦਰ ਹੈ, ਉਹ ਲੋਚਦਾ ਹੈ ਕਿ ਅਸੀਂ ਮਨ ਦਾ ਬੂਹਾ ਉਸ ਨੂੰ ਖੋਲ੍ਹੀਏ । ਪਰ ਅਸੀਂ ਬਾਹਰ ਨੂੰ ਤੱਕਦੇ ਤੇ ਮਨ ਮੰਦਰ ਦੇ ਬੂਹੇ ਮਨ ਦੇ ਮਾਲਕ ਨੂੰ ਨਹੀਂ ਖੋਲ੍ਹਦੇ । ਸਦਾ ਖੁਸ਼ ਆਨੰਦ ਵਾਹਿਗੁਰੂ ਦੇ ਹਜ਼ੂਰ ਵੱਸੀਏ । ਅੰਦਰ ਸੁਖ ਰਹਿੰਦਾ ਹੈ ਤਾਂ ਬਾਹਰ ਸਰੀਰ ਪਵਿਤ੍ਰ ਰਹਿੰਦਾ ਹੈ, ਕਰਮ ਸ਼ੁਭ ਹੁੰਦੇ ਹਨ ਤੇ ਜੀਵਨ ਨਿਸ਼ਪਾਪ ਹੋ ਜਾਂਦਾ ਹੈ ।

—ਵੀਰ ਸਿੰਘ

੮੩

6-7-12

ਪਿਆਰੇ ਜੀ,

ਸਾਡੇ ਮਨ ਵਿਚ ਜਿੰਨੇ ਵਧੀਕ ਖਿਆਲ ਪੈਦਾ ਹੋਣਗੇ, ਉਂਨੀ ਵਧੀਕ ਸਾਡੇ ਅੰਦਰ ਸਾਈਂ ਨਾਲੋਂ ਵਿੱਥ ਪਏਗੀ।

ਬਾਣੀ ਦਾ ਪਾਠ ਤੇ ਨਾਮ ਸਿਮਰਨ ਇਸ ਲਈ ਕਰੀਦਾ ਹੈ ਕਿ ਮਨ ਵਿਚ ਵਾਹਿਗੁਰੂ ਜੀ ਦਾ ਵਾਸਾ ਹੋ ਜਾਵੇ ਤੇ ਹੋਰ ਤਰੰਗ ਘਟ ਜਾਣ ਤੇ ਫੁਰਨੇ ਹਟ ਜਾਣ।

ਮਨ ਭਾਰਾ ਤੇ ਬਾਣੀ ਤੋਂ ਬੇਸੁਆਦ ਤਦ ਹੁੰਦਾ ਹੈ ਜਦੋਂ ਮਨ ਵਿਚ ਪਿਆਰੇ ਜੀ ਤੋਂ ਬਿਨਾਂ ਕਿਸੇ ਗੱਲ ਦਾ ਭੈ, ਤੌਖਲਾ, ਭਰਮ ਯਾ ਕਿਸੇ ਨਾਮ-ਹੀਨ ਮਿਤ੍ਰ ਪਿਆਰੇ ਦਾ ਪਿਆਰ ਵਾੜ ਲਈਦਾ ਹੈ। ਜੇ ਇਸ ਤੋਂ ਬਚੇ ਰਹੀਏ, ਤਦ ਫੇਰ ਰਸ ਨਹੀਂ ਜਾਂਦਾ । ਸਤਿਸੰਗ ਦੇ ਪਿਆਰ ਨਾਲ ਰਸ ਬਣਿਆ ਰਹਿੰਦਾ ਹੈ ।

ਗੁਰੂ ਨਾਨਕ ਬੜਾ ਦਿਆਲੂ ਪਿਤਾ ਹੈ, ਉਸ ਦੀ ਹਜ਼ੂਰੀ ਵਿਚ ਸਭ ਕੁਝ ਕਰਨਾ ਚਾਹੀਏ।

—ਵੀਰ ਸਿੰਘ

੯੪

ਪਿਆਰੇ ਜੀ,

ਸਤਿਗੁਰ ਜੀ ਦਾ ਵਾਕ :—

"ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ ॥
ਨਾਨਕ ਜਨਿ ਵੀਚਾਰਿਆ ਮੀਠਾ ਹਰਿ ਕਾ ਨਾਉ ॥"

(ਵਾਰ ਗਉੜੀ ਮ: 5–11)

ਇਸ ਕਓੜੱਤਣ ਨੂੰ ਮਿਠਾ ਜਾਣ ਕੇ ਜਗਤ ਖਾ ਰਿਹਾ ਹੈ ਤੇ ਦੁਖੀ ਹੋ ਰਿਹਾ ਹੈ, ਪਰ ਮਿੱਠਾ ਪਰਮੇਸ਼ਵਰ ਦਾ ਨਾਓਂ ਹੈ ਜੋ ਇਸ ਕਉੜੱਤਣ ਤੋਂ ਛੁਡਾ ਕੇ ਆਪਣੇ ਵਿਚ ਲਾ ਲੈਂਦਾ ਹੈ। ਫਿਰ ਇਸ ਦਾ ਸੁਆਦ ਮਿੱਠਾ ਮਿੱਠਾ ਲਗਦਾ ਹੈ ਤੇ ਕਉੜੀ ਸ਼ੈ ਨੂੰ ਫੇਰ ਮਿੱਠੀ ਨਹੀਂ ਲਗਣ ਦੇਂਦਾ। ਇਸ ਮਿਠਾਸ ਦੇ ਪ੍ਰੇਮੀ ਨੂੰ ਚਾਹੀਦਾ ਹੈ ਕਿ ਸਵੇਰੇ ਗੁਰੂ ਮਹਾਰਾਜ ਜੀ ਦਾ ਵਾਕ ਲਵੇ, ਜੋ ਸਬਦ ਆ ਜਾਵੇ ਸਮਝੇ ਕਿ ਅਜ ਦਾ ਉਪਦੇਸ਼ ਇਹ ਗੁਰੂ ਜੀ ਤੋਂ ਮਿਲਿਆ ਹੈ। ਉਸ ਨੂੰ ਸਮਝ ਵੀਚਾਰ ਕੇ ਪੱਲੇ ਬੰਨ੍ਹੇ ਤੇ ਸਾਰਾ ਦਿਨ ਉਸ ਤੇ ਅਮਲ ਕਰੇ।

ਦਿੱਸਣ ਵਾਲੇ ਸਾਰੇ ਪਦਾਰਥਾ ਤੋਂ ਮਨ ਨੂੰ ਮੋੜ **ਮੋੜ ਕੇ ਅੰਦਰ** ਵਾਰ ਕਰਨਾ ਹੈ ਤੇ ਸਾਂਈ ਦੀ ਯਾਦ ਵਿਚ ਲਾਉਣਾ ਹੈ। ਮਨ ਨੇ ਪਦਾਰਥਾਂ ਵਲ **ਧਾਉਣਾ ਹੈ** ਕਿਉਂਕਿ ਸ਼ਰੀਰ ਹੋਣ ਕਰਕੇ ਮਨ ਨੂੰ ਪਦਾਰਥਾਂ ਦੀ ਲੋੜ ਹੈ ਤੇ ਲੋੜ ਹੋਣ ਕਰਕੇ ਖਿੱਚ ਹੈ। ਤੇ ਸਦਾ ਖਿੱਚ ਦਾ ਅਭਿਆਸ ਹੁੰਦਾ ਰਹਿਣ ਕਰ ਕੇ ਇਹ ਖਿੱਚ ਸੁਭਾਵ ਭੂਤ ਹੋ ਜਾਂਦੀ ਹੈ। ਫੇਰ ਮੰਤ੍ਰ ਬਿਲੌੜੇ ਮਨ ਪਦਾਰਥਾਂ ਵਿਚ ਧਾਂਵਦਾ ਰਹਿੰਦਾ ਹੈ। ਇਉਂ ਜੋ ਸੁਭਾਵ ਬਣ ਜਾਂਦਾ ਹੈ ਉਹ ਉਲਟ ਅਭਯਾਸ ਨਾਲ ਬਦਲਦਾ ਹੈ। ਉਹ ਹੈ ਇਸ ਨੂੰ ਪਦਾਰਥਾਂ ਵਲ ਧਾਉਣ ਤੋਂ ਰੋਕ ਰੋਕ ਕੇ ਸਾਂਈ ਵਲ ਪਾਉਣਾ। ਇਉਂ ਇਹ ਅੰਦਰਵਾਰ ਨੂੰ ਰੁਖ ਕਰਦਾ ਆਪੇ ਵਿਚ ਟਿਕਦਾ ਹੈ ਤੇ ਆਪੇ ਦੇ ਮੂਲ ਨੂੰ ਪਛਾਣਦਾ ਹੈ।

"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ"

ਇਸ ਦਾ ਸਾਧਨ ਹੈ ਨਾਮ ਨਾਮ ਦੇ ਅਭਿਆਸ ਨਾਲ ਮਨ ਅੰਦਰ ਨੂੰ ਜਾਂਦਾ ਹੈ ਤੇ ਸਾਂਈਆਂ ਜੀਓ ਵਿਚ ਟਿਕਦਾ ਹੈ।

ਦੂਸਰਾ ਹੈ ਵੈਰਾਗ ਦਾ ਅਭਯਾਸ। ਇਸ ਮਨ ਨੂੰ ਵੀਚਾਰ ਨਾਲ ਸਮਝ ਦੇਂਦੇ ਰਹਿਣਾ ਕਿ ਜਿਤਨੀ ਕੁ ਲੋੜ ਤੇਰੇ ਸ਼ਰੀਰ ਨੂੰ ਪਦਾਰਥਾਂ ਦੀ ਹੈ ਸਾਂਈ ਨੇ ਦਿੱਤੇ ਹੋਏ ਹਨ। ਵਾਧੂ ਪਦਾਰਥਾਂ ਵਲ ਸੁਭਾਵ ਵਸ ਹੋ ਕੇ ਭਜਦੇ ਰਹਿਣਾ ਤ੍ਰਿਸ਼ਨਾ ਤੇ ਵਾਸ਼ਨਾ ਵਿਚ ਉਡਦੇ ਰਹਿਣਾ ਆਪਣੀਆਂ ਤਾਕਤਾਂ ਨੂੰ ਜ਼ਾਯਲ ਕਰਦੇ ਰਹਿਣਾ ਹੈ, ਪੱਲੇ ਕੁਛ ਨਹੀਂ ਬੱਝਦਾ।

ਸੁਰਤ ਨੂੰ ਹਾਂਢ ਹੁੰਦੀ ਹੈ, ਥਕਾਨ ਪੱਲੇ ਧੌਂਦੀ ਹੈ। ਤਾਂ ਤੇ ਤ੍ਰਿਸ਼ਨਾ ਦੇ ਮਗਰ ਉਡਣਾ ਛਡੋ। ਫੇਰ ਪ੍ਰਯੱਤਨ ਨਾਲ ਜੋੜੇ ਲੱਭੇ ਪਦਾਰਥ ਸਾਰੇ ਅੰਤ ਛਡਣੇ ਪੈਂਦੇ ਹਨ। ਨਾਲ ਨਹੀਂ ਜਾਂਦੇ, ਨਾਲ ਨਾ ਜਾਣ ਵਾਲੇ ਦੇ ਮਗਰ ਨਾ ਧਾ ਤੇ ਨਾਲ ਜਾਣ ਵਾਲੇ ਦੇ ਮਗਰ ਪਿਆ ਰਹੁ। ਨਾਲ ਜਾਣੇ ਵਾਲਾ ਹੈ ਪਰਮੇਸ਼ਰ ਜੀ ਦਾ ਨਾਮ। ਸੋ ਭਉਂ ਚਉਂ ਕੇ ਇਸੇ ਤੇ ਆ ਕੇ ਟਿਕ। ਇਸ ਤਰ੍ਹਾਂ ਦੇ ਵੀਚਾਰ ਵੈਰਾਗ ਵਿਚ ਸਹਾਇਕ ਹੁੰਦੇ ਹਨ । ਜਦੋਂ ਇਨ੍ਹਾਂ ਯਤਨਾਂ ਨਾਲ ਮਨ ਆਪੇ ਵਿਚ ਕੱਠਾ ਹੁੰਦਾ ਹੁੰਦਾ ਸਾਈਂ ਤੇ ਟਿਕਦਾ ਹੈ ਤਾਂ ਸੁਖੀ ਹੁੰਦਾ ਹੈ।

—ਵੀਰ ਸਿੰਘ

PRINTED AT : PANJAB UNIVERSITY PRESS, CHANDIGARH
P.U.P. (355)–1000+4P./23-8-2006

ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ
ਚੰਡੀਗੜ੍ਹ